ਅੰਗ ੫੩੭ = ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਸਰਬ ਸ਼ਕਤੀਮਾਨ ਇਕ ਪ੍ਰਭੂ, (ਉਸ ਦਾ) ਨਾਮ ਸਦਾ ਰਹਿਣ ਵਾਲਾ ਹੈ, (ਸਭ ਨੂੰ) ਪੈਦਾ ਕਰਨ ਵਾਲੀ ਹਸਤੀ ਹੈ, ਭੈ ਰਹਿਤ ਤੇ ਵੈਰ ਰਹਿਤ ਹੈ, ਕਾਲ ਰਹਿਤ ਹਸਤੀ, ਜੋਨੀਆਂ ਤੋਂ ਰਹਿਤ ਹੈ, ਅਪਣੇ ਆਪ ਤੋਂ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।
ਰਾਗੁ ਬਿਹਾਗੜਾ ਚਉਪਦੇ ਮਹਲਾ ੫ ਘਰੁ ੨ ॥ ਦੂਤਨ ਸੰਗਰੀਆ ॥ ਭੁਇਅੰਗਨਿ ਬਸਰੀਆ ॥ ਅਨਿਕ ਉਪਰੀਆ ॥੧॥ ਤਉ ਮੈ ਹਰਿ ਹਰਿ ਕਰੀਆ ॥ ਤਉ ਸੁਖ ਸਹਜਰੀਆ ॥੧॥ਰਹਾਉ॥ ਮਿਥਨ ਮੋਹਰੀਆ ॥ ਅਨ ਕਉ ਮੇਰੀਆ ॥ ਵਿਚਿ ਘੂਮਨ ਘਿਰੀਆ ॥੨॥ ਸਗਲ ਬਟਰੀਆ ॥ ਬਿਰਖ ਇਕ ਤਰੀਆ ॥ ਬਹੁ ਬੰਧਹਿ ਪਰੀਆ ॥੩॥ ਥਿਰੁ ਸਾਧ ਸਫਰੀਆ ॥ ਜਹ ਕੀਰਤਨੁ ਹਰੀਆ ॥ ਨਾਨਕ ਸਰਨਰੀਆ ॥੪॥੧॥ (ਕਾਮਾਦਿਕ) ਦੂਤਾਂ ਦਾ ਜੋ ਸੰਗ ਹੈ, ਉਹ ਸੱਪਾਂ ਨਾਲ ਵਸਣ ਵਾਂਗ ਹੈ।(ਦੂਤਾਂ ਤੋਂ ਬਚਣ ਲਈ) ਅਨੇਕਾਂ ਇਲਾਜ ਕੀਤੇ; (ਇਹ ਦੂਤ) ਅਨੇਕਾਂ ਲੋਕਾਂ ਨੂੰ ਪੁੱਟ (ਉਖੇੜ) ਦੇਣ ਵਾਲੇ ਹਨ।੧।ਤਦ (ਅੰਤ ਨੂੰ) ਮੈ ਹਰਿ ਹਰਿ ਦਾ ਸਿਮਰਨ ਕੀਤਾ।ਤਦ (ਮੈਨੂੰ) ਆਤਮਕ ਵਾਲਾ ਸੁਖ ਮਿਲਿਆ।੧।ਰਹਾਉ।(ਜੋ ਮਨੁੱਖ) ਝੂਠੇ ਮੋਹ ਵਾਲਾ ਹੈ (ਮੋਹ ਵਿਚ ਫਸਿਆ ਹੋਇਆ ਹੈ)।ਹੋਰ ਦੂਜੇ ਪਦਾਰਥਾਂ (ਜੋ ਅਪਣੇ ਨਹੀਂ ਹਨ, ਉਨ੍ਹਾਂ) ਦੀ ਮੇਰ ਕਰਨ ਵਾਲਾ ਹੈ।(ਇਸ ਤਰ੍ਹਾਂ ਉਹ ਤਿੰਨ ਗੁਣਾਂ ਦੀ) ਘੁੰਮਣ ਘੇਰੀ ਵਿਚ ਘਿਰਿਆ ਹੋਇਆ ਹੈ।੨।(ਸੰਸਾਰ ਵਿਚ) ਸਾਰੇ ਜੀਵ ਰਾਹੀ ਹਨ।ਜੋ ਇਕ (ਸੰਸਾਰ ਰੂਪ) ਬ੍ਰਿਛ ਹੇਠਾਂ ਆ ਇਕੱਠੇ ਹੁੰਦੇ ਹਨ।(ਪਰ ਇਕ ਦੂਜੇ ਨਾਲ ਮੋਹ ਪਾ ਕੇ) ਬਹੁਤ ਬੰਧਨਾਂ ਵਿਚ ਪੈ ਜਾਂਦੇ ਹਨ।੩।(ਸੰਸਾਰ ਵਿਚ) ਸਾਧ ਸੰਗਤ ਸਥਿਰ ਰਹਿਣ ਵਾਲੀ ਹੈ।ਜਿਥੇ ਹਰੀ ਦਾ ਕੀਰਤਨ ਹੁੰਦਾ ਹੈ।ਨਾਨਕ ਨੇ (ਉਸ ਸਾਧ ਸੰਗਤ ਦੀ) ਸ਼ਰਨ ਲਈ ਹੈ।੪।੧।
ਅਨਕ ਉਮੇਰੀਆ = (ਉਹ) ਅਨੇਕ ਤਰ੍ਹਾਂ ਦੀ ਮੇਰੀ ਮੇਰੀ ਕਰਦਾ ਰਹਿੰਦਾ ਹੈ (ਇਸ ਤਰ੍ਹਾਂ ਦਾ ਪਾਠ ਵੀ ਹੈ)।
ਪਦਾਰਥ = ਦੂਤਨ-ਕਾਮਾਦਿਕ ਵੈਰੀਆਂ ਦੀ।ਸੰਗਰੀਆ-ਸੰਗਤ।ਭੁਇਅੰਗਨਿ-ਸੱਪਾਂ ਨਾਲ।ਬਸਰੀਆ-ਵਾਸਾ।ਉਪਰੀਆ-ਉਪਾਉ ;ਇਲਾਜ; ਉਪਾੜ (ਪੁੱਟ) ਦੇਣ ਵਾਲੇ।੧।ਤਉ-ਤਦ।ਕਰੀਆ-ਕੀਤਾ।ਸੁਖ ਸਹਜਰੀਆ-ਆਤਮਕ ਸੁਖ।੧।ਰਹਾਉ।ਮਿਥਨ-ਝੂਠਾ।ਮੋਹਰੀਆ-ਮੋਹ ਵਾਲਾ।ਅਨ ਕਉ-ਹੋਰ ਦੂਜੇ (ਪਦਾਰਥਾਂ) ਨੂੰ।ਮੇਰੀਆ-ਮੇਰੀ ਮੇਰੀ ਕਰਨ ਵਾਲਾ।ਘੂਮਨ ਘਿਰੀਆ-ਘੁੰਮਣ ਘੇਰੀ ਵਿਚ ਘਿਰਿਆ (ਫਸਿਆ) ਹੈ; ਚੁਰਾਸੀ ਦਾ ਗੇੜ।੨।ਸਗਲ-ਸਾਰੇ।ਬਟਰੀਆ-ਵਾਟ ਚਲਣ ਵਾਲੇ ਰਾਹੀ।ਬਿਰਖ-ਦਰੱਖਤ। ਇਕ ਤਰੀਆ-ਇਕ ਦੇ ਤਲੇ (ਹੇਠਾਂ); ਇਕੱਤ੍ਰ ਹਨ।ਬਹੁ-ਬਹੁਤ।ਬੰਧਹਿ-ਬੰਧਨਾਂ ਵਿਚ।ਪਰੀਆ-ਪੈਂਦੇ ਹਨ।੩।ਥਿਰੁ-ਸਥਿਰ; ਸਦਾ ਟਿਕੇ ਰਹਿਣ ਵਾਲਾ।ਸਫਰੀਆ-(ਸਫ ਉਤੇ ਬੈਠਣ ਵਾਲੀ) ਸਭਾ।ਹਰੀਆ-ਹਰੀ ਦਾ।ਸਰਨਰੀਆ-ਸ਼ਰਨ ਵਿਚ।੪।੧।
ੴ ਸਤਿਗੁਰ ਪ੍ਰਸਾਦਿ ॥ ਰਾਗੁ ਬਿਹਾਗੜਾ ਮਹਲਾ ੯ ॥ ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ, ਅਰੁ ਬਹੁ ਲੋਗ ਸਿਆਨੇ ॥੧॥ਰਹਾਉ॥ ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ ॥ ਰੀਤੇ ਭਰੇ ਭਰੇ ਸਖਨਾਵੈ, ਯਹ ਤਾ ਕੋ ਬਿਵਹਾਰੇ ॥੧॥ ਅਪਨੀ ਮਾਇਆ ਆਪਿ ਪਸਾਰੀ, ਆਪਹਿ ਦੇਖਨਹਾਰਾ ॥ ਨਾਨਾ ਰੂਪ ਧਰੇ ਬਹੁ ਰੰਗੀ, ਸਭ ਤੇ ਰਹੈ ਨਿਆਰਾ ॥੨॥ ਅਗਨਤ ਅਪਾਰੁ ਅਲਖ ਨਿਰੰਜਨ, ਜਿਹ ਸਭ ਜਗੁ ਭਰਮਾਇਓ ॥ ਸਗਲ ਭਰਮ ਤਜਿ ਨਾਨਕ ਪ੍ਰਾਣੀ, ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥ ਹਰੀ ਦੀ ਲੀਲ੍ਹਾ ਨੂੰ ਕੋਈ ਨਹੀਂ ਜਾਣਦਾ।(ਵੱਡੇ ਵੱਡੇ) ਜੋਗੀ, ਜਤੀ, ਤਪੀ ਅਤੇ ਹੋਰ ਵੀ ਬਹੁਤ ਸਿਆਣੇ ਲੋਕ ਖਪ ਖਪ ਕੇ ਹਾਰ ਗਏ (ਜਾਚਣ ਦਾ ਜਤਨ ਤੇ ਮਿਹਨਤਾਂ ਕਰਦੇ ਥੱਕ ਗਏ, ਪਰ ਜਾਣ ਨਹੀਂ ਸਕੇ)।੧।ਰਹਾਉ।(ਉਹ ਪ੍ਰਭੂ ਐਸਾ ਹੈ ਜੋ) ਇਕ ਖਿਨ ਵਿਚ ਕੰਗਾਲ ਮਨੁੱਖ ਨੂੰ ਰਾਜਾ ਕਰ ਦੇਂਦਾ ਹੈ ਤੇ ਰਾਜੇ ਨੂੰ ਕੰਗਾਲ ਕਰ ਸੁੱਟਦਾ ਹੈ।ਖਾਲੀ ਭਾਂਡਿਆਂ ਨੂੰ ਭਰ ਦੇਂਦਾ ਹੈ ਅਤੇ ਭਰੇ ਹੋਇਆਂ ਨੂੰ ਖਾਲੀ ਕਰ ਦੇਂਦਾ ਹੈ, ਇਹ ਉਸ (ਪ੍ਰਭੂ) ਦਾ ਕੰਮ ਹੈ।੧।(ਸਾਰੇ ਕੰਮ ਮਾਇਆ ਰਾਹੀਂ ਕਰਦਾ ਹੈ, ਉਸ ਨੇ) ਅਪਣੀ ਮਾਇਆ ਆਪ ਪਸਾਰੀ ਹੋਈ ਹੈ ਅਤੇ ਆਪ ਹੀ (ਜਗਤ ਦੇ ਖੇਲ ਨੂੰ) ਦੇਖਣ ਵਾਲਾ ਹੈ।(ਉਹ) ਅਨੇਕਾਂ ਰੂਪ ਧਾਰਦਾ ਹੈ, ਜੋ ਬਹੁਤ ਰੰਗਾਂ ਵਾਲੇ ਹਨ ਅਤੇ (ਫਿਰ) ਸਭ ਤੋਂ ਵੱਖਰਾ ਰਹਿੰਦਾ ਹੈ।੨।(ਉਹ) ਬੇਸ਼ੁਮਾਰ, ਪਾਰ ਰਹਿਤ, ਸਮਝ ਸੋਚ ਤੋਂ ਪਰੇ ਅਤੇ ਮਾਇਆ ਤੋਂ ਰਹਿਤ ਹੈ, ਜਿਸ ਨੇ ਸਾਰੇ ਜਗਤ ਨੂੰ ਭਰਮਾਇਆ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਾਣੀ! (ਅਸੀਂ) ਸਾਰੇ ਭਰਮ ਵਹਿਮ ਛਡ ਕੇ ਉਸ (ਹਰੀ) ਦੇ ਚਰਨਾਂ ਵਿਚ ਚਿਤ ਲਾਇਆ ਹੋਇਆ ਹੈ।੩।੧।੨।
ਪਦਾਰਥ = ਗਤਿ-ਖੇਡ (ਮ.ਕੋ.); ਅਵਸਥਾ; (ਜਗਤ ਨੂੰ ਪੈਦਾ ਕਰਨ, ਪਾਲਣ ਪੋਸਣ, ਤੇ ਲੈ ਕਰਨ ਦੀ) ਰੀਤ।ਕੋਊ-ਕੋਈ ਵੀ। ਪਚਿ ਹਾਰੇ-ਖਪ ਕੇ ਥੱਕ ਗਏ।ਅਰੁ-ਅਤੇ।ਬਹੁ-ਬਹੁਤ।ਲੋਗ ਸਿਆਨੇ-ਸਮਝਦਾਰ ਲੋਕ।੧।ਰਹਾਉ।ਛਿਨ ਮਹਿ-ਇਕ ਖਿਨ ਵਿਚ ।ਰਾਉ-ਰਾਜਾ।ਰੰਕ ਕਉ-ਕੰਗਾਲ ਨੂੰ।ਕਰਈ-ਕਰ (ਬਣਾ) ਦੇਂਦਾ ਹੈ।ਕਰਿ ਡਾਰੇ-ਕਰ ਸੁੱਟਦਾ ਹੈ।ਰੀਤੇ-ਖਾਲੀ।ਸਖਨਾਵੈ-ਖਾਲੀ ਕਰ ਦੇਂਦਾ ਹੈ।ਯਹ-ਇਹ।ਤਾ ਕੋ-ਉਸ ਦਾ।ਬਿਵਹਾਰੇ-ਕੰਮ; ਤਰੀਕਾ; ਸੁਭਾਵ।੧।ਪਸਾਰੀ-ਖਿਲਾਰੀ ਹੈ।ਆਪਹਿ-ਆਪ ਹੀ।

ਦੇਖਨਹਾਰਾ–(ਜਗਤ ਖੇਲ ਨੂੰ) ਦੇਖਣ ਵਾਲਾ।ਨਾਨਾ–ਬਹੁਤ ਤਰ੍ਹਾਂ ਦੇ।ਰੂਪ–ਸ਼ਕਲਾਂ।ਬਹੁ ਰੰਗੀ–ਬਹੁਤ ਰੰਗਾਂ ਵਾਲਾ; ਮੌਜੀ।ਤੇ–ਤੋਂ।ਰਹੈ ਨਿਆਰਾ–ਵੱਖਰਾ (ਨਿਰਲੇਪ) ਰਹਿੰਦਾ ਹੈ।੨।ਅਗਨਤ–ਗਿਣਤੀ ਰਹਿਤ (ਬੇਸ਼ੁਮਾਰ)।ਅਪਾਰੁ–ਪਾਰ ਰਹਿਤ।ਅਲਖ–(ਮਨੁੱਖੀ ਮਨ ਦੀ) ਸਮਝ ਤੋਂ ਪਰੇ।ਨਿਰੰਜਨ–ਮਾਇਆ ਤੋਂ ਰਹਿਤ।ਜਿਹ–ਜਿਸ ਨੇ।ਭਰਮਾਇਓ–(ਮਾਇਆ ਵਿਚ ਲਾ ਕੇ) ਕੁਰਾਹੇ ਪਾਇਆ ਹੋਇਆ ਹੈ।ਤਜਿ–ਛਡ ਕੇ।ਤਾਹਿ ਚਰਨਿ–ਉਸ ਦੇ ਚਰਨਾਂ ਵਿਚ।ਲਾਇਓ–ਲਾਇਆ (ਜੋੜਿਆ) ਹੈ।੩।੧।੨।

ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ, ਗੁਰਮੁਖਿ ਨਾਮੁ ਅਮੋਲੇ ਰਾਮ ॥ (ਹਰੀ ਨਾਲ ਮਿਲਾਪ ਗੁਰੂ ਰਾਹੀਂ ਹੁੰਦਾ ਹੈ) ਹੇ ਮੇਰੀ ਜਿੰਦੇ! ਹਰਿ ਹਰਿ ਨਾਮ ਸਿਮਰਨਾ ਚਾਹੀਦਾ ਹੈ, (ਇਹ) ਨਾਮ ਅਮੋਲਕ ਹੈ, ਜੋ ਗੁਰੂ ਦੀ ਸ਼ਰਣ ਵਿਚ ਪੈ ਕੇ ਮਿਲਦਾ ਹੈ।

ਅੰਗ ੫੩੮ = ਹਰਿ ਰਸਿ ਬੀਧਾ ਹਰਿ ਮਨੁ ਪਿਆਰਾ, ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥ ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ, ਅਨਤ ਨ ਕਾਹੂ ਡੋਲੇ ਰਾਮ ॥ ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ, ਗੁਣ ਨਾਨਕ ਬਾਣੀ ਬੋਲੇ ਰਾਮ ॥੧॥ ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ, ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥ ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ, ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥ ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ, ਗਲਿ ਮਿਲਿਆ ਸਹਜਿ ਸੁਭਾਏ ਰਾਮ ॥ ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ, ਅਨਹਤ ਸਬਦ ਵਜਾਏ ਰਾਮ ॥੨॥ (ਜਿਸ ਮਨੁੱਖ ਦਾ) ਮਨ ਹਰੀ ਰਸ ਨਾਲ ਵਿੰਨ੍ਹਿਆ ਹੋਇਆ ਹੈ, (ਉਸ ਦੇ) ਮਨ ਨੂੰ ਹਰੀ ਪਿਆਰਾ ਲਗਦਾ ਹੈ, (ਫਿਰ ਉਹ) ਮਨ ਹਰੀ ਦੇ ਨਾਮ ਰਸ ਵਿਚ ਡੁਬਕੀਆਂ ਮਾਰਦਾ ਹੈ।ਹੇ ਮੇਰੀ ਜਿੰਦੇ! ਜੇ ਗੁਰੂ ਦੀ ਸਿੱਖਿਆ ਤੇ ਚਲ ਕੇ ਮਨ ਨੂੰ ਟਿਕਾ ਲਈਏ, ਤਾਂ ਮਨ ਹੋਰ ਕਿਸੇ ਪਾਸੇ ਨਹੀਂ ਡੋਲਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਨੇ) ਮਨ ਇੱਛਤ ਫਲ ਪ੍ਰਾਪਤ ਕਰ ਲਿਆ ਹੈ ਜੋ ਹਰੀ ਪ੍ਰਭੂ ਦੇ ਗੁਣਾਂ ਵਾਲੀ ਬਾਣੀ ਉਚਾਰਦਾ ਹੈ।੧।ਹੇ ਮੇਰੀ ਜਿੰਦੇ! (ਜਿਸ ਮਨੁੱਖ ਦੇ) ਮਨ ਵਿਚ ਗੁਰੂ ਦੀ ਸਿੱਖਿਆ ਦੁਆਰਾ ਅੰਮ੍ਰਿਤ ਨਾਮ ਵਸ ਗਿਆ ਹੈ, ਉਹ ਮੂੰਹ ਨਾਲ ਵੀ ਅੰਮ੍ਰਿਤ ਬਚਨ ਉਚਾਰਦਾ (ਅੰਮਿਤ ਨਾਮ ਜਪਦਾ) ਹੈ।ਹੇ ਮੇਰੀ ਜਿੰਦੇ! ਭਗਤ ਜਨਾਂ ਦੀ ਬਾਣੀ ਅੰਮ੍ਰਿਤ ਰੂਪ ਹੈ, (ਜੇ ਇਹ) ਮਨ ਨਾਲ ਸੁਣੀਏ ਤਾਂ (ਇਹ ਬਾਣੀ) ਹਰੀ ਨਾਲ ਲਿਵ ਲਾ ਦੇਂਦੀ ਹੈ।(ਫਿਰ ਇਉਂ ਪ੍ਰਤੀਤ ਹੁੰਦਾ ਹੈ ਕਿ) ਚਿਰਾਂ ਤੋਂ ਵਿਛੜਿਆ ਹਰੀ ਪ੍ਰਭੂ ਪ੍ਰਾਪਤ ਹੋ ਗਿਆ ਹੈ ਅਤੇ ਸਹਿਜ ਸੁਭਾਵਕ ਗਲ ਨਾਲ ਮਿਲਿਆ ਹੈ।ਦਾਸ ਨਾਨਕ ਆਖਦਾ ਹੈ ਕਿ ਮੇਰੀ ਜਿੰਦੇ! (ਪ੍ਰਭੂ ਦੇ ਮਿਲਣ ਨਾਲ) ਮਨ ਵਿਚ ਅਨੰਦ ਪ੍ਰਾਪਤ ਹੋ ਜਾਂਦਾ ਹੈ ਅਤੇ ਲਗਾਤਾਰ ਇਕ ਰਸ ਵਾਜੇ ਵੱਜਣ ਲਗ ਪੈਂਦੇ ਹਨ।੨।

ਪਦਾਰਥ = ਜਿੰਦੜੀਏ–ਹੇ ਜਿੰਦੇ!।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਅਮੋਲੇ–ਅਮੋਲਕ।ਰਸਿ–ਰਸ (ਅਨੰਦ) ਵਿਚ।ਬੀਧਾ–ਵਿਨ੍ਹਿਆ (ਸਿਉਂਤਾ) ਹੋਇਆ।ਰਸਿ ਨਾਮਿ–ਨਾਮ ਰਸ ਵਿਚ।ਝਕੋਲੇ–ਚੁੱਭੀਆਂ ਲਾਉਂਦਾ ਹੈ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਠਹਰਾਈਐ–ਟਿਕਾ ਲਈਏ।ਅਨਤ ਕਾਹੂ–ਹੋਰ ਕਿਸੇ ਪਾਸੇ।ਮਨ ਚਿੰਦਿਅੜਾ–ਮਨ ਇੱਛਤ।੧।ਮਨਿ–ਮਨ ਵਿਚ।ਵੁਠੜਾ–ਵਸ ਗਿਆ ਹੈ।ਮੁਖਿ–ਮੂੰਹ ਨਾਲ।ਬੈਣ–ਬਚਨ (ਸ਼ਬਦ)।ਅਲਾਏ–ਉਚਾਰਦਾ ਹੈ।ਲਿਵ ਲਾਏ–ਧਿਆਨ ਜੋੜ ਦਿੰਦੀ ਹੈ।ਚਿਰੀ ਵਿਛੁੰਨਾ–ਚਿਰਾਂ ਦਾ ਵਿਛੜਿਆ ਹੋਇਆ।ਗਲਿ–ਗਲ ਨਾਲ।ਸਹਜਿ ਸੁਭਾਏ–ਸਹਿਜ ਸੁਭਾਵਕ।ਭਇਆ–ਹੋ ਗਿਆ।ਅਨਹਤ ਸਬਦ–ਬਿਨਾ ਵਜਾਏ ਅਪਣੇ ਆਪ ਵਜਣ ਵਾਲਾ ਸ਼ਬਦ; ਇਕ ਰਸ ਲਗਾਤਾਰ ਵੱਜਣ ਵਾਲਾ ਸ਼ਬਦ।੨।

ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ, ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥ ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ, ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥ ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ, ਮਨ ਚਿੰਦਿਅੜਾ ਫਲੁ ਪਾਵੈ ਰਾਮ ॥ ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ, ਵਡਭਾਗੀ ਨਾਮੁ ਧਿਆਵੈ ਰਾਮ ॥੩॥ ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ, ਗੁਰਮਤਿ ਨਾਮੁ ਪਰਗਾਸੇ ਰਾਮ ॥ ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ, ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥ ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ, ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥ ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ, ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥ ਹੇ ਮੇਰੀ ਜਿੰਦੇ! ਕੋਈ (ਗੁਰਮੁਖ ਰੂਪ) ਮੇਰੀ ਪਿਆਰੀ ਸਹੇਲੀ (ਮੈਨੂੰ) ਆ ਕੇ ਹਰੀ ਪ੍ਰਭੂ ਨਾਲ ਮਿਲਾ ਦੇਵੇ।ਹੇ ਮੇਰੀ ਜਿੰਦੇ! ਮੈ ਉਸ ਨੂੰ ਅਪਣਾ ਮਨ ਦੇ ਦੇਵਾਂ, ਜੋ ਮੈਨੂੰ ਹਰੀ ਪ੍ਰਭੂ ਦੀ ਹਰਿ ਹਰਿ ਨਾਮ ਵਾਲੀ ਕਥਾ ਸੁਣਾਵੇ।ਹੇ ਮੇਰੀ ਜਿੰਦੇ! ਗੁਰੂ ਦੁਆਰਾ ਤੂੰ ਸਦਾ ਹਰੀ ਦਾ ਸਿਮਰਨ ਕਰ, ਤਾਂ ਮਨ ਦਾ ਚਿਤਵਿਆ ਫਲ ਪਾ ਲਵੇਂਗੀ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! ਗੁਰੂ ਦੀ ਸ਼ਰਣ ਵਿਚ ਆ ਕੇ ਹਰੀ ਦਾ ਭਜਨ ਕਰ, (ਜੋ ਪੁਰਖ) ਨਾਮ ਸਿਮਰਦਾ ਹੈ, ਉਹ ਵੱਡੇ ਭਾਗਾਂ ਵਾਲਾ ਹੁੰਦਾ ਹੈ।੩।ਹੇ ਮੇਰੀ ਜਿੰਦੇ! ਤੂੰ ਅਰਦਾਸ ਕਰ ਕਿ ਹੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਆ ਮਿਲ ਅਤੇ ਗੁਰੂ ਦੀ

ਸਿਖਿਆ ਦੁਆਰਾ (ਮੇਰੇ ਹਿਰਦੇ ਵਿਚ ਅਪਣਾ) ਨਾਮ ਰੋਸ਼ਨ ਕਰ ਦੇਹ। ਹੇ ਮੇਰੀ ਜਿੰਦੇ! ਮੈਂ ਹਰੀ ਤੋਂ ਬਿਨਾ ਉਦਾਸ ਰਹਿੰਦਾ ਹਾਂ, ਜਿਵੇਂ ਜਲ ਤੋਂ ਬਿਨਾ ਕਮਲ ਉਦਾਸ ਰਹਿੰਦਾ (ਮੁਰਝਾ ਜਾਂਦਾ) ਹੈ। ਹੇ ਮੇਰੀ ਜਿੰਦੇ! ਪੂਰੇ ਗੁਰੂ ਨੇ (ਜਦ ਮੈਨੂੰ) ਹਰੀ ਸੱਜਣ ਮਿਲਾ ਦਿਤਾ, (ਤਦ ਜਾਣਿਆ ਕਿ) ਹਰੀ ਪ੍ਰਭੂ ਪਾਸ (ਅੰਗ ਸੰਗ) ਹੀ ਹੈ। ਹੇ ਮੇਰੀ ਜਿੰਦੇ! ਗੁਰੂ ਧੰਨ ਹੈ, ਧੰਨ ਹੈ (ਜਿਸ ਨੇ ਮੈਨੂੰ) ਹਰੀ (ਮੇਰੇ ਅੰਗ ਸੰਗ ਵਸਦਾ) ਦਸਿਆ ਹੈ ਅਤੇ (ਜਿਸ ਦੀ ਕ੍ਰਿਪਾ ਨਾਲ) ਨਾਨਕ ਵਰਗੇ ਦਾਸ ਨਾਮ ਦੁਆਰਾ ਖਿੜ ਗਏ ਹਨ।੪।੧।

ਪਦਾਰਥ = ਜਿੰਦੜੀਏ-ਹੇ ਜਿੰਦੇ!।ਆਣਿ-ਆ ਕੇ।ਹਉ-ਮੈਂ।ਦੇਵਉ-ਦੇ ਦੇਵਾਂ।ਗੁਰਮੁਖਿ-ਗੁਰੂ ਦੁਆਰਾ।ਅਰਾਧਿ-ਸਿਮਰ।ਮਨ ਚਿੰਦਿਅੜਾ-ਮਨ ਇੱਛਤ।ਭਜੁ-ਭਜਨ ਕਰ।ਸਰਣਾਗਤੀ-ਸ਼ਰਣ ਵਿਚ ਆ ਕੇ।੩।ਗੁਰਮਤਿ-ਗੁਰੂ ਦੀ ਸਿੱਖਿਆ ਦੁਆਰਾ।ਪਰਗਾਸੇ -ਰੋਸ਼ਨ (ਪਰਗਟ) ਕਰ ਦੇਹ।ਬਾਝੁ-ਬਿਨਾ।ਉਡੀਣੀਆ-ਉਦਾਸ।ਕਮਲ-ਕਮਲ ਦਾ ਫੁੱਲ।ਉਦਾਸੇ-ਉਦਾਸ; ਮੁਰਝਾ ਜਾਂਦਾ ਹੈ। ਗੁਰਿ ਪੂਰੈ-ਪੂਰੇ ਗੁਰੂ ਨੇ।ਪਾਸੇ-ਕੋਲ ਹੀ।ਧਨੁ ਧਨੁ-ਸਲਾਹੁਣ ਯੋਗ।ਬਿਗਾਸੇ-ਖਿੜ (ਖੁਸ਼; ਨਿਹਾਲ ਹੋ) ਗਏ।੪।੧।

ਵਿਆਖਿਆ = ਇਨ੍ਹਾਂ ਛੰਤਾਂ ਵਿਚ ਹਰੀ ਦਾ ਮਿਲਾਪ, ਪਿਆਰ, ਵੈਰਾਗ, ਨਾਮ ਰਸ, ਗੁਰੂ ਤੇ ਪ੍ਰਮੇਸ਼ਰ ਦੀ ਮੇਹਰ ਆਦਿ ਦਾ ਬਹੁਤ ਸੁੰਦਰ ਵਰਨਣ ਹੈ।ਕਰੀਬ ਕਰੀਬ ਹਰੇਕ ਤੁਕ ਵਿਚ ਮੇਰੀ ਜਿੰਦੁੜੀਏ ਤੇ ਅਖੀਰ ਵਿਚ ਰਾਮ ਪਦ ਅਸਚਰਜ ਰਸ ਤੇ ਕੋਮਲਤਾ ਦਾ ਭਾਵ ਪੈਦਾ ਕਰਦੇ ਹਨ।ਕਈ ਵਾਰ ਕਵਿਤਾ ਦੀ ਤੁਕ ਵਿਚ ਇਕ ਐਸਾ ਪਦ ਹੁੰਦਾ ਹੈ, ਜੋ ਤੁਕ ਦੇ ਪਦਾਂ ਦੀ ਪੂਰਤੀ ਤੇ ਸੁੰਦਰ ਲੈ ਪੈਦਾ ਕਰਦਾ ਹੈ।ਤਿਵੇਂ ਇਨ੍ਹਾਂ ਛੰਤਾਂ ਵਿਚ ਮੇਰੀ ਜਿੰਦੁੜੀਏ ਤੇ ਅਖੀਰ ਵਿਚ ਰਾਮ ਪਦ ਬਾਰ ਬਾਰ ਆਉਂਦਾ ਹੈ।

ਰਾਗੁ ਬਿਹਾਗੜਾ ਮਹਲਾ ੪ ॥ ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ, ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ, ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ, ਹਰਿ ਹਰਿ ਨਾਮੁ ਧਿਆਏ ਰਾਮ ॥ ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੜੀਏ, ਜਨ ਨਾਨਕ ਨਾਮਿ ਸਮਾਏ ਰਾਮ ॥੧॥ ਹਰਿ ਸੇਤੀ ਮਨੁ ਬੇਧਿਆ ਮੇਰੀ ਜਿੰਦੁੜੀਏ, ਜਿਉ ਬਾਲਕ ਲਗਿ ਦੁਧ ਖੀਰੇ ਰਾਮ ॥ ਹਰਿ ਬਿਨੁ ਸਾਂਤਿ ਨ ਪਾਈਐ ਮੇਰੀ ਜਿੰਦੁੜੀਏ, ਜਿਉ ਚਾਤ੍ਰਿਕੁ ਜਲ ਬਿਨੁ ਟੇਰੇ ਰਾਮ ॥ ਸਤਿਗੁਰ ਸਰਣੀ ਜਾਇ ਪਉ ਮੇਰੀ ਜਿੰਦੁੜੀਏ, ਗੁਣ ਦਸੇ ਹਰਿ ਪ੍ਰਭ ਕੇਰੇ ਰਾਮ ॥ ਜਨ ਨਾਨਕ ਹਰਿ ਮੇਲਾਇਆ ਮੇਰੀ ਜਿੰਦੁੜੀਏ, ਘਰਿ ਵਾਜੇ ਸਬਦ ਘਣੇਰੇ ਰਾਮ ॥੨॥ ਹੇ ਮੇਰੀ ਜਿੰਦੇ! ਹਰਿ ਹਰਿ ਨਾਮ ਅੰਮ੍ਰਿਤ ਰੂਪ ਹੈ, (ਇਹ) ਅੰਮ੍ਰਿਤ ਨਾਮ ਗੁਰੂ ਦੀ ਸਿੱਖਆ ਦੁਆਰਾ ਪ੍ਰਾਪਤ ਹੁੰਦਾ ਹੈ। ਹੇ ਮੇਰੀ ਜਿੰਦੇ! (ਮਨ ਦੇ ਅੰਦਰ ਦੀ) ਹਉਮੈ ਤੇ (ਬਾਹਰ ਦੀ) ਮਾਇਆ ਜਹਿਰ ਹੈ, ਹਰੀ ਦੇ ਅੰਮ੍ਰਿਤ ਨਾਮ ਜਪਣ ਨਾਲ (ਇਹ ਜਹਿਰ) ਉਤਰ ਜਾਂਦੀ ਹੈ। (ਜੋ ਮਨੁੱਖ) ਹਰਿ ਹਰਿ ਨਾਮ ਸਿਮਰਦਾ ਹੈ, (ਉਸ ਦਾ ਸ਼ੁੱਭ ਗੁਣਾਂ ਤੋਂ ਰਹਿਤ) ਸੁੱਕਾ ਮਨ ਹਰਾ ਭਰਾ (ਦੈਵੀ ਗੁਣਾਂ ਵਾਲਾ) ਹੋ ਗਿਆ ਹੈ। ਹੇ ਮੇਰੀ ਜਿੰਦੇ! (ਜਿਨ੍ਹਾਂ ਦੇ ਮੱਥੇ ਤੇ) ਹਰੀ ਨੇ ਵੱਡੇ ਭਾਗ ਲਿਖ ਕੇ ਪਾਏ ਹੋਏ ਸਨ, ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ) ਪੁਰਖ ਨਾਮ ਸਿਮਰਨ ਦੁਆਰਾ ਹਰੀ ਵਿਚ ਸਮਾ ਗਏ ਹਨ।੧। ਹੇ ਮੇਰੀ ਜਿੰਦੇ! ਮੇਰਾ ਮਨ ਹਰੀ ਨਾਲ ਵਿੰਨ੍ਹਿਆ ਗਿਆ ਹੈ. ਜਿਵੇਂ ਦੁੱਧ ਨਾਲ ਲਗ ਕੇ ਬੱਚਾ ਦੁੱਧ ਚੁੰਘਦਾ ਹੈ। ਹੇ ਮੇਰੀ ਜਿੰਦੇ! ਹਰੀ ਤੋਂ ਬਿਨਾ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਜਿਵੇਂ ਚਾਤ੍ਰਿਕ ਜਲ (ਸ੍ਵਾਂਤੀ ਬੂੰਦ) ਤੋਂ ਬਿਨਾ ਪੁਕਾਰਦਾ ਰਹਿੰਦਾ ਹੈ। ਹੇ ਮੇਰੀ ਜਿੰਦੇ! ਸਤਿਗੁਰੂ ਦੀ ਸ਼ਰਣੀ ਜਾ ਪੈ, (ਸਤਿਗੁਰੂ ਤੈਨੂੰ) ਹਰੀ ਪ੍ਰਭੂ ਦੇ (ਮਿਲਾਪ ਵਾਲੇ) ਗੁਣ ਦੱਸਣਗੇ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ) ਪੁਰਖ ਨੂੰ ਗੁਰੂ ਨੇ ਹਰੀ ਪ੍ਰਭੂ ਨਾਲ ਮਿਲਾ ਦਿਤਾ ਹੈ, (ਉਸ ਦੇ) ਹਿਰਦੇ ਵਿਚ ਅਨੇਕਾਂ ਤਰ੍ਹਾਂ ਦੇ ਸ਼ਬਦ ਵੱਜਦੇ ਹਨ (ਮਨ ਵਿਚ ਬਹੁਤ ਖੁਸ਼ੀ ਹੋਈ ਹੈ)। ੨।

ਪਦਾਰਥ = ਅੰਮ੍ਰਿਤੁ-ਮੌਤ ਤੋਂ ਰਹਿਤ ਕਰ ਦੇਣ ਵਾਲਾ।ਜਿੰਦੜੀਏ-ਹੇ ਜਿੰਦੇ!।ਗੁਰਮਤਿ-ਗੁਰੂ ਦੀ ਸਿੱਖਿਆ ਦੁਆਰਾ।ਬਿਖੁ-ਜਹਿਰ ।ਲਹਿ ਜਾਏ-ਉਤਰ ਜਾਂਦੀ ਹੈ।ਹਰਿਆ-ਹਰਾ ਭਰਾ।ਜਨ-ਮਨੁੱਖ।ਨਾਮਿ-ਨਾਮ ਸਿਮਰਨ ਦੁਆਰਾ।ਸਮਾਏ-ਮਿਲ (ਲੀਨ ਹੋ) ਗਏ ।੧।ਸੇਤੀ-ਨਾਲ।ਬੇਧਿਆ-ਸਿਉਂਤਾ ਗਿਆ; ਜੁੜਿਆ ਹੈ।ਖੀਰੇ-ਦੁੱਧ ਨਾਲ।ਚਾਤ੍ਰਿਕੁ-ਪਪੀਹਾ।ਟੇਰੇ-ਪੁਕਾਰਦਾ ਹੈ।ਸਰਣੀ-ਸ਼ਰਣ ਵਿਚ।ਕੇਰੇ-ਦੇ।ਘਰਿ-ਹਿਰਦੇ ਵਿਚ।ਵਾਜੇ ਸਬਦ-ਸ਼ਬਦ ਵਜਦੇ ਹਨ।ਘਣੇਰੇ-ਬਹੁਤ; ਅਨੇਕਾਂ।੨।

ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ, ਬਿਖ ਬਾਧੇ ਹਉਮੈ ਜਾਲੇ ਰਾਮ ॥ ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ, ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥ ਹੇ ਮੇਰੀ ਜਿੰਦੇ! ਮਨਮੁਖ ਹਉਮੈ ਦੇ ਕਾਰਣ (ਹਰੀ ਤੋਂ) ਵਿਛੜੇ ਹੋਏ ਹਨ, ਵਿਸ਼ਿਆਂ ਦੀ ਵਾਸ਼ਨਾ ਨੇ (ਉਨ੍ਹਾਂ ਨੂੰ) ਹਉਮੈ ਦੇ ਜਾਲ ਵਿਚ ਬੰਨ੍ਹ ਰੱਖਿਆ ਹੈ। ਹੇ ਮੇਰੀ ਜਿੰਦੇ! ਜਿਵੇਂ ਕਬੂਤਰ ਵਰਗੇ ਪੰਛੀ ਨੇ ਚੋਗੇ ਦੇ ਲਾਲਚ ਵਿਚ ਅਪਣੇ ਆਪ ਨੂੰ (ਜਾਲ ਵਿਚ) ਬੰਨ੍ਹਾ ਲਿਆ ਹੈ, ਤਿਵੇਂ ਸਾਰੇ ਮਨਮੁਖ ਲੋਕ ਮੌਤ ਦੇ ਵਸ ਵਿਚ ਪੈਂਦੇ ਹਨ।

ਅੰਗ ੫੩੯ = ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ, ਸੇ ਮਨਮੁਖ ਮੂੜ ਬਿਤਾਲੇ ਰਾਮ ॥ ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ, ਗੁਰ ਨਾਨਕ ਹਰਿ ਰਖਵਾਲੇ ਰਾਮ ॥੩॥ ਹਰਿ ਜਨ ਹਰਿ ਲਿਵ ਉਬਰੇ ਮੇਰੀ ਜਿੰਦੁੜੀਏ, ਧੁਰਿ ਭਾਗ ਵਡੇ ਹਰਿ ਪਾਇਆ ਰਾਮ ॥ ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ, ਗੁਰ ਖੇਵਟ ਸਬਦਿ ਤਰਾਇਆ ਰਾਮ ॥ ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ, ਗੁਰ ਸਤਿਗੁਰ ਮੀਠ ਲਗਾਇਆ ਰਾਮ ॥ ਕਰਿ ਕਿਰਪਾ ਸੁਣਿ ਬੇਨਤੀ ਹਰਿ ਹਰਿ, ਜਨ ਨਾਨਕ ਨਾਮੁ ਧਿਆਇਆ ਰਾਮ ॥੪॥੨॥ ਹੇ ਮੇਰੀ ਜਿੰਦੇ! ਜੋ (ਮਨੁੱਖ) ਮਾਇਆ ਦੇ ਮੋਹ ਵਿਚ ਚਿਤ ਲਾਉਂਦੇ ਹਨ, ਉਹ ਮਨਮੁਖ ਹਨ, ਮੂਰਖ ਹਨ ਤੇ ਭੂਤਨੇ ਹਨ। ਹੇ ਮੇਰੀ ਜਿੰਦੇ! ਹਰੀ ਦੇ ਸੇਵਕ (ਪ੍ਰਭੂ ਦੀ) ਸ਼ਰਣ ਵਿਚ ਆ ਕੇ (ਬੇਨਤੀ ਕਰਦੇ ਹਨ ਕਿ ਸਾਡੀ) ਰੱਖਿਆ ਕਰੋ, ਰੱਖਿਆ ਕਰੋ, ਹਰੀ ਸਰੂਪ ਗੁਰੂ ਨਾਨਕ ਦੇਵ ਜੀ (ਉਨ੍ਹਾਂ ਦੇ) ਰਖਵਾਲੇ ਹੁੰਦੇ ਹਨ।੩।(ਮਨਮੁਖ ਦੇ ਟਾਕਰੇ ਤੇ) ਹੇ ਮੇਰੀ ਜਿੰਦੇ! ਹਰੀ ਦੇ ਸੇਵਕ ਹਰੀ ਵਿਚ ਲਿਵ ਲਾ ਕੇ ਮੁਕਤ ਹੋ ਗਏ ਹਨ, ਧੁਰ ਤੋਂ ਵੱਡੇ ਭਾਗ ਹੋਣ ਕਰਕੇ (ਉਨ੍ਹਾਂ ਨੇ) ਹਰੀ ਪ੍ਰਾਪਤ ਕਰ ਲਿਆ ਹੈ। ਹੇ ਮੇਰੀ ਜਿੰਦੇ! ਹਰੀ ਦਾ ਨਾਮ ਜਹਾਜ ਹੈ, ਗੁਰੂ ਮਲਾਹ ਹੈ, (ਜਿਸ ਨੇ ਅਪਣੇ) ਉਪਦੇਸ ਨਾਲ (ਸੇਵਕਾਂ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦਿਤਾ ਹੈ। ਹੇ ਮੇਰੀ ਜਿੰਦੇ! ਹਰੀ ਪੁਰਖ ਦਇਆ ਦਾ ਘਰ ਹੈ, ਪੂਜਨੀਕ ਸਤਿਗੁਰੂ ਨੇ (ਹਰੀ ਦਾ ਨਾਮ) ਮਿੱਠਾ ਲਗਾਇਆ ਹੈ।(ਜਦ ਸਤਿਗੁਰੂ ਨੇ) ਕ੍ਰਿਪਾ ਕਰਕੇ ਮੇਰੀ ਬੇਨਤੀ ਸੁਣੀ, ਤਦ ਦਾਸ ਨਾਨਕ ਨੇ ਹਰਿ ਹਰਿ ਨਾਮ ਸਿਮਰਿਆ ਹੈ।੪।੨।

ਪਦਾਰਥ = ਮਨਮੁਖਿ-ਮਨ ਦੇ ਪਿੱਛੇ ਚਲਣ ਵਾਲੇ ਮਨੁੱਖ। ਬਿਖ-ਜਹਿਰ। ਬਾਧੇ-ਬੰਨ੍ਹ ਰੱਖਿਆ ਹੈ। ਜਾਲੇ-ਜਾਲ ਵਿਚ। ਕਪੋਤਿ-ਕਬੂਤਰ ਨੇ। ਬਨਾਇਆ-ਬੰਨ੍ਹਾ ਲਿਆ ਹੈ। ਆਪੁ-ਅਪਣੇ ਆਪ ਨੂੰ। ਵਸਿ ਕਾਲੇ-ਮੌਤ ਦੇ ਵਸ ਵਿਚ। ਮੋਹਿ-ਮੋਹ ਵਿਚ। ਸੇ-ਉਹ। ਮੂੜ-ਮੂਰਖ। ਬਿਤਾਲੇ-ਭੂਤਨੇ। ਜਨ-(ਹਰੀ ਦੇ) ਸੇਵਕ। ਤ੍ਰਾਹਿ-ਰੱਖਿਆ ਕਰੋ; ਬਚਾ ਲਵੋ। ਸਰਣਾਗਤੀ-ਸਰਣ ਵਿਚ ਆਉਂਦੇ ਹਨ। ੩। ਹਰਿ ਜਨ-ਹਰੀ ਦੇ ਸੇਵਕ। ਲਿਵ-ਬ੍ਰਿਤੀ; ਪ੍ਰੀਤ। ਉਬਰੇ-ਮੁਕਤ ਹੋ ਗਏ। ਧੁਰਿ-ਧੁਰ (ਦਰਗਾਹ) ਤੋਂ। ਪੋਤੁ-ਜਹਾਜ। ਖੇਵਟ-ਮਲਾਹ। ਸਬਦਿ-ਉਪਦੇਸ਼ ਨਾਲ। ਪੁਰਖੁ-ਸਰਬ ਵਿਆਪਕ ਹਰੀ। ਦਇਆਲੁ-ਦਇਆ ਦਾ ਘਰ। ਮੀਠ-ਮਿੱਠਾ (ਪਿਆਰਾ)।੪।੨।

ਬਿਹਾਗੜਾ ਮਹਲਾ ੪ ॥ ਜਗਿ ਸੁਕ੍ਰਿਤੁ ਕੀਰਤਿ ਹਰਿ ਨਾਮੁ ਹੈ ਮੇਰੀ ਜਿੰਦੜੀਏ, ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥ ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ, ਜਪਿ ਹਰਿ ਹਰਿ ਨਾਮੁ ਉਧਾਰੇ ਰਾਮ ॥ ਸਭ ਕਿਲਵਿਖ ਪਾਪ ਦੁਖ ਕਟਿਆ ਮੇਰੀ ਜਿੰਦੁੜੀਏ, ਮਲੁ ਗੁਰਮੁਖਿ ਨਾਮਿ ਉਤਾਰੇ ਰਾਮ ॥ ਵਡ ਪੁੰਨੀ ਹਰਿ ਧਿਆਇਆ ਜਨ ਨਾਨਕ, ਹਮ ਮੂਰਖ ਮੁਗਧ ਨਿਸਤਾਰੇ ਰਾਮ ॥੧॥ ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ, ਤਿਨਾ ਪੰਚੇ ਵਸਗਤਿ ਆਏ ਰਾਮ ॥ ਅੰਤਰਿ ਨਵਨਿਧਿ ਨਾਮੁ ਹੈ ਮੇਰੀ ਜਿੰਦੁੜੀਏ, ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥ ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ, ਹਰਿ ਮਿਲਿਆ ਭੁਖ ਸਭ ਜਾਏ ਰਾਮ ॥ ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਮੇਰੀ ਜਿੰਦੁੜੀਏ, ਜਨ ਨਾਨਕ ਹਰਿ ਗੁਣ ਗਾਏ ਰਾਮ ॥੨॥ ਹੇ ਮੇਰੀ ਜਿੰਦੇ! ਜਗਤ ਵਿਚ ਹਰੀ ਦਾ ਜਸ ਕਰਨਾ ਤੇ ਨਾਮ ਜਪਣਾ ਸ੍ਰੇਸਟ ਕਰਮ ਹੈ, (ਇਸ ਲਈ ਤੂੰ ਵੀ) ਹਰੀ ਦੇ ਜਸ ਦੁਆਰਾ ਹਰੀ ਨੂੰ ਮਨ ਵਿਚ ਟਿਕਾ ਲੈ। ਹੇ ਮੇਰੀ ਜਿੰਦੇ! ਹਰਿ ਹਰਿ ਨਾਮ ਪਵਿਤ੍ਰ ਹੈ, (ਤੂੰ ਵੀ) ਹਰਿ ਹਰਿ ਨਾਮ ਜਪ, (ਹਰੀ ਦਾ ਨਾਮ ਸੰਸਾਰ ਸਮੁੰਦਰ ਤੋਂ) ਪਾਰ ਕਰ ਦੇਂਦਾ ਹੈ। ਹੇ ਮੇਰੀ ਜਿੰਦੇ! (ਜਿਸ ਮਨੁੱਖ ਨੇ ਨਾਮ ਜਪਿਆ ਹੈ, ਉਸ ਨੇ ਅਪਣੇ) ਸਾਰੇ ਛੋਟੇ ਪਾਪ, ਵੱਡੇ ਪਾਪ ਤੇ (ਉਨ੍ਹਾਂ ਤੋਂ ਪੈਦਾ ਹੋਏ) ਦੁਖ ਕੱਟ ਲਏ ਹਨ ਅਤੇ ਗੁਰੂ ਦੁਆਰਾ ਜਪੇ ਨਾਮ ਨੇ (ਉਸ ਦੀ ਸਭ ਤਰ੍ਹਾਂ ਦੀ) ਮੈਲ ਉਤਾਰ ਦਿਤੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਵੱਡੇ ਪੁੰਨਾਂ ਕਰਕੇ ਦਾਸਾਂ ਨੇ ਹਰੀ ਨੂੰ ਸਿਮਰਿਆ ਹੈ, (ਉਸੇ ਨਾਮ ਨੇ) ਸਾਡੇ ਵੱਰਗੇ ਮੂਰਖ ਤੇ ਬੇਸਮਝ ਮਨੁੱਖਾਂ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿਤਾ ਹੈ।੧। ਹੇ ਮੇਰੀ ਜਿੰਦੇ! ਜਿਹੜੇ ਮਨੁੱਖ ਹਰਿ ਹਰਿ ਨਾਮ ਸਿਮਰਦੇ ਹਨ, ਪੰਜੇ ਕਾਮਾਦਿਕ ਉਨ੍ਹਾਂ ਦੇ ਵਸ ਵਿਚ ਆ ਗਏ ਹਨ। ਹੇ ਮੇਰੀ ਜਿੰਦੇ! ਨੌਂ ਨਿਧੀਆਂ ਵਾਲਾ ਨਾਮ (ਉਨ੍ਹਾਂ ਦੇ) ਹਿਰਦੇ ਅੰਦਰ ਹੁੰਦਾ ਹੈ, ਨਾ ਜਾਣੇ ਜਾਣ ਵਾਲੇ ਪ੍ਰਭੂ ਵਾਰੇ ਪੂਜਨੀਕ ਗੁਰੂ ਗਿਆਨ ਕਰਾ ਦਿੰਦਾ ਹੈ। ਹੇ ਮੇਰੀ ਜਿੰਦੇ! ਗੁਰੂ ਨੇ (ਉਨ੍ਹਾਂ ਦੀ) ਆਸਾ ਤੇ ਮਨਸਾ ਪੂਰੀ ਕਰ ਦਿਤੀ ਹੈ, (ਕਿਉਂਕਿ) ਹਰੀ ਦੇ ਮਿਲ ਜਾਣ ਨਾਲ ਸਾਰੀ ਭੁੱਖ ਦੂਰ ਹੋ ਜਾਂਦੀ ਹੈ। ਹੇ ਮੇਰੀ ਜਿੰਦੇ! ਜਿਨ੍ਹਾਂ ਦੇ ਮੱਥੇ ਤੇ ਧੁਰ ਦਰਗਾਹ ਤੋਂ ਹਰੀ ਪ੍ਰਭੂ ਨੇ ਲੇਖ ਲਿਖ ਦਿਤਾ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ) ਗੁਰਮੁਖ ਜਨਾਂ ਨੇ ਹਰੀ ਦੇ ਗੁਣ ਗਾਏ ਹਨ।੨।

ਪਦਾਰਥ = ਜਗਿ-ਜਗਤ ਵਿਚ। ਸੁਕ੍ਰਿਤੁ-ਸ੍ਰੇਸਟ ਕਰਮ। ਕੀਰਤਿ-ਕੀਰਤਨ। ਮਨਿ ਧਾਰੇ-ਮਨ ਵਿਚ ਟਿਕਾ ਲੈ। ਉਧਾਰੇ-ਪਾਰ ਕਰ ਦੇਂਦਾ ਹੈ। ਕਿਲਵਿਖ-ਪਾਪ। ਮਲੁ-ਮੈਲ। ਗੁਰਮੁਖਿ-ਗੁਰੂ ਦੁਆਰਾ। ਨਾਮਿ-ਨਾਮ ਨੇ। ਉਤਾਰੇ-ਉਤਾਰ ਦਿਤੀ ਹੈ। ਵਡ ਪੁੰਨੀ-ਵੱਡੇ ਪੁੰਨਾਂ ਕਰਕੇ। ਮੁਗਧ-ਬੇਸਮਝ। ਨਿਸਤਾਰੇ-ਪਾਰ ਲੰਘਾ ਦਿਤਾ ਹੈ।੧। ਤਿਨਾ-ਉਨ੍ਹਾਂ ਦੇ। ਪੰਚੇ-ਪੰਜੇ ਕਾਮਾਦਿਕ। ਵਸਗਤਿ-ਵਸ ਵਿਚ

।ਅੰਤਰਿ–ਹਿਰਦੇ ਅੰਦਰ।ਨਵ ਨਿਧਿ–ਨੌਂ ਖਜਾਨੇ।ਅਲਖੁ–ਅਦ੍ਰਿਸ਼ਟ; ਸਮਝ ਵਿਚ ਨਾ ਆਉਣ ਵਾਲ ਪ੍ਰਭੂ।ਗੁਰਿ–ਗੁਰੂ ਨੇ।ਮਨਸਾ–ਇੱਛਾ।ਜਾਏ–ਦੂਰ ਹੋ ਜਾਂਦੀ ਹੈ।ਧੁਰਿ–ਧੁਰ ਦਰਗਾਹ ਤੋਂ।ਮਸਤਕਿ–ਮੱਥੇ ਤੇ।ਪ੍ਰਭਿ–ਪ੍ਰਭੂ ਨੇ।੨।

ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ, ਪਰ ਦ੍ਰੋਹੀ ਠਗ ਮਾਇਆ ਰਾਮ ॥ ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ, ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥ ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ, ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥ ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ, ਤਿਨ ਕੇ ਸਭ ਦੁਖ ਗਵਾਇਆ ਰਾਮ ॥੩॥ ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ, ਜਿਤੁ ਜਪਿਐ ਪਾਪ ਗਵਾਤੇ ਰਾਮ ॥ ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ, ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥ ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ, ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥ ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ, ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥੪॥੩॥ ਹੇ ਮੇਰੀ ਜਿੰਦੇ! ਅਸੀਂ ਪਾਪੀ ਹਾਂ, ਡਾਕੂ ਹਾਂ, ਪਰਾਇਆਂ ਨਾਲ ਧ੍ਰੋਹ ਕਰਨ ਵਾਲੇ ਤੇ ਮਾਇਆ ਠੱਗਣ ਵਾਲੇ ਹਾਂ।ਹੇ ਮੇਰੀ ਜਿੰਦੇ! ਵੱਡੇ ਭਾਗਾਂ ਨਾਲ ਗੁਰੂ ਪ੍ਰਾਪਤ ਹੋਇਆ ਹੈ ਅਤੇ ਪੂਰੇ ਗੁਰੂ ਦੁਆਰਾ ਉਚੀ ਆਤਮਕ ਅਵਸਥਾ ਦੀ (ਜੀਵਨ) ਮਰਿਆਦਾ ਪ੍ਰਾਪਤ ਕਰ ਲਈ ਹੈ।ਹੇ ਮੇਰੀ ਜਿੰਦੇ! ਗੁਰੂ ਨੇ ਹਰੀ ਦਾ ਨਾਮ ਅੰਮ੍ਰਿਤ (ਮੇਰੇ) ਮੂੰਹ ਵਿਚ ਚੋ ਦਿਤਾ ਹੈ, ਫਿਰ ਮਰ ਰਹੇ (ਆਤਮਕ ਜੀਵਨ) ਨੂੰ ਮੁੜ ਜਿਵਾ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਕਿ ਹੇ ਮੇਰੀ ਜਿੰਦੇ! ਜੋ ਮਨੁੱਖ ਸਤਿਗੁਰੂ ਨੂੰ ਮਿਲ ਪਏ ਹਨ, ਉਨ੍ਹਾਂ ਦੇ ਸਾਰੇ ਦੁਖ (ਗੁਰੂ ਨੇ) ਦੂਰ ਕਰ ਦਿਤੇ ਹਨ।੩।ਹੇ ਮੇਰੀ ਜਿੰਦੇ! ਹਰੀ ਦਾ ਨਾਮ ਬਹੁਤ ਉਤਮ ਹੈ, ਜਿਸ ਨੂੰ ਜਪਣ ਨਾਲ ਪਾਪ ਦੂਰ ਹੋ ਜਾਂਦੇ ਹਨ।ਹੇ ਮੇਰੀ ਜਿੰਦੇ! ਹਰੀ ਸਰੂਪ ਗੁਰੂ ਨੇ ਪਾਪੀਆਂ ਨੂੰ ਪਵਿਤ੍ਰ ਕਰ ਦਿਤਾ ਹੈ, (ਅਜੇਹੇ ਨਾਮ ਜਪਣ ਵਾਲੇ ਮਨੁੱਖ) ਚਾਰੇ ਪਾਸੇ ਤੇ ਚਾਰੇ ਜੁਗਾਂ ਵਿਚ ਜਾਣੇ ਜਾਂਦੇ ਹਨ।ਹੇ ਮੇਰੀ ਜਿੰਦੇ! (ਉਨ੍ਹਾਂ ਦੀ) ਹਉਮੈ ਦੀ ਸਾਰੀ ਮੈਲ ਉਤਰ ਗਈ ਹੈ, ਜੋ ਹਰੀ ਨਾਮ ਦੇ ਅੰਮ੍ਰਿਤ ਸਰੋਵਰ ਵਿਚ ਨ੍ਹਾਤੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! (ਉਨ੍ਹਾਂ) ਅਪਰਾਧੀ ਤੇ ਪਾਪੀ ਮਨੁੱਖਾਂ ਦਾ ਵੀ ਉਧਾਰ ਹੋ ਗਿਆ ਹੈ, ਜੋ ਇਕ ਖਿਨ ਲਈ ਵੀ ਹਰੀ ਦੇ ਨਾਮ ਵਿਚ ਰੰਗੇ ਗਏ ਹਨ।੪।੩।

ਪਦਾਰਥ = ਹਮ–ਅਸੀਂ।ਬਲਵੰਚੀਆ–ਬਲ ਨਾਲ ਖੋਹਣ ਵਾਲਾ; ਧੋਖੇਬਾਜ।ਪਰ ਦ੍ਰੋਹੀ–ਦੂਜਿਆਂ ਦਾ ਬੁਰਾ ਸੋਚਣ ਵਾਲਾ; ਦੂਜਿਆਂ ਨੂੰ ਮਾਰਨ ਲਈ ਤੱਕਣ ਵਾਲਾ; ਵਿਸ਼ਵਾਸ ਘਾਤੀ।ਗੁਰਿ ਪੂਰੈ–ਪੂਰੇ ਗੁਰੂ ਨੇ।ਗਤਿ ਮਿਤਿ–ਉਚੀ ਆਤਮਕ ਅਵਸਥਾ ਦੀ ਮਰਿਆਦਾ। ਮੁਖਿ–ਮੂੰਹ ਵਿਚ।ਮਰਦਾ–ਮਰ ਰਹੇ ਆਤਮਕ ਜੀਵਨ ਨੂੰ।ਬਹੁੜਿ–ਮੁੜ ਕੇ।ਜੀਵਾਇਆ–ਜਿਉਂਦਾ ਕਰ ਦਿਤਾ।ਤਿਨ ਕੇ–ਉਨ੍ਹਾਂ ਦੇ। ੩।ਅਤਿ–ਬਹੁਤ।ਜਿਤੁ ਜਪਿਐ–ਜਿਸ ਨੂੰ ਜਪਣ ਨਾਲ।ਗਵਾਤੇ–ਦੂਰ ਹੋ ਜਾਂਦੇ ਹਨ।ਪਤਿਤ–ਪਾਪੀ।ਚਹੁ ਕੁੰਡੀ–ਚਾਰੇ ਪਾਸੇ।ਚਹੁ ਜੁਗਿ–ਚਾਰੇ ਜੁਗਾਂ (ਜਗਤ) ਵਿਚ; ਸਦਾ ਲਈ।ਜਾਤੇ–ਜਾਣੇ ਗਏ; ਪਰਗਟ ਹੋ ਗਏ।ਉਤਰੀ–ਲਹਿ ਗਈ।ਹਰਿ ਸਰਿ–ਹਰੀ ਦੇ ਸਰੋਵਰ ਵਿਚ।ਨਾਤੇ–ਨ੍ਹਾਤੇ (ਇਸ਼ਨਾਨ ਕੀਤਾ)।ਉਧਰੇ–(ਸੰਸਾਰ ਸਮੁੰਦਰ ਤੋਂ) ਤਰ ਗਏ।ਰਾਤੇ–ਰੰਗੇ ਗਏ।੪।੩।

ਬਿਹਾਗੜਾ ਮਹਲਾ ੪ ॥ ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ, ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ, ਬਿਖੁ ਭਉਜਲੁ ਤਾਰਣਹਾਰੋ ਰਾਮ ॥ ਹੇ ਮੇਰੀ ਜਿੰਦੇ! ਮੈ ਉਨ੍ਹਾਂ (ਗੁਰਮੁਖਾਂ) ਤੋਂ ਬਲਿਹਾਰ ਜਾਂਦਾ ਹਾਂ, ਹਰਿ ਹਰਿ ਨਾਮ ਜਿਨ੍ਹਾਂ (ਦੇ ਜੀਵਨ) ਦਾ ਆਸਰਾ ਹੈ।ਹੇ ਮੇਰੀ ਜਿੰਦੇ! (ਉਨ੍ਹਾਂ ਦੇ ਹਿਰਦੇ ਵਿਚ) ਗੁਰੂ ਸਤਿਗੁਰੂ ਨੇ ਹਰੀ ਦਾ ਨਾਮ ਦ੍ਰਿੜ ਕਰਾਇਆ ਹੈ, (ਗੁਰੂ) ਜਹਿਰ ਰੂਪ ਸੰਸਾਰ ਸਾਗਰ ਤੋਂ ਤਾਰਨ ਵਾਲਾ ਹੈ।

ਅੰਗ ੫੪੦ = ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ, ਤਿਨ ਸੰਤ ਜਨਾ ਜੈਕਾਰੋ ਰਾਮ ॥ ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ, ਸਭਿ ਦੂਖ ਨਿਵਾਰਣਹਾਰੋ ਰਾਮ ॥੧॥ ਸਾ ਰਸਨਾ ਧਨੁ ਧੰਨੁ ਮੇਰੀ ਜਿੰਦੁੜੀਏ, ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥ ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ, ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥ ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ, ਜੋ ਜਾਏ ਲਗੈ ਗੁਰ ਪੈਰੇ ਰਾਮ ॥ ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ, ਜਿਨ ਹਰਿ ਹਰਿ ਨਾਮੁ ਚਿਤੇਰੇ ਰਾਮ ॥੨॥ ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਇਕ ਮਨ ਹੋ ਕੇ ਹਰੀ ਨੂੰ ਸਿਮਰਿਆ ਹੈ, ਉਨ੍ਹਾਂ ਸੰਤ ਜਨਾਂ ਨੂੰ ਮੇਰੀ ਨਮਸ਼ਕਾਰ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! (ਸੰਤ ਜਨਾਂ ਨੇ) ਹਰੀ ਨੂੰ ਜਪ ਕੇ ਸੁਖ ਪਾਇਆ ਹੈ, ਜੋ ਸਾਰੇ ਦੁਖ ਦੂਰ ਕਰਨ ਵਾਲਾ ਹੈ ।੧।ਹੇ ਮੇਰੀ ਜਿੰਦੇ! ਉਹ ਰਸਨਾ ਧੰਨ ਧੰਨ ਹੈ, ਜੋ ਹਰੀ ਪ੍ਰਭੂ ਦੇ ਗੁਣ ਗਾਉਂਦੀ ਹੈ।ਹੇ ਮੇਰੀ ਜਿੰਦੇ! ਉਹ ਕੰਨ ਭਲੇ ਤੇ ਸੋਭਾ ਵਾਲੇ ਹਨ, ਹੇ ਹਰੀ! ਜੋ ਤੇਰੇ ਹਰੀ ਕੀਰਤਨ ਨੂੰ ਸੁਣਦੇ ਹਨ।ਹੇ ਮੇਰੀ ਜਿੰਦੇ! ਉਹ ਸਿਰ ਭਲਾ ਤੇ ਪਵਿਤ੍ਰ ਤੋਂ ਪਵਿਤ੍ਰ ਹੈ, ਜੋ ਗੁਰੂ ਦੇ ਚਰਨਾਂ ਵਿਚ ਜਾ ਲਗਦਾ ਹੈ।ਹੇ ਮੇਰੀ ਜਿੰਦੇ! ਗੁਰੂ ਤੋਂ ਨਾਨਕ ਕੁਰਬਾਨ ਹੈ, ਜਿਸ ਨੇ ਹਰਿ ਹਰਿ ਨਾਮ ਚੇਤੇ ਕਰਾਇਆ ਹੈ।੨।

ਪਦਾਰਥ = ਹਉ-ਮੈਂ। ਬਲਿਹਾਰੀ-ਕੁਰਬਾਨ ਹਾਂ। ਤਿਨ੍ ਕਉ-ਉਨ੍ਹਾਂ ਤੋਂ। ਅਧਾਰੋ-ਆਸਰਾ। ਗੁਰਿ-ਗੁਰੂ ਨੇ। ਦ੍ਰਿੜਾਇਆ-ਮਨ ਵਿਚ ਪੱਕੀ ਤਰ੍ਹਾਂ ਟਿਕਾ ਦਿਤਾ। ਬਿਖੁ ਭਉਜਲੁ-ਜਹਿਰ ਰੂਪ ਸੰਸਾਰ ਸਾਗਰ। ਤਾਰਣਹਾਰੋ-ਤਾਰਨ ਵਾਲਾ। ਇਕ ਮਨਿ-ਇਕਾਗਰ ਮਨ ਨਾਲ। ਜੈਕਾਰੋ-ਨਮਸ਼ਕਾਰ। ਨਿਵਾਰਣਹਾਰੋ-ਦੂਰ ਕਰਨ ਵਾਲਾ।੧। ਸਾ-ਉਹ। ਰਸਨਾ-ਜੀਭ। ਕੇਰੇ-ਦੇ। ਤੇ-ਉਹ। ਸ੍ਰਵਨ-ਕੰਨ। ਸੋਭਨੀਕ-ਸੋਭਾ ਵਾਲੇ। ਹਹਿ-ਹਨ। ਸੋ ਸੀਸੁ-ਉਹ ਸਿਰ। ਪਾਵਨੁ-ਪਵਿਤ੍ਰ। ਪੈਰੇ-ਚਰਨਾਂ (ਪੈਰਾਂ) ਵਿਚ। ਵਿਟਹੁ-ਤੋਂ। ਵਾਰਿਆ-ਕੁਰਬਾਨ ਜਾਂਦਾ ਹੈ। ਚਿਤੇਰੇ-ਚੇਤੇ ਕਰਾਇਆ ਹੈ।੨।

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ, ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥ ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ, ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥ ਤਿਸੁ ਜਨ ਕੇ ਪਗ ਨਿਤੁ ਪੂਜੀਅਹਿ ਮੇਰੀ ਜਿੰਦੁੜੀਏ, ਜੋ ਮਾਰਗਿ ਧਰਮ ਚਲੇਸਹਿ ਰਾਮ ॥ ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ, ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥੩॥ ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ, ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ, ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥ ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ, ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥ ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ, ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥ ਹੇ ਮੇਰੀ ਜਿੰਦੇ! ਉਹ ਅੱਖਾਂ ਭਲੀਆਂ ਤੇ ਪਰਵਾਨ ਹਨ, ਜੋ ਸਾਧੂ ਸਤਿਗੁਰੂ ਨੂੰ ਦੇਖਦੀਆਂ ਹਨ। ਹੇ ਮੇਰੀ ਜਿੰਦੇ! ਉਹ ਹੱਥ ਪਵਿਤ੍ਰ ਤੋਂ ਪਵਿਤ੍ਰ ਹਨ, ਜੋ ਹਰੀ ਦਾ ਜਸ ਤੇ ਹਰਿ ਹਰਿ ਨਾਮ ਲਿਖਦੇ ਹਨ। ਹੇ ਮੇਰੀ ਜਿੰਦੇ! ਉਸ ਪੁਰਖ ਦੇ ਪੈਰ ਸਦਾ ਪੂਜੇ ਜਾਂਦੇ ਹਨ, ਜੋ ਧਰਮ ਦੇ ਰਸਤੇ ਤੇ ਚਲਦੇ ਹਨ। ਹੇ ਮੇਰੀ ਜਿੰਦੇ! ਨਾਨਕ ਉਨ੍ਹਾਂ (ਪੁਰਖਾਂ) ਤੋਂ ਸਦਕੇ ਜਾਂਦਾ ਹੈ, ਜੋ ਹਰੀ ਦਾ ਨਾਮ ਸੁਣਦੇ ਹਨ ਤੇ ਹਰੀ ਦੇ ਨਾਮ ਨੂੰ ਮੰਨਦੇ ਹਨ।੩। ਹੇ ਮੇਰੀ ਜਿੰਦੇ! ਧਰਤੀ, ਪਤਾਲ ਅਤੇ ਅਕਾਸ਼ (ਜੋ ਵੀ) ਹੈ, ਸਭ ਕੋਈ ਹਰੀ ਦਾ ਨਾਮ ਸਿਮਰ ਰਿਹਾ ਹੈ। ਹੇ ਮੇਰੀ ਜਿੰਦੇ! ਹਵਾ, ਪਾਣੀ ਤੇ ਅੱਗ (ਆਦਿ ਹਰੇਕ ਤੱਤ) ਹਰ ਰੋਜ ਹਰੀ ਦਾ ਹਰਿ ਹਰਿ ਜਸ ਗਾਉਂਦਾ ਹੈ। ਦਰੱਖਤ ਤੇ ਘਾਹ (ਸਾਰੀ ਬਨਸਪਤੀ) ਅਤੇ ਸਾਰਾ ਦਿਸਦਾ ਅਕਾਰ ਜੋ ਹੈ, ਮੂੰਹ ਨਾਲ ਹਰਿ ਹਰਿ ਨਾਮ ਨੂੰ ਸਿਮਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! ਹਰੀ ਦੇ ਦਰ ਉਤੇ ਉਹ (ਮਨੁੱਖ ਸਿਰੋਪਾਉ) ਪਹਿਨਾ ਕੇ ਸਨਮਾਨਿਆ ਜਾਂਦਾ ਹੈ, ਜੋ ਗੁਰੂ ਦੁਆਰਾ (ਅਪਣੇ) ਮਨ ਨੂੰ ਭਗਤੀ ਵਿਚ ਲਾਉਂਦਾ ਹੈ।੪।੪।

ਪਦਾਰਥ = ਤੇ ਨੇਤ੍ਰ-ਉਹ ਅੱਖਾਂ। ਪਰਵਾਣੁ-ਪ੍ਰਮਾਣੀਕ; ਸਫਲ। ਹਹਿ-ਹਨ। ਦੇਖਹਿ-ਦੇਖਦੇ (ਦਰਸ਼ਨ ਕਰਦੇ) ਹਨ। ਹਸਤ-ਹੱਥ। ਪੁਨੀਤ-ਪਵਿਤ੍ਰ। ਲੇਖਹਿ-ਲਿਖਦੇ ਹਨ। ਜਨ ਕੇ-ਪੁਰਖ ਦੇ। ਪਗ-ਪੈਰ। ਨਿਤੁ-ਰੋਜ; ਸਦਾ। ਪੂਜੀਅਹਿ-ਪੂਜਣੇ ਚਾਹੀਦੇ ਹਨ; ਪੂਜੇ ਜਾਂਦੇ ਹਨ। ਮਾਰਗਿ ਧਰਮ-ਧਰਮ ਦੇ ਰਸਤੇ ਤੇ। ਚਲੇਸਹਿ-ਚਲਦੇ ਹਨ। ਤਿਨ੍ ਵਿਟਹੁ-ਉਨ੍ਹਾਂ ਤੋਂ। ਵਾਰਿਆ-ਸਦਕੇ ਜਾਂਦਾ ਹੈ। ਮਨੇਸਹਿ-ਮੰਨਦੇ ਹਨ।੩। ਪਉਣੁ-ਹਵਾ। ਬੈਸੰਤਰੋ-ਅੱਗ। ਵਣੁ ਤ੍ਰਿਣੁ-ਦਰੱਖਤ ਤੇ ਘਾਹ (ਸਾਰੀ ਬਨਸਪਤੀ)। ਆਕਾਰੁ-ਦਿਸਦਾ ਸੰਸਾਰ। ਮੁਖਿ-ਮੂੰਹ ਨਾਲ। ਹਰਿ ਦਰਿ-ਹਰੀ ਦੇ ਦਰ ਉਤੇ। ਪੈਨ੍ਹਾਇਆ-(ਸਿਰਪਾਉ) ਪਹਿਨਾ ਕੇ ਸਤਿਕਾਰਿਆ ਜਾਂਦਾ ਹੈ। ਗੁਰਮੁਖਿ-ਗੁਰੂ ਦੁਆਰਾ। ਭਗਤਿ-(ਹਰੀ ਦੀ) ਭਗਤੀ ਵਿਚ। ਮਨੁ ਲਾਵੈ-ਮਨ ਜੋੜਦਾ ਹੈ।੪।੪।

ਬਿਹਾਗੜਾ ਮਹਲਾ ੪ ॥ ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ, ਤੇ ਮਨਮੁਖ ਮੂੜ ਇਆਣੇ ਰਾਮ ॥ ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ, ਸੇ ਅੰਤਿ ਗਏ ਪਛੁਤਾਣੇ ਰਾਮ ॥ ਹਰਿ ਦਰਗਹ ਢੋਈ ਨ ਲਹਨਿ੍ ਮੇਰੀ ਜਿੰਦੁੜੀਏ, ਜੋ ਮਨਮੁਖ ਪਾਪਿ ਲੁਭਾਣੇ ਰਾਮ ॥ ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ, ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥੧॥ ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ, ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥ ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ, ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥ ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ, ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥ ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ, ਜਮ ਕੰਕਰੁ ਨੇੜਿ ਨ ਆਵੈ ਰਾਮ ॥੨॥ ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਹਰਿ ਹਰਿ ਨਾਮ ਨਹੀਂ ਚੇਤੇ ਕੀਤਾ ਹੈ, ਉਹ ਮਨਮੁਖ ਹਨ, ਮੂਰਖ ਤੇ ਅਣਜਾਣ ਹਨ। ਹੇ ਮੇਰੀ ਜਿੰਦੇ! ਜੋ ਮਨੁੱਖ ਮਾਇਆ ਦੇ ਮੋਹ ਵਿਚ ਚਿਤ ਲਾਉਂਦੇ ਹਨ, ਉਹ ਅੰਤ ਸਮੇਂ ਪਛਤਾਉਂਦੇ (ਹੀ ਜਗਤ ਤੋਂ) ਚਲੇ ਗਏ ਹਨ। ਹੇ ਮੇਰੀ ਜਿੰਦੇ! ਉਹ ਹਰੀ ਦੀ ਦਰਗਾਹ ਵਿਚ ਜਾ ਕੇ ਢੋਈ ਨਹੀਂ ਲੈ ਸਕਣਗੇ, ਜਿਹੜੇ ਮਨਮੁਖ ਪਾਪ ਕਰਮਾਂ ਵਿਚ ਲੁਭਾਏ ਹੋਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! ਉਹ ਮਨੁੱਖ ਗੁਰੂ ਨੂੰ ਮਿਲ ਕੇ (ਸੰਸਾਰ ਸੰਗਰ ਵਿਚ ਡੁੱਬਣ ਤੋਂ) ਬਚ ਗਏ ਹਨ, ਜੋ ਹਰੀ ਨੂੰ ਜਪ ਕੇ ਹਰੀ ਦੇ ਨਾਮ ਵਿਚ ਸਮਾ ਗਏ ਹਨ।੧। ਹੇ ਮੇਰੀ ਜਿੰਦੇ! ਤੁਸੀਂ ਸਾਰੇ ਸਤਿਗੁਰੂ ਨੂੰ ਜਾ ਮਿਲੋ, ਜੋ ਹਰਿ ਹਰਿ ਨਾਮ ਦ੍ਰਿੜ ਕਰਾ ਦੇਂਦਾ ਹੈ। ਹੇ ਮੇਰੀ ਜਿੰਦੇ! ਹਰੀ ਨੂੰ ਜਪਦਿਆਂ ਖਿਨ ਮਾਤ੍ਰ ਵੀ ਦੇਰ ਨਹੀਂ ਕਰਨੀ ਚਾਹੀਦੀ, ਕਿਉਂਕਿ ਕੀ ਪਤਾ, ਮਤਾਂ ਅਗਲਾ

ਸਾਹ ਆਵੇ ਕਿ ਨਾ ਆਵੇ? ਹੇ ਮੇਰੀ ਜਿੰਦੇ! ਉਹ ਵੇਲਾ, ਉਹ ਦੋ ਘੜੀਆਂ, ਉਹ ਘੜੀ ਤੇ ਉਹ ਅੱਧੀ ਘੜੀ ਸਫਲ ਹੈ, ਜਿਸ ਸਮੇਂ ਮੇਰਾ ਹਰੀ ਚਿਤ ਵਿਚ ਆ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! ਜਿਨ੍ਹਾਂ ਜਨਾਂ (ਮਨੁੱਖਾਂ) ਨੇ ਹਰੀ ਦਾ ਨਾਮ ਧਿਆਇਆ ਹੈ, ਜਮ ਦੂਤ (ਉਨ੍ਹਾਂ ਦੇ) ਨੇੜੇ ਨਹੀਂ ਆਉਂਦਾ।੨।

ਪਦਾਰਥ = ਨ ਚੇਤਿਓ-ਚੇਤੇ ਨਹੀਂ ਕੀਤਾ। ਤੇ-ਉਹ। ਮੂੜ-ਮੂਰਖ। ਇਆਣੇ-ਅਣਜਾਣ। ਮੋਹਿ-ਮੋਹ ਵਿਚ। ਸੇ-ਉਹ। ਅੰਤਿ-ਅੰਤ ਸਮੇਂ। ਢੋਈ-ਆਸਰਾ। ਨ ਲਹਨਿ੍-ਨਹੀਂ ਲੈਂਦੇ। ਲੁਭਾਣੇ-ਲਲਚਾਏ ਹੋਏ। ਉਬਰੇ-ਬਚ ਗਏ। ਨਾਮਿ-ਨਾਮ ਵਿਚ। ਸਮਾਣੇ-ਮਿਲ ਗਏ ਹਨ।੧। ਕਉ-ਨੂੰ। ਦ੍ਰਿੜਾਵੈ-(ਮਨ ਵਿਚ) ਪੱਕੀ ਤਰ੍ਹਾਂ ਟਿਕਾ ਦੇਂਦਾ ਹੈ। ਖਿਨੁ-ਪਲ ਭਰ ਸਮਾਂ। ਢਿਲ-ਦੇਰ। ਨ ਕੀਜਈ-ਨਹੀਂ ਕਰਨੀ ਚਾਹੀਦੀ। ਮਤੁ-ਸ਼ਾਇਦ। ਕਿ ਜਾਪੈ-ਕੀ ਪਤਾ। ਸਾਹੁ-ਸਾਹ। ਸਾ-ਉਹ। ਮੂਰਤੁ-ਦੋ ਘੜੀਆਂ ਦਾ ਸਮਾਂ। ਮੁਹਤ-ਅੱਧੀ ਘੜੀ ਦਾ ਸਮਾਂ। ਚਿਤਿ-ਚੇਤੇ; ਚਿਤ ਵਿਚ। ਜਮ ਕੰਕਰੁ-ਜਮ ਦੂਤ। ਨੇੜਿ-ਨੇੜੇ।੨।

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ, ਸੋ ਡਰੈ ਜਿਨਿ ਪਾਪ ਕਮਤੇ ਰਾਮ ॥ ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ, ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥ ਹੇ ਮੇਰੀ ਜਿੰਦੇ! ਵਾਹਿਗੁਰੂ ਸਦਾ ਸਭ ਕੁਛ (ਸਾਡੇ ਕੀਤੇ ਕੰਮਾਂ ਨੂੰ) ਦੇਖਦਾ ਤੇ (ਸਾਡੇ ਬੋਲਾਂ ਨੂੰ) ਸੁਣਦਾ ਹੈ, ਪਰ ਡਰਦਾ ਉਹ (ਮਨੁੱਖ) ਹੈ, ਜਿਸ ਨੇ ਪਾਪ ਕਮਾਏ ਹੁੰਦੇ ਹਨ। ਹੇ ਮੇਰੀ ਜਿੰਦੇ! ਜਿਸ ਦਾ ਅੰਦਰਲਾ ਹਿਰਦਾ ਪਵਿਤ੍ਰ ਹੈ, ਉਸ ਮਨੁੱਖ ਨੇ ਸਾਰੇ ਡਰ (ਬਾਹਰ) ਸੁੱਟ ਘੱਤੇ ਹਨ।

ਅੰਗ ੫੪੧ = ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ, ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ ॥ ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ, ਜਿਨਿ ਪੈਰੀ ਆਣਿ ਸਭਿ ਘਤੇ ਰਾਮ ॥੩॥ ਸੋ ਐਸਾ ਹਰਿ ਨਿਤ ਸੇਵੀਐ ਮੇਰੀ ਜਿੰਦੁੜੀਏ, ਜੋ ਸਭ ਦੂ ਸਾਹਿਬੁ ਵਡਾ ਰਾਮ ॥ ਜਿਨ੍ਹੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ, ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ ॥ ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ, ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ ॥ ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ, ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ ॥੪॥੫॥ ਹੇ ਮੇਰੀ ਜਿੰਦੜੀਏ! (ਉਸ ਮਨੁੱਖ ਦਾ) ਮਨ ਨਿਰਭੈ ਕਰ ਦੇਣ ਵਾਲੇ ਹਰੀ ਦੇ ਨਾਮ ਵਿਚ ਪਤੀਜ (ਨਿਸਚੇ ਵਾਲਾ ਹੋ) ਗਿਆ ਹੈ, (ਇਸ ਲਈ ਉਸ ਦੇ) ਸਾਰੇ ਕੁਪੱਤੇ ਵੈਰੀ (ਨਿੰਦਿਆ ਕਰਕੇ) ਪਏ ਝੱਖਾ ਮਾਰਨ (ਉਸ ਦਾ ਕੁਛ ਨਹੀਂ ਵਿਗਾੜ ਸਕਦੇ)। ਹੇ ਮੇਰੀ ਜਿੰਦੇ! ਨਾਨਕ ਨੇ ਪੂਰੇ ਗੁਰੂ ਨੂੰ ਸੇਵਿਆ ਹੈ, ਜਿਸ (ਗੁਰੂ) ਨੇ ਸਾਰੇ (ਵੈਰੀ ਉਸ ਸੇਵਕ ਦੇ) ਪੈਰੀਂ ਆਣ ਪੁਆਏ ਹਨ।੩। ਹੇ ਮੇਰੀ ਜਿੰਦੇ! ਉਹ ਐਸੇ ਹਰੀ ਨੂੰ ਨਿਤ ਸੇਵਨ ਕਰੀਏ, ਜੋ ਸਭ ਤੋਂ ਵੱਡਾ ਮਾਲਕ ਹੈ। ਹੇ ਮੇਰੀ ਜਿੰਦੇ! ਜਿਨ੍ਹਾਂ ਪੁਰਖਾਂ ਨੇ ਇਕਾਗਰ ਮਨ ਨਾਲ ਇਕ ਹਰੀ ਨੂੰ ਸਿਮਰਿਆ ਹੈ, ਉਨ੍ਹਾਂ ਨੂੰ ਕਿਸੇ ਦੀ ਕੁਛ ਪ੍ਰਵਾਹ ਨਹੀਂ। ਹੇ ਮੇਰੀ ਜਿੰਦੇ! (ਜਿਨ੍ਹਾਂ ਮਨੁੱਖਾਂ ਨੇ) ਗੁਰੂ ਦੀ ਸੇਵਾ ਕਰਕੇ ਹਰੀ ਦਾ ਮਹਿਲ ਪਾ ਲਿਆ ਹੈ, (ਉਨ੍ਹਾਂ ਦੇ ਵਿਰੋਧੀ) ਸਭ ਕੁਪੱਤੇ ਨਿੰਦਕ ਪਏ ਝੱਖਾਂ ਮਾਰਨ (ਉਨ੍ਹਾਂ ਦਾ ਕੁਛ ਵਿਗਾੜ ਨਹੀਂ ਸਕਦੇ)। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ) ਪੁਰਖਾਂ ਨੇ ਹਰੀ ਦਾ ਨਾਮ ਸਿਮਰਿਆ ਹੈ, (ਨਾਮ ਸਿਮਰਨ ਦਾ ਲੇਖ ਉਨ੍ਹਾਂ ਦੇ) ਮੱਥੇ ਤੇ ਹਰੀ ਨੇ ਧੁਰ ਤੋਂ ਹੀ ਲਿਖ ਛੱਡਿਆ ਸੀ।੪।੫।

ਪਦਾਰਥ = ਨਿਤ-ਸਦਾ। ਸੋ-ਉਹ। ਜਿਨਿ-ਜਿਸ ਨੇ। ਕਮਤੇ-(ਕਮੱਤੇ ਬੋਲੋ) ਕਮਾਏ (ਕੀਤੇ) ਹਨ। ਅੰਤਰੁ-ਅੰਦਰ; ਮਨ। ਸੁਧੁ-ਪਵਿਤ੍ਰ। ਤਿਨਿ-ਉਸ ਨੇ। ਜਨਿ-ਮਨੁੱਖ ਨੇ। ਘਤੇ-ਪਾਏ; ਦਿਤੇ ਹਨ। ਨਾਮਿ-ਨਾਮ ਵਿਚ। ਪਤੀਜਿਆ-ਨਿਸਚੇ ਵਾਲਾ; ਗਿੱਝ ਗਿਆ। ਝਖ-ਦੁਖ ਪਹੁੰਚਾਉਣ ਵਾਲਾ ਬਕਵਾਸ। ਦੁਸਟ-ਵੈਰੀ। ਕੁਪਤੇ-(ਕੁਪੱਤੇ ਬੋਲੋ) ਬੇਸ਼ਰਮ; ਬੇਇੱਜਤ। ਨਾਨਕਿ-ਨਾਨਕ ਨੇ। ਪੈਰੀ-ਪੈਰਾਂ ਵਿਚ। ਆਣਿ-ਲਿਆ ਕੇ। ਘਤੇ-ਪਾਏ ਹਨ।੩। ਸੇਵੀਐ-ਸੇਵਾ ਭਗਤੀ ਕਰੀਏ। ਸਭ ਦੂ-ਸਭ ਤੋਂ। ਸਾਹਿਬੁ-ਮਾਲਕ। ਇਕ ਮਨਿ-ਇਕਾਗਰ ਮਨ ਨਾਲ। ਇਕੁ-ਇਕ ਹਰੀ ਨੂੰ। ਚਡਾ-(ਚੱਡਾ ਬੋਲੋ) ਪ੍ਰਵਾਹ; ਧੌਂਸ। ਹਰਿ ਮਹਲੁ-ਹਰੀ ਦਾ ਘਰ; ਹਰੀ ਦੀ ਹਜੂਰੀ। ਘੰਡਾ-ਕੁਪੱਤੇ; ਸ਼ਰਾਰਤੀ। ਧੁਰਿ-ਧੁਰ (ਦਰਗਾਹ) ਤੋਂ। ਮਸਤਕਿ-ਮੱਥੇ ਤੇ। ਲਿਖਿ ਛਡਾ-(ਛੱਡਾ ਬੋਲੋ) ਲਿਖ ਛੱਡਿਆ ਸੀ।੪।੫।

ਬਿਹਾਗੜਾ ਮਹਲਾ ੪ ॥ ਸਭਿ ਜੀਅ ਤੇਰੇ ਤੂੰ ਵਰਤਦਾ ਮੇਰੇ ਹਰਿ ਪ੍ਰਭ, ਤੂੰ ਜਾਣਹਿ ਜੋ ਜੀਇ ਕਮਾਈਐ ਰਾਮ ॥ ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ, ਸਭ ਵੇਖੈ ਮਨਿ ਮੁਕਰਾਈਐ ਰਾਮ ॥ ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ, ਸਭ ਬਿਰਥੀ ਘਾਲ ਗਵਾਈਐ ਰਾਮ ॥ ਜਨ ਨਾਨਕ ਗੁਰਮੁਖਿ ਧਿਆਇਆ ਮੇਰੀ ਜਿੰਦੁੜੀਏ, ਹਰਿ ਹਾਜਰੁ ਨਦਰੀ ਆਈਐ ਰਾਮ ॥੧॥ ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ, ਜੋ ਪ੍ਰਭ ਮੇਰੈ ਮਨਿ ਭਾਣੇ ਰਾਮ ॥ ਸੇ ਹਰਿ ਦਰਗਹ ਪੈਨਾਇਆ ਮੇਰੀ ਜਿੰਦੁੜੀਏ, ਅਹਿਨਿਸਿ ਸਾਚਿ ਸਮਾਣੇ ਰਾਮ ॥ ਤਿਨ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ, ਰੰਗਿ ਰਾਤੇ ਨਦਰਿ ਨੀਸਾਣੇ ਰਾਮ ॥ ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ, ਮਿਲਿ ਸਾਧੂ ਸੰਗਿ ਅਘਾਣੇ ਰਾਮ ॥੨॥ ਹੇ ਮੇਰੇ ਹਰੀ ਪ੍ਰਭੂ! ਸਾਰੇ ਜੀਵ ਤੇਰੇ (ਪੈਦਾ ਕੀਤੇ ਹੋਏ) ਹਨ ਅਤੇ ਤੂੰ ਸਭ

ਵਿਚ ਵਰਤ ਰਿਹਾ ਹੈਂ, ਜੋ ਵੀ (ਅਪਣੇ) ਦਿਲ ਵਿਚ ਕਮਾਈਦਾ ਹੈ (ਕੰਮ ਕਰਨ ਲਈ ਅਸੀਂ ਸੋਚਾਂ ਸੋਚਦੇ ਹਾਂ, ਉਹ ਸਭ) ਤੂੰ ਜਾਣਦਾ ਹੈਂ)। ਹੇ ਮੇਰੀ ਜਿੰਦੇ! ਹਰੀ ਅੰਦਰ ਵੀ ਹੈ ਅਤੇ ਬਾਹਰ ਵੀ (ਸਾਡੇ) ਨਾਲ ਹੈ, (ਜੋ ਕੁਝ ਸਾਡੇ) ਮਨ ਵਿਚ ਹੁੰਦਾ ਹੈ (ਉਹ) ਸਭ ਦੇਖਦਾ ਹੈ, (ਫਿਰ ਵੀ) ਮੁਕਰ ਜਾਈਦਾ ਹੈ। ਹੇ ਮੇਰੀ ਜਿੰਦੇ! ਮਨਮੁਖਾਂ ਨੂੰ ਹਰੀ ਦੂਰ (ਪ੍ਰਤੀਤ ਹੁੰਦਾ) ਹੈ, (ਉਨ੍ਹਾਂ ਵੱਲੋਂ ਕੀਤੀ ਹੋਈ) ਸਾਰੀ ਘਾਲ ਬਿਅਰਥ ਗੁਆ ਲਈ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! (ਜਿਨ੍ਹਾਂ) ਜਨਾਂ ਨੇ ਗੁਰੂ ਦੁਆਰਾ ਹਰੀ ਨੂੰ ਸਿਮਰਿਆ ਹੈ, (ਉਨ੍ਹਾਂ ਨੂੰ ਸਭ ਜਗ੍ਹਾ) ਹਰੀ ਪ੍ਰਤੱਖ ਨਜਰ ਆਇਆ ਹੈ।੧। ਹੇ ਮੇਰੀ ਜਿੰਦੇ! ਉਹ (ਮਨੁੱਖ ਹਰੀ ਦੇ ਸੱਚੇ) ਭਗਤ ਹਨ ਤੇ ਉਹ ਸੇਵਕ ਹਨ, ਜਿਹੜੇ ਮੇਰੇ ਪ੍ਰਭੂ ਦੇ ਮਨ ਵਿਚ ਚੰਗੇ ਲੱਗਦੇ ਹਨ। ਹੇ ਮੇਰੀ ਜਿੰਦੇ! ਉਹ (ਮਨੁੱਖ) ਹਰੀ ਦੀ ਦਰਗਾਹ ਵਿਚ ਸਿਰੋਪਾ ਪਹਿਨਾ ਕੇ ਸਨਮਾਨੇ ਜਾਂਦੇ ਹਨ, (ਜਿਹੜੇ) ਦਿਨ ਰਾਤ ਸੱਚ ਸਰੂਪ ਵਿਚ ਸਮਾਏ ਰਹਿੰਦੇ ਹਨ। ਹੇ ਮੇਰੀ ਜਿੰਦੇ! ਉਨ੍ਹਾਂ ਦਾ ਸੰਗ ਕਰਕੇ (ਮਨ ਦੀ) ਮੈਲ ਉਤਰ ਜਾਂਦੀ ਹੈ, (ਜਿਹੜੇ ਪ੍ਰਭੂ ਦੇ) ਪ੍ਰੇਮ ਰੰਗ ਵਿਚ ਰੰਗੇ ਹੁੰਦੇ ਹਨ, (ਉਨ੍ਹਾਂ ਦੇ ਮੱਥੇ ਤੇ ਪ੍ਰਭੂ ਦੀ) ਮੇਹਰ ਦੀ ਨਜਰ ਦਾ ਨਿਸ਼ਾਨ ਪਿਆ ਹੁੰਦਾ ਹੈ। ਹੇ ਮੇਰੀ ਜਿੰਦੇ! ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ! (ਅਜੇਹੇ ਭਗਤ ਸੇਵਕ ਗੁਰੂ) ਸਾਧੂ ਦੀ ਸੰਗਤ ਵਿਚ ਮਿਲ ਕੇ (ਮਾਇਆ ਦੀ ਤ੍ਰਿਸ਼ਨਾ ਵੱਲੋਂ) ਰੱਜ ਗਏ ਹਨ।੨।

ਪਦਾਰਥ = ਜੀਅ–ਜੀਵ। ਜੀਇ–ਦਿਲ ਵਿਚ। ਕਮਾਈਐ–ਕਮਾਈਦਾ ਹੈ। ਮਨਿ–ਮਨ ਵਿਚ। ਮੁਕਰਾਈਐ–ਮੁਕਰ ਜਾਈਦਾ ਹੈ। ਘਾਲ –ਮੇਹਨਤ; ਸੇਵਾ। ਗੁਰਮੁਖਿ–ਗੁਰੂ ਦੁਆਰਾ। ਹਾਜਰੁ–ਪ੍ਰਤੱਖ; ਸਭ ਥਾਂ ਵਸਦਾ। ਨਦਰੀ ਆਈਐ–ਨਜਰ ਆਇਆ ਹੈ।੧। ਸੇ–ਉਹ। ਮਨਿ–ਮਨ ਵਿਚ। ਭਾਣੇ–ਚੰਗੇ ਲਗਦੇ ਹਨ। ਪੈਨਾਇਆ–ਸਿਰੋਪਾ ਪਹਿਨਾ ਕੇ ਸਨਮਾਨੇ ਜਾਂਦੇ ਹਨ। ਅਹਿ–ਦਿਨ। ਨਿਸਿ–ਰਾਤ। ਸਾਚਿ –ਸੱਚੇ ਪ੍ਰਭੂ ਵਿਚ। ਸਮਾਣੇ–ਲੀਨ ਰਹਿੰਦੇ ਹਨ। ਤਿਨ ਕੈ–ਉਨ੍ਹਾਂ ਦਾ। ਮਲੁ–ਮੈਲ। ਰੰਗਿ ਰਾਤੇ–ਪ੍ਰੇਮ ਰੰਗਿ ਵਿਚ ਰੰਗੇ ਹਨ। ਨਦਰਿ–ਮੇਹਰ ਦੀ ਨਜਰ ਦਾ। ਨਾਸਾਣੇ–ਨਿਸ਼ਾਨ। ਅਘਾਣੇ–ਰੱਜ ਗਏ ਹਨ।੨।

ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ, ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ ॥ ਜਿਸੁ ਦਇਆ ਕਰੇ ਮੇਰਾ ਪਾਰਬ੍ਰਹਮੁ ਮੇਰੀ ਜਿੰਦੁੜੀਏ, ਤਿਸੁ ਮਨਿ ਨਾਮੁ ਵਸਾਏ ਰਾਮ ॥ ਜਿਸੁ ਭੇਟੇ ਪੂਰਾ ਸਤਿਗੁਰੂ ਮੇਰੀ ਜਿੰਦੁੜੀਏ, ਸੋ ਹਰਿ ਧਨੁ ਨਿਧਿ ਪਾਏ ਰਾਮ ॥ ਵਡ ਭਾਗੀ ਸੰਗਤਿ ਮਿਲੈ ਮੇਰੀ ਜਿੰਦੁੜੀਏ, ਨਾਨਕ ਹਰਿ ਗੁਣ ਗਾਏ ਰਾਮ ॥੩॥ ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ, ਪਾਰਬ੍ਰਹਮੁ ਪ੍ਰਭੁ ਦਾਤਾ ਰਾਮ ॥ ਤਾ ਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ, ਪੂਰਨ ਪੁਰਖੁ ਬਿਧਾਤਾ ਰਾਮ ॥ ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ, ਜਿਉ ਬਾਲਕ ਪਿਤ ਮਾਤਾ ਰਾਮ ॥ ਸਹਸ ਸਿਆਣਪਾ ਨਹ ਮਿਲੈ ਮੇਰੀ ਜਿੰਦੁੜੀਏ, ਜਨ ਨਾਨਕ ਗੁਰਮੁਖਿ ਜਾਤਾ ਰਾਮ ॥੪॥੬॥ਛਕਾ ੧॥ ਹੇ ਮੇਰੀ ਜਿੰਦੇ! ਹੇ ਰਸਨਾ! ਤੂੰ ਗੋਬਿੰਦ ਨੂੰ ਜਪ, (ਤਾਂ ਕਿ) ਹਰਿ ਹਰਿ ਨਾਮ ਜਪ ਕੇ ਤ੍ਰਿਸ਼ਨਾ ਦੂਰ ਹੋ ਜਾਵੇ। ਹੇ ਮੇਰੀ ਜਿੰਦੇ! ਜਿਸ ਮਨੁੱਖ ਉਤੇ ਮੇਰਾ ਪ੍ਰਭੂ ਦਇਆ ਕਰਦਾ ਹੈ, ਉਸ ਦੇ ਮਨ ਵਿਚ (ਅਪਣਾ) ਨਾਮ ਵਸਾ ਦੇਂਦਾ ਹੈ। ਹੇ ਮੇਰੀ ਜਿੰਦੇ! ਜਿਸ (ਮਨੁੱਖ) ਨੂੰ ਪੂਰਾ ਸਤਿਗੁਰੂ ਮਿਲ ਪਵੇ, ਉਹ ਹਰੀ ਦਾ ਨਾਮ ਧਨ ਰੂਪ ਖਜਾਨਾ ਪਾ ਲੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੀ ਜਿੰਦੇ! ਵੱਡੇ ਭਾਗਾਂ ਕਰਕੇ (ਜਿਸ ਮਨੁੱਖ ਨੂੰ ਸਤਿਗੁਰੂ ਦੀ) ਸੰਗਤ ਮਿਲਦੀ ਹੈ, (ਉਹ) ਹਰੀ ਦੇ ਗੁਣ ਗਾਉਂਦਾ ਹੈ।੩। ਹੇ ਮੇਰੀ ਜਿੰਦੇ! ਦਾਤਾਰ ਪ੍ਰਭੂ ਸਭ ਥਾਵਾਂ ਵਿਚ ਅਤੇ ਉਨ੍ਹਾਂ ਥਾਵਾਂ ਦੀਆਂ ਵਿੱਥਾਂ ਦੇ ਅੰਦਰ ਵਿਆਪਕ ਹੋ ਰਿਹਾ ਹੈ। ਹੇ ਮੇਰੀ ਜਿੰਦੇ! ਉਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਹ ਰਚਨਹਾਰ ਪ੍ਰਭੂ ਪੂਰਨ ਪੁਰਖ ਹੈ। ਹੇ ਮੇਰੀ ਜਿੰਦੇ! ਉਹ ਸਾਰੇ ਜੀਵਾਂ ਨੂੰ ਪਾਲਦਾ ਹੈ, ਜਿਵੇਂ ਮਾਤਾ ਪਿਤਾ ਬੱਚੇ ਨੂੰ ਪਾਲਦੇ ਹਨ। ਹੇ ਮੇਰੀ ਜਿੰਦੇ! (ਉਹ ਪ੍ਰਭੂ) ਹਜਾਰਾਂ ਸਿਆਣਪਾਂ ਨਾਲ ਵੀ ਨਹੀਂ ਮਿਲਦਾ, (ਪਰ) ਦਾਸ ਨਾਨਕ ਨੇ ਗੁਰੂ ਦੁਆਰਾ (ਉਸ ਨੂੰ) ਜਾਣ ਲਿਆ ਹੈ।੪।੬।ਛਕਾ।੧।

ਪਦਾਰਥ = ਰਸਨਾ–ਜੀਭ। ਮਨਿ–ਮਨ ਵਿਚ। ਭੇਟੇ–ਮਿਲ ਪਵੇ। ਸੋ–ਉਹ। ਨਿਧਿ–ਖਜਾਨਾ। ਵਡਭਾਗੀ–ਵੱਡੇ ਭਾਗਾਂ ਕਰਕੇ।੩। ਥਾਨ ਥਨੰਤਰਿ–ਥਾਵਾਂ ਵਿਚ ਤੇ ਥਾਵਾਂ ਦੀ ਵਿੱਥਾਂ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਤਾ ਕਾ–ਉਸ ਦਾ। ਬਿਧਾਤਾ–ਰਚਨਹਾਰ ਪ੍ਰਭੂ। ਸਰਬ ਜੀਆ–ਸਾਰੇ ਜੀਵਾਂ ਨੂੰ। ਪ੍ਰਤਿਪਾਲਦਾ–ਪਾਲਦਾ ਹੈ। ਸਹਸ–ਹਜਾਰਾਂ। ਗੁਰਮਖਿ–ਗੁਰੂ ਦੁਆਰਾ। ਬਾਲਕ–ਬੱਚੇ ਨੂੰ। ਪਿਤ ਮਾਤਾ–ਮਾਤਾ ਪਿਤਾ। ਜਾਤਾ–ਜਾਣਿਆ ਹੈ।੪।੬। ਛਕਾ।੧ (ਛੱਕਾ ਇਕ ਬੋਲੋ)। ਛਕਾ–ਛੇ ਛੰਤਾਂ ਦਾ ਜੋੜ।

ਬਿਹਾਗੜਾ ਮਹਲਾ ੫ ਛੰਤ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ,ਜੋ ਕਰੇ ਸੁ ਧਰਮ ਨਿਆਏ ਰਾਮ ॥ ਹੇ ਮੇਰੇ ਪਿਆਰੇ ਜੀਉ! ਹਰੀ ਦਾ ਇਕ ਅਸਚਰਜ ਤਮਾਸ਼ਾ ਦੇਖਿਆ ਹੈ ਕਿ ਉਹ ਜੋ ਕੁਛ ਕਰਦਾ ਹੈ, ਉਹ ਧਰਮ ਦਾ ਨਿਆਂ ਕਰਦਾ ਹੈ (ਸੱਚ ਦੇ ਨਿਯਮ ਅਨੁਸਾਰ ਨਿਆਂ ਕਰਦਾ ਹੈ, ਕਿਸੇ ਦਾ ਲਿਹਾਜ ਨਹੀਂ ਕਰਦਾ)।

ਅੰਗ ੫੪੨ = ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ,ਆਵਣੁ ਜਾਣੁ ਸਬਾਏ ਰਾਮ ॥ ਆਵਣੁ ਤ ਜਾਣਾ ਤਿਨਹਿ ਕੀਆ, ਜਿਨਿ ਮੇਦਨਿ ਸਿਰਜੀਆ ॥ ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ, ਇਕਿ ਭਰਮਿ ਭੂਲੇ ਫਿਰਦਿਆ ॥ ਅੰਤੁ ਤੇਰਾ ਤੂੰ ਹੈ ਜਾਣਹਿ, ਤੂੰ ਸਭ ਮਹਿ ਰਹਿਆ ਸਮਾਏ ॥ ਸਚੁ ਕਹੈ ਨਾਨਕੁ ਸੁਣਹੁ ਸੰਤਹੁ ,ਹਰਿ ਵਰਤੈ ਧਰਮ ਨਿਆਏ ॥੧॥ ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ,ਹਰਿ ਹਰਿ ਨਾਮੁ ਅਰਾਧੇ ਰਾਮ ॥ ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ,ਜਮ ਕਾ ਮਾਰਗੁ ਸਾਧੇ ਰਾਮ ॥ ਮਾਰਗੁ ਬਿਖੜਾ ਸਾਧਿ ਗੁਰਮੁਖਿ, ਹਰਿ ਦਰਗਹ ਸੋਭਾ ਪਾਈਐ ॥ ਜਿਨ ਕਉ ਬਿਧਾਤੈ ਧੁਰਹੁ ਲਿਖਿਆ, ਤਿਨ੍ਹਾ ਰੈਣਿ ਦਿਨੁ ਲਿਵ ਲਾਈਐ ॥ ਹਉਮੈ ਮਮਤਾ ਮੋਹੁ ਛੁਟਾ, ਜਾ ਸੰਗਿ ਮਿਲਿਆ ਸਾਧੇ ॥ ਜਨੁ ਕਹੈ ਨਾਨਕੁ ਮੁਕਤੁ ਹੋਆ, ਹਰਿ ਹਰਿ ਨਾਮੁ ਅਰਾਧੇ ॥੨॥ ਹੇ ਮੇਰੇ ਪਿਆਰੇ ਜੀਉ! ਉਸ ਹਰੀ ਨੇ (ਇਹ ਸੰਸਾਰ ਅਪਣਾ) ਤਮਾਸ਼ਾ ਘਰ ਬਣਾਇਆ ਹੋਇਆ ਹੈ, (ਜਿਸ ਵਿਚ ਤਮਾਸ਼ਾ ਕਰਨ ਵਾਲੇ ਪਾਤਰਾਂ ਵਾਂਗ) ਸਭ ਜੀਵਾਂ ਦਾ ਆਉਣਾ ਜਾਣਾ (ਜੰਮਣਾ ਮਰਨਾ) ਨੀਯਤ ਕਰ ਦਿਤਾ ਹੈ।(ਜੀਵਾਂ ਦਾ ਸੰਸਾਰ ਵਿਚ) ਆਉਣਾ ਤੇ ਜਾਣਾ ਉਸ ਹਰੀ ਨੇ ਰਚਿਆ ਹੈ, ਜਿਸ ਨੇ ਸ੍ਰਿਸਟੀ ਰਚੀ ਹੈ।ਕਈ ਜੀਵਾਂ ਨੂੰ ਸਤਿਗੁਰੂ ਮਿਲਾ ਕੇ (ਪ੍ਰਭੂ ਅਪਣੇ) ਮਹਿਲ ਵਿਚ ਬੁਲਾ ਲੈਂਦਾ ਹੈ ਅਤੇ ਕਈ ਜੀਵ ਭਰਮ ਵਿਚ ਭੁੱਲੇ ਫਿਰਦੇ ਹਨ।(ਹੇ ਪ੍ਰਭੂ!) ਤੇਰਾ ਅੰਤ ਤੂੰ ਹੀ ਜਾਣਦਾ ਹੈਂ, (ਬੇਅੰਤ ਹੁੰਦਾ ਹੋਇਆ ਵੀ) ਤੂੰ ਸਭ ਵਿਚ ਸਮਾ ਰਿਹਾ ਹੈਂ।ਹੇ ਸੰਤ ਜਨੋਂ! ਸੁਣੋ, ਨਾਨਕ ਸੱਚ ਕਹਿੰਦਾ ਹੈ (ਕਿ ਜਗਤ ਵਿਚ) ਹਰੀ ਦਾ ਸੱਚਾ ਨਿਆਂ ਵਰਤਦਾ ਹੈ (ਜੀਵਾਂ ਦੇ ਕੀਤੇ ਕੰਮਾਂ ਦਾ ਸਹੀ ਫੈਸਲਾ ਕਰਦਾ ਹੈ)।੧।ਹੇ ਮੇਰੇ ਪਿਆਰੇ (ਪ੍ਰਭੂ) ਦੀਆਂ ਸਹੇਲੀਓ (ਸੰਤ ਜਨੋਂ)! ਆਓ ਮਿਲੋ (ਆਪਾਂ ਮਿਲ ਕੇ) ਹਰਿ ਹਰਿ ਨਾਮ ਨੂੰ ਸਿਮਰੀਏ।ਹੇ ਮੇਰੇ ਪਿਆਰੇ ਜੀਓ! ਸਤਿਗੁਰੂ ਨੂੰ ਪੂਰਨ ਜਾਣ ਕਰਕੇ (ਉਸ ਦੀ) ਸੇਵਾ ਕਰੋ, (ਸੇਵਾ ਕਰਕੇ) ਜਮ ਦਾ ਰਸਤਾ ਜਿੱਤ ਲਵੋ (ਜਮ ਦੇ ਰਸਤੇ ਨਾ ਜਾਣਾ ਪਵੇ)।ਗੁਰੂ ਦੁਆਰਾ ਜਮ ਦਾ ਔਖਾ ਰਸਤਾ ਜਿੱਤ ਕੇ ਹਰੀ ਦੀ ਦਰਗਾਹ ਵਿਚ (ਪੁੱਜ ਕੇ) ਸੋਭਾ ਪਾ ਲਈਦੀ ਹੈ।ਜਿਨ੍ਹਾਂ ਪੁਰਖਾਂ ਦੇ (ਭਾਗਾਂ ਵਿਚ) ਕਰਤਾਰ ਨੇ ਧੁਰੋਂ (ਨਾਮ ਸਿਮਰਨ ਦਾ) ਲੇਖ ਲਿਖਿਆ ਹੈ, ਉਨ੍ਹਾਂ ਦੀ ਦਿਨ ਰਾਤ (ਹਰੀ ਵਿਚ) ਲਿਵ ਲੱਗੀ ਰਹਿੰਦੀ ਹੈ।ਜਦ (ਮਨੁੱਖ) ਸਾਧੂ (ਗੁਰੂ) ਦੀ ਸੰਗਤ ਵਿਚ ਮਿਲਿਆ ਤਾਂ (ਉਸ ਦੀ) ਹਉਮੈ ਤੇ ਮੋਹ ਮਮਤਾ ਛੁਟ ਗਈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਹਰਿ ਹਰਿ ਨਾਮ ਸਿਮਰ ਕੇ (ਜਨਮ ਮਰਣ ਤੋਂ) ਮੁਕਤ ਹੋ ਗਿਆ ਹੈ।੨।

ਪਦਾਰਥ = ਅਚੰਭਉ-ਅਸਚਰਜ (ਤਮਾਸ਼ਾ)। ਲਾਲ ਜੀਉ-ਹੇ ਪਿਆਰੇ ਜੀਉ। ਧਰਮ ਨਿਆਏ-ਧਰਮ ਦਾ ਨਿਆਂ (ਪੱਖਪਾਤ ਤੋਂ ਬਿਨਾ ਕੀਤਾ ਸੱਚਾ ਫੈਸਲਾ)।ਰੰਗੁ ਅਖਾੜਾ-ਤਮਾਸ਼ਾ ਕਰਨ ਦੀ ਜਗ੍ਹਾ (ਜਗਤ)।ਪਾਇਓਨੁ-ਉਸ ਨੇ ਬਣਾਇਆ।ਆਵਣੁ ਜਾਣੁ-ਆਉਣਾ ਜਾਣਾ (ਜੰਮਣਾ ਮਰਨਾ।ਸਬਾਏ-ਸਭ (ਜੀਵਾਂ) ਨੂੰ।ਤਿਨਹਿ-ਉਸ ਨੇ।ਜਿਨਿ-ਜਿਸ ਨੇ।ਮੇਦਨਿ-ਸ੍ਰਿਸਟੀ।ਸਿਰਜੀਆ-ਪੈਦਾ ਕੀਤੀ ਹੈ।ਇਕਨਾ-ਕਈ (ਜੀਵਾਂ) ਨੂੰ।ਮੇਲਿ-ਮਿਲਾ ਕੇ।ਮਹਲਿ-ਮਹਿਲ (ਹਜੂਰੀ) ਵਿਚ।ਇਕਿ-ਕਈ (ਜੀਵ)।ਤੂੰ ਹੈ-ਤੂੰ ਹੀ।ਰਹਿਆ ਸਮਾਏ-ਵਿਆਪਕ ਹੋ ਰਿਹਾ ਹੈਂ।੧।ਸਹੇਲੀਹੋ-ਹੇ ਗੁਰਮੁਖ ਸਹੇਲੀਓ!।ਕਰਿ ਪੂਰਾ-ਪੂਰਨ ਜਾਣ ਕਰਕੇ।ਸੇਵਹੁ-ਸੇਵਾ ਭਗਤੀ ਕਰੋ।ਮਾਰਗੁ-ਰਸਤਾ।ਸਾਧੇ-ਜਿੱਤ ਲਵੋ।ਬਿਖੜਾ-ਔਖਾ।ਸਾਧਿ-ਜਿੱਤ ਕੇ।ਗੁਰਮੁਖਿ-ਗੁਰੂ ਦੁਆਰਾ।ਜਿਨ ਕਉ-ਜਿਨ੍ਹਾਂ ਦੇ।ਬਿਧਾਤੈ-ਕਰਤਾਰ ਨੇ।ਧੁਰਹੁ-ਧੁਰ ਤੋਂ।ਤਿਨ੍ਹਾ-ਉਨ੍ਹਾਂ ਦੀ।ਰੈਣਿ-ਰਾਤ।ਲਿਵ-ਸੁਰਤ; ਲਗਨ।ਛੁਟਾ-ਦੂਰ ਹੋ ਗਿਆ।ਜਾ-ਜਦ। ਸੰਗਿ ਸਾਧੇ-ਸਾਧੂ ਦੀ ਸੰਗਤ ਵਿਚ।ਜਨੁ-ਪੁਰਖ।ਅਰਾਧੇ-ਸਿਮਰ ਕੇ।੨।

ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ,ਅਬਿਨਾਸੀ ਪੁਰਖੁ ਪੂਜੇਹਾ ਰਾਮ ॥ ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ,ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥ ਮਨੁ ਤਨੁ ਧਨੁ ਸਭੁ ਪ੍ਰਭੁ ਕੇਰਾ, ਕਿਆ ਕੋ ਪੂਜ ਚੜਾਵਏ ॥ ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ, ਸੋ ਪ੍ਰਭ ਅੰਕਿ ਸਮਾਵਏ ॥ ਭਾਗੁ ਮਸਤਕਿ ਹੋਇ ਜਿਸ ਕੈ, ਤਿਸੁ ਗੁਰ ਨਾਲਿ ਸਨੇਹਾ ॥ ਜਨੁ ਕਹੈ ਨਾਨਕੁ ਮਿਲਿ ਸਾਧ ਸੰਗਤਿ, ਹਰਿ ਹਰਿ ਨਾਮੁ ਪੂਜੇਹਾ ॥੩॥ ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ,ਹਰਿ ਪਾਇਅੜਾ ਘਰਿ ਆਏ ਰਾਮ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ,ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ ਸਰਬੇ ਸਮਾਣਾ ਆਪਿ ਸੁਆਮੀ, ਗੁਰਮੁਖਿ ਪਰਗਟੁ ਹੋਇਆ ॥ ਮਿਟਿਆ ਅੰਧੇਰਾ ਦੂਖੁ ਨਾਠਾ, ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ, ਪਾਰਬ੍ਰਹਮੁ ਸਭ ਠਾਏ ॥ ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ, ਹਰਿ ਪਾਇਅੜਾ ਘਰਿ ਆਏ ॥੪॥੧॥ ਹੇ ਮੇਰੇ ਪਿਆਰੇ ਸੰਤ ਜੀਓ! ਇਕਤ੍ਰ ਹੋ ਕੇ ਹੱਥ ਜੋੜੋ ਅਤੇ (ਆਓ) ਸਭ ਜਗ੍ਹਾ ਪਰੀ ਪੂਰਨ ਨਾਸ਼ ਰਹਿਤ ਪ੍ਰਭੂ ਪੁਰਖ ਨੂੰ ਪੂਜੀਏ।ਹੇ ਮੇਰੇ ਪਿਆਰੇ ਜੀਓ! ਪੂਜਾ ਦੇ ਬਹੁਤ ਤਰੀਕਿਆਂ ਦੀ ਖੋਜ ਕੀਤੀ ਹੈ, (ਪਰ ਕੋਈ ਸੂਤ ਨਹੀਂ ਬੈਠੀ, ਆਓ) ਇਹ ਤਨ ਮਨ (ਹਰੀ ਅੱਗੇ) ਭੇਟਾ ਕਰ ਦੇਈਏ (ਇਹ ਹੀ ਉਤਮ ਪੂਜਾ ਹੈ)।ਮਨ ਤਨ ਧਨ ਸਭ ਪ੍ਰਭੂ ਦਾ ਦਿਤਾ ਹੋਇਆ ਹੈ, ਤਾਂ ਕੋਈ ਮਨੁੱਖ ਕੀ ਪੂਜਾ ਚੜ੍ਹਾਵੇ? (ਕਿਉਂਕਿ ਅਪਣਾ ਤਾਂ

ਇਥੇ ਕੁਛ ਹੈ ਹੀ ਨਹੀਂ)। ਦਿਆਲੂ ਪ੍ਰਭੂ ਜਿਸ ਮਨੁੱਖ ਉਤੇ ਕ੍ਰਿਪਾਲੂ ਹੁੰਦਾ ਹੈ, ਉਹ ਪ੍ਰਭੂ ਦੇ ਸਰੂਪ ਵਿਚ ਸਮਾ ਜਾਂਦਾ ਹੈ। ਜਿਸ ਮਨੁੱਖ ਦੇ ਮੱਥੇ ਤੇ ਉਤਮ ਭਾਗ ਹੁੰਦਾ ਹੈ, ਉਸ ਦਾ ਗੁਰੂ ਨਾਲ ਸਨੇਹ ਪੈਂਦਾ ਹੈ। ਦਾਸ ਨਾਨਕ ਆਖਦਾ ਹੈ ਕਿ (ਹੇ ਸੰਤ ਜਨੋਂ! ਆਓ) ਸਾਧ ਸੰਗਤ ਵਿਚ ਮਿਲ ਕੇ ਹਰਿ ਹਰਿ ਨਾਮ ਨੂੰ ਪੂਜੀਏ (ਜਪੀਏ)।੩। ਹੇ ਮੇਰੇ ਪਿਆਰੇ ਜੀਓ! ਅਸੀਂ ਦਸਾਂ ਦਿਸ਼ਾਵਾਂ ਵਿਚ ਖੋਜਦੇ ਫਿਰੇ ਹਾਂ, ਪਰ ਹਰੀ ਨੂੰ ਹਿਰਦੇ ਘਰ ਵਿਚ ਆ ਕੇ (ਹਿਰਦੇ ਦੇ ਅੰਦਰੋਂ ਹੀ) ਪ੍ਰਾਪਤ ਕਰ ਲਿਆ। ਹੇ ਮੇਰੇ ਲਾਲ ਜੀਓ! ਹਰੀ ਨੇ (ਇਹ ਸਰੀਰ; ਸੰਸਾਰ ਅਪਣੇ ਰਹਿਣ ਦਾ) ਮੰਦਰ ਸਾਜਿਆ ਹੈ, ਹਰੀ ਉਸ (ਸਰੀਰ; ਸੰਸਾਰ) ਵਿਚ ਸਮਾ ਰਿਹਾ ਹੈ। ਮਾਲਕ ਪ੍ਰਭੂ ਆਪ ਸਭ ਜੀਵਾਂ ਵਿਚ ਸਮਾਇਆ ਹੋਇਆ ਹੈ, (ਪਰ ਉਹ ਪ੍ਰਭੂ) ਗੁਰੂ ਦੁਆਰਾ ਪਰਗਟ ਹੋਇਆ ਹੈ। (ਜਦ ਗੁਰੂ ਨੇ ਮੇਰੇ ਮੂੰਹ ਵਿਚ) ਹਰੀ ਦਾ ਨਾਮ ਰੂਪ ਅੰਮ੍ਰਿਤ ਰਸ ਚੋਇਆ ਤਾਂ (ਅਗਿਆਨ ਦਾ) ਹਨ੍ਹੇਰਾ ਮਿਟ ਗਿਆ ਤੇ ਦੁਖ ਨੱਠ ਗਿਆ। (ਹੁਣ ਮੈਂ) ਜਿਧਰ ਦੇਖਦਾ ਹਾਂ, ਉਧਰ ਮਾਲਕ ਪ੍ਰਭੂ ਸਭ ਜਗ੍ਹਾ (ਵਸਦਾ ਦਿਸ ਰਿਹਾ) ਹੈ। ਦਾਸ ਨਾਨਕ ਆਖਦਾ ਹੈ ਕਿ ਸਤਿਗੁਰੂ ਨੇ (ਮੈਨੂੰ ਹਰੀ) ਮਿਲਾ ਦਿਤਾ ਹੈ ਅਤੇ ਮੈਂ ਹਿਰਦੇ ਘਰ ਵਿਚ ਆ ਕੇ (ਅੰਤਰਮੁਖੀ ਬਿਰਤੀ ਕਰਕੇ) ਹਰੀ ਨੂੰ ਪਾ ਲਿਆ ਹੈ।੪।੧।

ਪਦਾਰਥ = ਕਰ–ਹੱਥ। ਜੋੜਿਹੁ–ਜੋੜੋ। ਅਬਿਨਾਸੀ–ਨਾਸ਼ ਰਹਿਤ ਪ੍ਰਭੂ। ਪੂਜੇਹਾ–ਪੂਜਾ ਕਰੀਏ। ਬਹੁ ਬਿਧਿ–ਬਹੁਤ ਤਰੀਕਿਆਂ ਦੀ। ਅਰਪੇਹਾ–ਭੇਟਾ ਕਰ ਦੇਈਏ। ਕੇਰਾ–ਦਾ। ਕੋ–ਕੋਈ। ਚੜਾਵਏ–ਚੜ੍ਹਾਵੇ (ਭੇਟਾ ਕਰੇ)। ਸੋ–ਉਹ। ਅੰਕਿ–ਗੋਦ ਵਿਚ। ਸਮਾਵਏ–ਸਮਾ ਜਾਂਦਾ ਹੈ। ਮਸਤਕਿ–ਮੱਥੇ ਤੇ। ਸਨੇਹਾ–ਪ੍ਰੇਮ।੩। ਦਹਦਿਸ–ਦਸੇ ਦਿਸ਼ਾਵਾਂ ਵਿਚ (ਸਭ ਪਾਸੇ)। ਹਮ–ਅਸੀਂ। ਪਾਇਅੜਾ–ਪ੍ਰਾਪਤ ਕਰ ਲਿਆ। ਘਰਿ–ਹਿਰਦੇ ਘਰ ਵਿਚ। ਆਏ–ਆ ਕੇ। ਹਰਿ–ਹਰੀ ਨੇ। ਮੰਦਰੁ–(ਰਹਿਣ ਲਈ) ਘਰ। ਸਾਜਿਆ–ਬਣਾਇਆ। ਤਿਸੁ ਮਹਿ–ਉਸ (ਘਰ) ਵਿਚ। ਰਹਿਆ ਸਮਾਏ–ਮਿਲ (ਵਿਆਪਕ ਹੋ) ਰਿਹਾ ਹੈ। ਸਰਬੇ–ਸਭ ਵਿਚ। ਸਮਾਣਾ–ਮਿਲਿਆ ਹੋਇਆ ਹੈ। ਗੁਰਮੁਖਿ–ਗੁਰੂ ਦੁਆਰਾ। ਅਧੇਰਾ–ਹਨ੍ਹੇਰਾ। ਨਾਠਾ–ਨੱਠ ਗਿਆ। ਅਮਿਉ–ਅੰਮ੍ਰਿਤ। ਜਹਾ–ਜਿਧਰ। ਤਹਾ–ਉਧਰ। ਠਾਏ–ਜਗ੍ਹਾ।੪।੧।

ਰਾਗੁ ਬਿਹਾਗੜਾ ਮਹਲਾ ੫ ॥ ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ, ਪ੍ਰਾਨ ਅਧਾਰਾ ਰਾਮ ॥ ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ, ਅਪਰ ਅਪਾਰਾ ਰਾਮ ॥ ਗੋਪਾਲ ਦਇਆਲ ਗੋਬਿੰਦ ਲਾਲਨ, ਮਿਲਹੁ ਕੰਤ ਨਿਮਾਣੀਆ ॥ ਨੈਨ ਤਰਸਨ ਦਰਸ ਪਰਸਨ, ਨਹ ਨੀਦ ਰੈਣਿ ਵਿਹਾਣੀਆ ॥ ਗਿਆਨ ਅੰਜਨ ਨਾਮ ਬਿੰਜਨ, ਭਏ ਸਗਲ ਸੀਗਾਰਾ ॥ ਨਾਨਕੁ ਅਇਅੰਪੈ ਸੰਤ ਜੰਪੈ, ਮੇਲਿ ਕੰਤੁ ਹਮਾਰਾ ॥੧॥ ਲਾਖ ਉਲਾਹਨੇ ਮੋਹਿ, ਹਰਿ ਜਬ ਲਗੁ ਨਹ ਮਿਲੈ ਰਾਮ ॥ ਮਿਲਨ ਕਉ ਕਰਉ ਉਪਾਵ, ਕਿਛੁ ਹਮਾਰਾ ਨਹ ਚਲੈ ਰਾਮ ॥ (ਮੇਰਾ ਪ੍ਰਭੂ) ਬਹੁਤ ਪਿਆਰਾ, ਮਨ ਨੂੰ ਮੋਹ ਲੈਣ ਵਾਲਾ, ਸਾਰੇ ਸਰੀਰਾਂ ਵਿਚ ਸੁਭਾਇਮਾਨ ਹੈ ਅਤੇ (ਸਭ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈ। ਪਿਆਰੇ ਦਿਆਲੂ ਗੋਪਾਲ ਦੀ ਸੋਭਾ ਸੁੰਦਰ ਹੈ ਅਤੇ ਉਹ ਬੇਅੰਤ ਤੋਂ ਬੇਅੰਤ ਹੈ। ਧਰਤੀ ਦੇ ਜੀਵਾਂ ਦੀ ਪਾਲਨਾ ਕਰਨ ਵਾਲੇ ਹੇ ਪ੍ਰਭੂ! ਹੇ ਪਿਆਰੇ ਗੋਬਿੰਦ! ਹੇ ਪਤੀ ਪ੍ਰਭੂ! ਮੈਨੂੰ ਨਿਮਾਣੀ ਨੂੰ ਮਿਲੋ। ਤੇਰਾ ਦਰਸ਼ਨ ਪਰਸਨ ਲਈ ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਨੀਂਦ ਨਹੀਂ ਆਉਂਦੀ ਤੇ ਰਾਤ (ਬਿਨਾ ਨੀਂਦ ਤੋਂ ਹੀ) ਗੁਜਰ ਜਾਂਦੀ ਹੈ (ਜੀਵਨ ਰੂਪ ਰਾਤ ਲੰਘ ਜਾਂਦੀ ਹੈ, ਪਰ ਸ਼ਾਂਤੀ ਨਹੀਂ ਮਿਲਦੀ। ਜਿਸ ਮਨੁੱਖ ਨੇ ਮਨ ਤੇ ਬੁੱਧੀ ਰੂਪ ਅੱਖਾਂ ਵਿਚ) ਗਿਆਨ ਦਾ ਸੁਰਮਾ ਪਾਇਆ ਹੈ ਤੇ ਨਾਮ ਰੂਪ ਭੋਜਨ ਛਕਿਆ ਹੈ, (ਉਸ ਦੇ ਸਾਧਨ ਰੂਪ) ਸਾਰੇ ਸ਼ਿੰਗਾਰ ਸਫਲ ਹੋ ਗਏ ਹਨ। ਨਾਨਕ ਗੁਰੂ ਆਖਦੇ ਹਨ ਕਿ ਹੇ ਸੰਤ ਜੀ! (ਜਿਸ ਪ੍ਰਭੂ ਨੂੰ ਤੁਸੀਂ) ਜਪਦੇ ਹੋ, (ਉਹ) ਮੇਰਾ ਪਤੀ (ਪ੍ਰਭੂ ਮੈਨੂੰ) ਮਿਲਾ ਦਿਓ।੧। ਜਦ ਤਕ ਹਰੀ ਨਹੀਂ ਮਿਲਦਾ, (ਉਤਨਾ ਚਿਰ) ਮੈਨੂੰ ਲੱਖਾਂ ਉਲਾਂਭੇ ਮਿਲਦੇ ਹਨ (ਮੇਹਣੇ ਤਾਹਨੇ ਝੱਲਣੇ ਪੈਂਦੇ ਹਨ ਕਿ ਤੇਰੇ ਵਿਚ ਦੋਸ਼ ਹੋਣ ਕਰਕੇ ਪਤੀ ਨਹੀਂ ਮਿਲ ਰਿਹਾ)। ਹਰੀ ਨੂੰ ਮਿਲਣ ਵਾਸਤੇ (ਮੈਂ ਅਪਣੇ ਵੱਲੋਂ) ਜਤਨ ਕਰਦੀ ਹਾਂ, (ਪਰ) ਮੇਰਾ ਕੁਛ ਚਾਰਾ (ਵਸ) ਨਹੀਂ ਚਲਦਾ।

ਅੰਗ ੫੪੩ = ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ,ਕਵਨ ਬਿਧੀ ਨ ਧੀਜੀਐ ॥ ਖਾਨ ਪਾਨ ਸੀਗਾਰ ਬਿਰਥੇ, ਹਰਿ ਕੰਤ ਬਿਨੁ ਕਿਉ ਜੀਜੀਐ ॥ ਆਸਾ ਪਿਆਸੀ ਰੈਨਿ ਦਿਨੀਅਰੁ ,ਰਹਿ ਨ ਸਕੀਐ ਇਕੁ ਤਿਲੈ ॥ ਨਾਨਕ ਪਇਅੰਪੈ ਸੰਤ ਦਾਸੀ, ਤਉ ਪ੍ਰਸਾਦਿ ਮੇਰਾ ਪਿਰੁ ਮਿਲੈ ॥੨॥ ਧਨ ਅਨਿੱਤ ਹੈ, ਚਿਤ ਚੰਚਲ ਹੈ (ਇਹ ਦੋਵੇਂ ਸਦਾ ਟਿਕੇ ਨਹੀਂ ਰਹਿੰਦੇ), ਪਿਆਰੇ ਤੋਂ ਬਿਨਾ ਕਿਸੇ ਤਰ੍ਹਾਂ ਵੀ ਧੀਰਜ ਨਹੀਂ ਆ ਰਿਹਾ। ਹਰੀ ਪਤੀ ਤੋਂ ਬਿਨਾ ਖਾਣਾ ਪੀਣਾ ਤੇ ਸ਼ਿੰਗਾਰ ਸਭ ਬਿਰਥੇ ਹਨ, (ਇਸ ਲਈ) ਕਿਵੇਂ ਜੀਵਿਆ ਜਾਏ? (ਪਤੀ ਪ੍ਰਭੂ ਨੂੰ ਮਿਲਣ ਦੀ) ਆਸ ਤੇ (ਦਰਸ਼ਨ ਦੀ) ਪਿਆਸ ਦਿਨ ਰਾਤ ਲੱਗੀ ਰਹਿੰਦੀ ਹੈ, (ਉਸ ਤੋਂ ਬਿਨਾ ਮੈਂ) ਇਕ ਤਿਲ ਭਰ ਸਮਾਂ ਨਹੀਂ ਰਹਿ ਸਕੀਦਾ। ਨਾਨਕ ਆਖਦਾ ਹੈ ਕਿ ਹੇ ਸੰਤ ਗੁਰੂ! (ਮੈਂ ਜੀਵ ਰੂਪ ਇਸਤ੍ਰੀ ਤੇਰੀ) ਦਾਸੀ ਹਾਂ, ਤੇਰੀ ਕ੍ਰਿਪਾ ਨਾਲ ਹੀ ਮੇਰਾ ਪ੍ਰਭੂ ਪਤੀ ਮਿਲ ਸਕਦਾ ਹੈ।੨।

ਪਦਾਰਥ = ਅਤਿ ਪ੍ਰੀਤਮ–ਬਹੁਤ ਪਿਆਰਾ। ਮਨ ਮੋਹਨਾ–ਮਨ ਨੂੰ ਮੋਹ ਲੈਣ ਵਾਲਾ। ਘਟ–ਸਰੀਰਾਂ ਵਿਚ। ਸੋਹਨਾ–ਸੁਭਾਇਮਾਨ ਹੈ। ਪ੍ਰਾਨ ਅਧਾਰਾ–ਪ੍ਰਾਣਾਂ ਦਾ ਆਸਰਾ। ਲਾਲ–ਪਿਆਰਾ। ਅਪਰ ਅਪਾਰਾ–ਪਰੇ ਤੋਂ ਪਰੇ; ਬੇਅੰਤ। ਲਾਲਨ–ਪਿਆਰਾ। ਕੰਤ–ਹੇ (ਪ੍ਰਭੂ) ਪਤੀ!। ਨੈਨ–ਅੱਖਾਂ। ਤਰਸਨ–ਤਰਸਦੀਆਂ ਹਨ। ਦਰਸ ਪਰਸਨ–ਦਰਸ਼ਨ ਪਰਸਨ (ਕਰਨ) ਲਈ। ਰੈਣਿ–ਰਾਤ। ਵਿਹਾਣੀਆ–ਲੰਘ ਜਾਂਦੀ ਹੈ। ਅੰਜਨ–ਸੁਰਮਾ। ਬਿੰਜਨ–ਭੋਜਨ। ਸੀਗਾਰਾ–ਸ਼ਿੰਗਾਰ। ਪਇਅੰਪੈ–ਆਖਦਾ ਹੈ। ਜੰਪੈ–ਜਪਦਾ ਹੈ। ਹਮਾਰਾ–ਮੇਰਾ।੧। ਲਾਖ ਉਲਾਹਨੇ–ਲੱਖਾਂ ਉਲਾਂਭੇ; ਲੱਖਾਂ ਮੇਹਣੇ ਤਾਹਨੇ। ਮੋਹਿ–ਮੈਨੂੰ। ਜਬ ਲਗੁ–ਜਦ ਤਕ। ਕਰਉ–ਮੈਂ ਕਰਦੀ ਹਾਂ। ਉਪਾਵ–ਜਤਨ। ਹਮਾਰਾ –ਮੇਰਾ। ਨਹ ਚਲੈ–ਵਸ ਨਹੀਂ ਚਲਦਾ। ਚਲ–ਚੰਚਲ। ਬਿਤ–ਧਨ। ਅਨਿਤ–ਖਿਨ ਭੰਗਰ; ਨਿੱਤ ਨਾ ਰਹਿਣ ਵਾਲਾ। ਪ੍ਰਿਅ–ਪਤੀ ਪ੍ਰਭੂ। ਕਵਨ ਬਿਧਿ–ਕਿਸੇ ਤਰ੍ਹਾਂ ਵੀ। ਨ ਧੀਜੀਐ–ਧੀਰਜ ਨਹੀਂ ਆਉਂਦਾ। ਜੀਜੀਐ–ਜੀਵਿਆ ਜਾਵੇ। ਰੈਨਿ–ਰਾਤ। ਦਿਨੀਅਰੁ–ਦਿਨ। ਇਕੁ ਤਿਲੈ–ਇਕ ਤਿਲ ਮਾਤ੍ਰ (ਬਹੁਤ ਥੋੜਾ ਸਮਾਂ)। ਤਉ ਪ੍ਰਸਾਦਿ–ਤੇਰੀ ਕ੍ਰਿਪਾ ਨਾਲ। ਪਿਰ–ਪਤੀ ਪ੍ਰਭੂ।੨।

ਸੇਜ ਏਕ ਪ੍ਰਿਉ ਸੰਗਿ, ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ, ਕਤ ਮਹਲਿ ਬੁਲਾਈਐ ਰਾਮ ॥ ਨਿਰਗੁਨਿ ਨਿਮਾਣੀ ਅਨਾਥਿ ਬਿਨਵੈ, ਮਿਲਹੁ ਪ੍ਰਭ ਕਿਰਪਾ ਨਿਧੇ ॥ ਭ੍ਰਮ ਭੀਤਿ ਖੋਈਐ ਸਹਜਿ ਸੋਈਐ, ਪ੍ਰਭ ਪਲਕ ਪੇਖਤ ਨਵ ਨਿਧੇ ॥ ਗ੍ਰਿਹਿ ਲਾਲੁ ਆਵੈ ਮਹਲੁ ਪਾਵੈ, ਮਿਲਿ ਸੰਗਿ ਮੰਗਲੁ ਗਾਈਐ ॥ ਨਾਨਕੁ ਪਇਅੰਪੈ ਸੰਤ ਸਰਣੀ, ਮੋਹਿ ਦਰਸੁ ਦਿਖਾਈਐ ॥੩॥ ਸੰਤਨ ਕੈ ਪਰਸਾਦਿ, ਹਰਿ ਹਰਿ ਪਾਇਆ ਰਾਮ ॥ ਇਛ ਪੁੰਨੀ ਮਨਿ ਸਾਂਤਿ, ਤਪਤਿ ਬੁਝਾਇਆ ਰਾਮ ॥ ਸਫਲਾ ਸੁ ਦਿਨਸ ਰੈਣੇ ਸੁਹਾਵੀ, ਅਨਦ ਮੰਗਲ ਰਸੁ ਘਨਾ ॥ ਪ੍ਰਗਟੇ ਗੁਪਾਲ ਗੋਬਿੰਦ ਲਾਲਨ, ਕਵਨ ਰਸਨਾ ਗੁਣ ਭਨਾ ॥ ਭ੍ਰਮ ਲੋਭ ਮੋਹ ਬਿਕਾਰ ਥਾਕੇ, ਮਿਲਿ ਸਖੀ ਮੰਗਲੁ ਗਾਇਆ ॥ ਨਾਨਕੁ ਪਇਅੰਪੈ ਸੰਤ ਜੰਪੈ, ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥ (ਹਿਰਦਾ ਰੂਪ) ਸੇਜ ਇਕ ਹੈ, ਪਤੀ ਵੀ (ਉਸ ਸੇਜ ਉਤੇ ਮੇਰੇ) ਨਾਲ ਹੈ, (ਪਰ ਫਿਰ ਵੀ ਮੈਨੂੰ ਉਸ ਦਾ) ਦਰਸ਼ਨ ਪ੍ਰਾਪਤ ਨਹੀਂ ਹੁੰਦਾ।(ਪ੍ਰਭੂ ਦੇ) ਮਹਿਲ ਵਿਚ ਬੁਲਾਇਆ ਵੀ ਕਿਵੇਂ ਜਾਵੇ? (ਕਿਉਂਕਿ) ਮੇਰੇ ਵਿਚ ਅਨੇਕਾਂ ਅਉਗੁਣ ਹਨ (ਔਗਣਾਂ ਕਰਕੇ ਉਹ ਮੈਨੂੰ ਨਹੀਂ ਮਿਲਦਾ)। ਮੈਂ ਗੁਣ ਹੀਣ, ਨਿਮਾਣੀ ਤੇ ਅਨਾਥ (ਜੀਵ ਇਸਤ੍ਰੀ) ਬੇਨਤੀ ਕਰਦੀ ਹਾਂ ਕਿ ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਮੈਨੂੰ ਮਿਲੋ। ਹੇ ਨੌਂ ਨਿਧੀਆਂ ਦੇ ਮਾਲਕ ਪ੍ਰਭੂ! ਇਕ ਪਲ ਤੇਰਾ ਦਰਸ਼ਨ ਕਰਨ ਨਾਲ ਭਰਮ ਦੀ ਕੰਧ ਦੂਰ ਹੋ ਜਾਂਦੀ ਹੈ ਅਤੇ ਸਹਿਜ ਅਵਸਥਾ ਵਿਚ ਸੌਂ ਜਾਈਦਾ ਹੈ (ਆਤਮਕ ਅਨੰਦ ਮਾਣੀਦਾ ਹੈ)। ਪਿਆਰਾ ਪਤੀ ਪ੍ਰਭੂ (ਜਦ) ਹਿਰਦੇ ਘਰ ਵਿਚ ਆ ਜਾਂਦਾ ਹੈ, (ਤਾਂ ਜੀਵ ਇਸਤ੍ਰੀ ਉਸ ਦੇ) ਮਹਿਲ ਨੂੰ ਪਾ ਲੈਂਦੀ ਹੈ ਅਤੇ ਸਾਧ ਸੰਗਤ ਵਿਚ ਮਿਲ ਕੇ ਖੁਸ਼ੀ ਦਾ ਗੀਤ ਗਾਇਆ ਜਾਂਦਾ ਹੈ। ਸੰਤਾਂ ਦੀ ਸਰਣ ਵਿਚ ਨਾਨਕ ਬੇਨਤੀ ਕਰਦਾ ਹੈ ਕਿ (ਹੇ ਸੰਤ ਗੁਰੂ!) ਮੈਨੂੰ (ਅਪਣਾ) ਦਰਸ਼ਨ ਦਿਖਾ ਦਿਓ ਜੀ।੩। ਸੰਤਾਂ ਦੀ ਕ੍ਰਿਪਾ ਨਾਲ ਮੈਂ ਹਰੀ ਪ੍ਰਭੂ ਨੂੰ ਪਾ ਲਿਆ ਹੈ।(ਮੇਰੀ) ਇੱਛਾ ਪੂਰੀ ਹੋ ਗਈ, ਮਨ ਵਿਚ ਸ਼ਾਂਤੀ ਵਰਤ ਗਈ ਅਤੇ (ਵਿਛੋੜੇ ਦੀ) ਤਪਸ਼ ਬੁਝ ਗਈ ਹੈ। ਉਹ ਦਿਨ ਸਫਲਾ ਹੋ ਗਿਆ ਤੇ ਰਾਤ ਵੀ ਸੋਭਨੀਕ ਹੋ ਗਈ ਅਤੇ ਅਨੰਦ ਮੰਗਲ ਦਾ ਘਣਾ ਰਸ ਪ੍ਰਾਪਤ ਹੋ ਗਿਆ। ਪਿਆਰੇ ਗੁਪਾਲ ਗੋਬਿੰਦ ਜੀ ਪ੍ਰਗਟ ਹੋ ਗਏ, (ਮੈਂ ਉਸ ਦੇ) ਗੁਣ ਕਿਸ ਜੀਭ ਨਾਲ ਵਰਨਣ ਕਰਾਂ? (ਕਿਉਂਕਿ ਉਸ ਦੇ ਗੁਣ ਬੇਅੰਤ ਹਨ। ਜਦ ਮੈਂ ਗੁਰਮੁਖ) ਸਖੀਆਂ ਨਾਲ ਮਿਲ ਕੇ (ਪ੍ਰਭੂ ਦਾ) ਮੰਗਲ ਗਾਇਆ ਤਾਂ (ਮੇਰੇ ਅੰਦਰੋਂ) ਭਰਮ, ਲੋਭ, ਮੋਹ ਤੇ ਵਿਕਾਰ ਥੱਕ (ਦੂਰ ਹੋ) ਗਏ ਹਨ। ਨਾਨਕ ਬੇਨਤੀ ਕਰਦਾ ਹੈ ਤੇ ਸੰਤ ਗੁਰੂ ਨੂੰ ਜਪਦਾ ਹੈ, ਜਿਸ ਨੇ ਸੰਜੋਗ ਦੁਆਰਾ ਹਰੀ ਪ੍ਰਭੂ ਮਿਲਾ ਦਿਤਾ ਹੈ।੪।੨।

ਪਦਾਰਥ = ਸੇਜ–(ਸੌਣ ਵਾਲਾ) ਪਲੰਘ। ਪ੍ਰਿਉ–ਪਤੀ ਪ੍ਰਭੂ। ਮੋਹਿ–ਮੇਰੇ ਵਿਚ। ਕਤ–ਕਿਵੇਂ। ਮਹਲਿ–ਰੱਬ ਦੇ ਮਹਿਲ (ਹਜੂਰੀ) ਵਿਚ। ਨਿਰਗੁਨਿ–ਗੁਣ ਹੀਣ। ਨਿਮਾਣੀ–(ਜਿਸ ਨੂੰ ਕੋਈ) ਮਾਣ ਨਹੀਂ ਦਿੰਦਾ। ਅਨਾਥਿ–ਯਤੀਮ। ਬਿਨਵੈ–ਬੇਨਤੀ ਕਰਦੀ ਹਾਂ। ਕਿਰਪਾ ਨਿਧੇ–ਹੇ ਕ੍ਰਿਪਾ ਦੇ ਖਜਾਨੇ!। ਭ੍ਰਮ ਭੀਤਿ–ਭਰਮ ਦੀ ਕੰਧ। ਖੋਈਐ–ਦੂਰ ਹੋ ਜਾਂਦੀ ਹੈ। ਸਹਜਿ ਸੋਈਐ–ਸਹਿਜ ਅਵਸਥਾ ਵਿਚ ਸੌਂ ਜਾਈਦਾ ਹੈ। ਪਲਕ–ਇਕ ਪਲ ਮਾਤ੍ਰ। ਪੇਖਤ–ਦੇਖਣ ਨਾਲ। ਨਵ ਨਿਧੇ–ਹੇ ਨੌਂ ਖਜਾਨਿਆਂ ਦੇ ਮਾਲਕ!। ਗ੍ਰਿਹਿ–ਹਿਰਦੇ ਘਰ ਵਿਚ। ਲਾਲੁ–ਪਿਆਰਾ ਪ੍ਰਭੂ। ਮੰਗਲੁ–ਖੁਸ਼ੀ ਦਾ ਗੀਤ। ਪਇਅੰਪੈ–ਆਖਦਾ ਹੈ। ਮੋਹਿ–ਮੈਨੂੰ।੩। ਸੰਤਨ ਕੈ–ਸੰਤਾਂ ਦੀ। ਪਰਸਾਦਿ–ਕ੍ਰਿਪਾ ਨਾਲ। ਪੁੰਨੀ–ਪੂਰੀ ਹੋ ਗਈ। ਮਨਿ–ਮਨ ਵਿਚ। ਤਪਤਿ–ਤਪਸ਼; ਸੜਨ। ਸੁ–ਉਹ। ਰੈਣੇ–ਰਾਤ। ਸੁਹਾਵੀ–ਸੋਭਨੀਕ। ਮੰਗਲ–ਖੁਸ਼ੀਆਂ। ਘਨਾ–ਬਹੁਤ। ਲਾਲਨ–ਪਿਆਰਾ। ਕਵਨ–ਕਿਸ; ਕਿਹੜੀ। ਰਸਨਾ–ਜੀਭ ਨਾਲ। ਭਨਾ–ਆਖਾਂ। ਥਾਕੇ–ਮਿਟ ਗਏ। ਸਖੀ–ਗੁਰਮੁਖ ਰੂਪ ਸਖੀਆਂ। ਜੰਪੈ–ਜਪਦਾ ਹੈ। ਜਿਨਿ–ਜਿਸ ਨੇ। ਸੰਜੋਗਿ–ਕਰਮ ਫਲ ਦੁਆਰਾ।੪।੨।

ਬਿਹਾਗੜਾ ਮਹਲਾ ੫ ॥ ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ, ਅਨਦਿਨੁ ਨਾਮੁ ਵਖਾਣਾ ਰਾਮ ॥ ਅੰਮ੍ਰਿਤ ਬਾਣੀ ਉਚਰਾ ਹਰਿ ਜਸੁ , ਮਿਠਾ ਲਾਗੈ ਤੇਰਾ ਭਾਣਾ ਰਾਮ ॥ ਕਰਿ ਦਇਆ ਮਇਆ ਗੋਪਾਲ ਗੋਬਿੰਦ, ਕੋਇ ਨਾਹੀ ਤੁਝ ਬਿਨਾ ॥ ਸਮਰਥ ਅਗਥ ਅਪਾਰ

ਪੂਰਨ, ਜੀਉ ਤਨੁ ਧਨੁ ਤੁਮ੍ ਮਨਾ ॥ ਮੂਰਖ ਮੁਗਧ ਅਨਾਥ ਚੰਚਲ, ਬਲ ਹੀਨ ਨੀਚ ਅਜਾਣਾ ॥ ਬਿਨਵੰਤਿ ਨਾਨਕ ਸਰਣਿ ਤੇਰੀ, ਰਖਿ ਲੇਹੁ ਆਵਣ ਜਾਣਾ ॥੧॥ ਸਾਧਹ ਸਰਣੀ ਪਾਈਐ ਹਰਿ ਜੀਉ ,ਗੁਣ ਗਾਵਹ ਹਰਿ ਨੀਤਾ ਰਾਮ ॥ ਧੂਰਿ ਭਗਤਨ ਕੀ ਮਨਿ ਤਨਿ ਲਾਗਉ ਹਰਿ ਜੀਉ ,ਸਭ ਪਤਿਤ ਪੁਨੀਤਾ ਰਾਮ ॥ ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ, ਜਿਨ੍ ਬਿਧਾਤਾ ਪਾਇਆ ॥ ਨਾਮ ਰਾਤੇ ਜੀਅ ਦਾਤੇ, ਨਿਤ ਦੇਹਿ ਚੜਹਿ ਸਵਾਇਆ ॥ ਰਿਧਿ ਸਿਧਿ ਨਵ ਨਿਧਿ ਹਰਿ ਜਪਿ, ਜਿਨੀ ਆਤਮੁ ਜੀਤਾ ॥ ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ, ਸਾਧ ਸਾਜਨ ਮੀਤਾ ॥੨॥ ਹੇ ਪੂਰਨ ਗੁਰੂ ਪਾਰਬ੍ਰਹਮ! (ਮੇਰੇ ਤੇ) ਕ੍ਰਿਪਾ ਕਰ, (ਤਾਂ ਜੋ ਮੈਂ ਤੇਰਾ) ਨਾਮ ਹਰ ਰੋਜ ਉਚਾਰਦਾ ਰਹਾਂ।ਅੰਮ੍ਰਿਤ ਬਾਣੀ ਦੁਆਰਾ (ਤੇਰਾ) ਹਰਿ ਜਸ ਉਚਾਰਨ ਕਰਦਾ ਰਹਾਂ ਅਤੇ ਤੇਰਾ ਭਾਣਾ (ਮੈਨੂੰ) ਮਿੱਠਾ ਲਗਦਾ ਰਹੇ।ਹੇ ਗੋਪਾਲ! ਹੇ ਗੋਬਿੰਦ! ਤੇਰੇ ਬਿਨਾ (ਮੇਰਾ) ਕੋਈ ਨਹੀਂ, (ਮੇਰੇ ਤੇ) ਦਇਆ ਕਰ, ਮੇਹਰ ਕਰ।ਹੇ ਸਮਰੱਥ! ਹੇ ਕਥਨ ਤੋਂ ਰਹਿਤ ਤੇ ਸਰਬ ਵਿਆਪਕ ਬੇਅੰਤ ਪ੍ਰਭੂ! ਮੇਰੀ ਜਿੰਦ, ਤਨ, ਧਨ ਤੇ ਮਨ ਸਭ ਤੇਰਾ ਹੀ ਦਿਤਾ ਹੋਇਆ ਹੈ।(ਹੇ ਪ੍ਰਭੂ! ਮੈਂ) ਮੂਰਖ, ਬੇਸਮਝ, ਅਨਾਥ, ਚੰਚਲ, ਬਲਹੀਣ (ਕਮਜੋਰ), ਨੀਚ ਤੇ ਅਗਿਆਨੀ ਹਾਂ।ਨਾਨਕ ਬੇਨਤੀ ਕਰਦਾ ਹੈ ਕਿ (ਹੇ ਪ੍ਰਭੂ! ਮੈਂ) ਤੇਰੀ ਸ਼ਰਣ ਵਿਚ ਆ ਪਿਆ ਹਾਂ, ਜਨਮ ਮਰਨ (ਦੇ ਗੇੜ) ਵਿਚ ਪੈਣ ਤੋਂ ਮੈਨੂੰ ਰੱਖ (ਬਚਾ) ਲਵੋ।੧।ਹੇ ਹਰਿ ਜੀਉ! (ਮੈਨੂੰ) ਸਾਧੂਆਂ ਦੀ ਸ਼ਰਣ ਵਿਚ ਪਾ ਦਿਓ, (ਤਾਂ ਕਿ ਅਸੀਂ ਉਨ੍ਹਾਂ ਨਾਲ ਮਿਲ ਕੇ) ਹਰ ਰੋਜ ਹਰੀ ਦੇ ਗੁਣ ਗਾਉਂਦੇ ਰਹੀਏ।ਹੇ ਹਰਿ ਜੀਉ! ਭਗਤਾਂ ਦੇ ਚਰਨਾਂ ਦੀ ਧੂੜ ਮਨ ਵਿਚ ਤੇ ਤਨ ਨੂੰ ਲੱਗ ਜਾਵੇ, ਤਾਂ ਕਿ ਸਾਰੇ ਪਾਪੀ ਲੋਕ ਪਵਿਤ੍ਰ ਹੋ ਜਾਣ।ਜਿਨ੍ਹਾਂ ਪੁਰਖਾਂ ਨੇ ਕਰਤਾਰ ਨੂੰ ਪਾ ਲਿਆ ਹੈ, ਉਨ੍ਹਾਂ ਦੀ ਸੰਗਤ ਕਰਕੇ ਪਾਪੀ ਲੋਕ ਪਵਿਤ੍ਰ ਹੋ ਜਾਂਦੇ ਹਨ।(ਕਿਉਂਕਿ ਉਹ ਭਗਤ) ਨਾਮ ਵਿਚ ਰੰਗੇ ਹੋਏ (ਆਤਮਕ) ਜੀਵਨ ਦਾਨ ਦੇਣ ਵਾਲੇ ਹੁੰਦੇ ਹਨ, (ਇਹ ਦਾਨ ਉਹ) ਰੋਜ ਦਿੰਦੇ ਹਨ ਜੋ ਵਧਦਾ ਰਹਿੰਦਾ ਹੈ।ਜਿਨ੍ਹਾਂ ਪੁਰਖਾਂ ਨੇ ਹਰੀ ਨੂੰ ਜਪ ਕੇ ਆਪਣੇ ਮਨ ਨੂੰ ਜਿੱਤਿਆ ਹੈ, ਉਨ੍ਹਾਂ ਨੂੰ ਰਿਧੀਆਂ ਸਿਧੀਆਂ ਤੇ ਸਭ ਤਰ੍ਹਾਂ ਦੇ ਸੁੱਖਾਂ ਦੇ ਖਜਾਨੇ ਪ੍ਰਾਪਤ ਹਨ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਅਜੇਹੇ) ਸਾਧੂ ਸੱਜਨ ਮਿਤ੍ਰ ਵੱਡੇ ਭਾਗਾਂ ਨਾਲ ਪਾਏ ਜਾਂਦੇ ਹਨ।੨।

ਪਦਾਰਥ = ਅਨਦਿਨੁ–ਹਰ ਰੋਜ।ਵਖਾਣਾ–ਉਚਾਰਦਾ ਰਹਾਂ।ਉਚਰਾ–ਉਚਰਦਾ ਰਹਾਂ।ਮਇਆ–ਮੇਹਰ।ਤੁਝ ਬਿਨਾ–ਤੇਰੇ ਬਿਨਾ। ਅਗਥ–ਅਕੱਥ (ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ)।ਅਪਾਰ–ਪਾਰ ਰਹਿਤ; ਬੇਅੰਤ।ਜੀਉ–ਜਿੰਦ।ਤੁਮ੍–ਤੇਰਾ (ਦਿਤਾ ਹੋਇਆ)।ਮੁਗਧ–ਬੇਸਮਝ।ਅਨਾਥ–ਯਤੀਮ।ਬਲ ਹੀਨ–ਕਮਜੋਰ।ਅਜਾਣਾ–ਅਣਜਾਣ (ਅਗਿਆਨੀ)।ਬਿਨਵੰਤਿ–ਬੇਨਤੀ ਕਰਦਾ ਹੈ।ਆਵਣ ਜਾਣਾ–ਜੰਮਣਾ ਮਰਨਾ।੧।ਸਾਧਹ–ਸਾਧੂਆਂ ਦੀ।ਗਾਵਹ–ਗਾਉਂਦੇ ਰਹੀਏ।ਨੀਤਾ–ਨਿੱਤ (ਸਦਾ)।ਧੂਰਿ–ਚਰਨ ਧੂੜ। ਲਗਉ–ਲਗ ਜਾਵੇ।ਪਤਿਤ–ਪਾਪੀ।ਪੁਨੀਤਾ–ਪਵਿਤ੍ਰ।ਹੋਹਿ–ਹੁੰਦੇ ਹਨ।ਤਿਨ੍ ਸੰਗਿ–ਉਨ੍ਹਾਂ ਦੀ ਸੰਗਤ ਕਰਕੇ।ਬਿਧਾਤਾ–ਕਰਤਾਰ। ਰਾਤੇ–ਰੰਗੇ ਹੋਏ।ਜੀਅ ਦਾਤੇ–ਆਤਮਕ ਜੀਵਨ ਦੇਣ ਵਾਲੇ।ਦੇਹਿ–ਦੇਂਦੇ ਹਨ।ਚੜਹਿ ਸਵਾਇਆ–ਵਧਦਾ ਰਹਿੰਦਾ ਹੈ।ਰਿਧਿ ਸਿਧਿ– ਕਰਾਮਾਤੀ ਸ਼ਕਤੀਆਂ।ਨਵ ਨਿਧਿ–ਨੌਂ (ਦੁਨੀਆਂ ਦੇ ਸਾਰੇ) ਖਜਾਨੇ।ਜਿਨੀ–ਜਿਨ੍ਹਾਂ (ਮਨੁੱਖਾਂ) ਨੇ।ਆਤਮੁ–ਮਨ ਨੂੰ।ਜੀਤਾ–ਜਿੱਤਿਆ ।ਬਿਨਵੰਤਿ–ਬੇਨਤੀ ਕਰਦਾ ਹੈ।ਵਡਭਾਗਿ–ਵੱਡੇ ਭਾਗਾਂ ਨਾਲ।ਮੀਤਾ–ਮਿਤ੍ਰ।੨।

ਜਿਨੀ ਸਚੁ ਵਣੰਜਿਆ ਹਰਿ ਜੀਉ ,ਸੇ ਪੂਰੇ ਸਾਹਾ ਰਾਮ ॥ ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ,ਹਰਿ ਕੀਰਤਨੁ ਲਾਹਾ ਰਾਮ ॥ ਕਾਮੁ ਕ੍ਰੋਧੁ ਨ ਲੋਭੁ ਬਿਆਪੈ, ਜੋ ਜਨ ਪ੍ਰਭ ਸਿਉ ਰਾਤਿਆ ॥ ਏਕੁ ਜਾਨਹਿ ਏਕੁ ਮਾਨਹਿ, ਰਾਮ ਕੈ ਰੰਗਿ ਮਾਤਿਆ ॥ ਲਗਿ ਸੰਤ ਚਰਣੀ ਪੜੇ ਸਰਣੀ, ਮਨਿ ਤਿਨਾ ਓਮਾਹਾ ॥ ਬਿਨਵੰਤਿ ਨਾਨਕੁ ਜਿਨ ਨਾਮੁ ਪਲੈ, ਸੇਈ ਸਚੇ ਸਾਹਾ ॥੩॥ ਜਿਨ੍ਹਾਂ ਪੁਰਖਾਂ ਨੇ (ਮਨ ਤਨ ਦੇ ਕੇ ਗੁਰੂ ਤੋਂ) ਹਰਿ ਜੀ ਦਾ ਸੱਚਾ ਨਾਮ ਖ੍ਰੀਦਿਆ ਹੈ, ਉਹ ਪੂਰੇ ਸ਼ਾਹ ਹਨ।ਉਨ੍ਹਾਂ ਪਾਸ ਹਰਿ ਜੀ (ਦੇ ਨਾਮ ਧਨ) ਦਾ ਬਹੁਤ ਖਜਾਨਾ ਹੈ ਅਤੇ (ਉਨ੍ਹਾਂ ਸ਼ਾਹਾਂ ਨੇ) ਹਰੀ ਦਾ ਕੀਰਤਨ ਰੂਪ ਲਾਭ ਖੱਟਿਆ ਹੈ।ਜੋ ਪੁਰਖ ਪ੍ਰਭੂ ਨਾਲ ਪ੍ਰੇਮ ਕਰਦੇ ਹਨ, ਉਨ੍ਹਾਂ ਨੂੰ ਕਾਮ ਕ੍ਰੋਧ ਤੇ ਲੋਭ ਨਹੀਂ ਵਿਆਪਦਾ।ਉਹ ਇਕ ਪ੍ਰਭੂ ਨੂੰ ਜਾਣਦੇ ਹਨ ਤੇ ਇਕ ਪ੍ਰਭੂ ਨੂੰ ਮੰਨਦੇ ਹਨ ਅਤੇ ਇਕ ਪ੍ਰਭੂ ਦੇ ਪ੍ਰੇਮ ਵਿਚ ਮਗਨ ਰਹਿੰਦੇ ਹਨ।ਉਹ ਸੰਤਾਂ ਦੇ ਚਰਨੀਂ ਲਗ ਕੇ ਪ੍ਰਭੂ ਦੀ ਸ਼ਰਣ ਵਿਚ ਪਏ ਹਨ ਅਤੇ ਉਨ੍ਹਾਂ ਦੇ ਮਨ ਵਿਚ (ਹਰੀ ਦੇ ਮਿਲਣ ਦਾ) ਚਾਓ ਬਣਿਆ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਸੱਚੇ ਸ਼ਾਹ ਹਨ, ਜਿਨ੍ਹਾਂ ਦੇ ਪੱਲੇ ਨਾਮ ਧਨ ਹੁੰਦਾ ਹੈ।੩।

ਅੰਗ ੫੪੪ = ਨਾਨਕ ਸੋਈ ਸਿਮਰੀਐ ਹਰਿ ਜੀਉ ,ਜਾ ਕੀ ਕਲ ਧਾਰੀ ਰਾਮ ॥ ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ ,ਕਰਤਾ ਪੁਰਖੁ ਮੁਰਾਰੀ ਰਾਮ ॥ ਦੂਖੁ ਰੋਗੁ ਨ ਭਉ ਬਿਆਪੈ, ਜਿਨ੍ਹੀ ਹਰਿ ਹਰਿ ਧਿਆਇਆ ॥ ਸੰਤ ਪ੍ਰਸਾਦਿ ਤਰੇ ਭਵਜਲੁ ,ਪੂਰਬਿ ਲਿਖਿਆ ਪਾਇਆ ॥ ਵਜੀ ਵਧਾਈ ਮਨਿ ਸਾਂਤਿ ਆਈ, ਮਿਲਿਆ ਪੁਰਖੁ ਅਪਾਰੀ ॥ ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ, ਇਛ ਪੁੰਨੀ ਹਮਾਰੀ ॥੪॥੩॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਹਰਿ ਜੀ ਨੂੰ ਸਿਮਰੀਏ, ਜਿਸ ਦੀ ਜਗਤ ਕਲਾ ਧਾਰੀ ਹੋਈ ਹੈ (ਜਿਸ

ਦੀ ਤਾਕਤ ਨੇ ਸਾਰੀ ਸ੍ਰਿਸਟੀ ਨੂੰ ਟਿਕਾ ਕੇ ਰਖਿਆ ਹੋਇਆ ਹੈ)।ਗੁਰੂ ਦੀ ਸ਼ਰਣ ਵਿਚ ਵਿਚ ਪਏ ਮਨੁੱਖ ਦੇ ਮਨ ਤੋਂ ਹਰੀ ਜੀ ਕਰਤਾ ਪੁਰਖ ਮੁਰਾਰੀ ਕਦੇ ਨਹੀਂ ਭੁਲਦਾ।ਜਿਨ੍ਹਾਂ ਪੁਰਖਾਂ ਨੇ ਹਰਿ ਹਰਿ ਨਾਮ ਸਿਮਰਿਆ ਹੈ, ਉਨ੍ਹਾਂ ਨੂੰ ਕੋਈ ਦੁਖ ਰੋਗ ਤੇ (ਮੌਤ ਦਾ) ਡਰ ਨਹੀਂ ਵਿਆਪਦਾ।(ਉਹ) ਸੰਤਾਂ ਦੀ ਕ੍ਰਿਪਾ ਨਾਲ ਸੰਸਾਰ ਸਮੁੰਦਰ ਨੂੰ ਤਰ ਗਏ ਹਨ, (ਇਹ ਫਲ ਉਨ੍ਹਾਂ ਨੇ) ਪੂਰਬਲੇ ਲਿਖੇ ਲੇਖ ਅਨੁਸਾਰ ਪ੍ਰਾਪਤ ਕੀਤਾ ਹੈ; ਪਹਿਲਾਂ ਤੋਂ ਲਿਖੇ ਲੇਖ ਕਰਕੇ (ਉਨ੍ਹਾਂ ਨੇ) ਪ੍ਰਭੂ ਨੂੰ ਪਾ ਲਿਆ ਹੈ।(ਜਦ ਉਨ੍ਹਾਂ ਨੂੰ) ਬੇਅੰਤ ਪ੍ਰਭੂ ਮਿਲਿਆ ਤਾਂ (ਉਨ੍ਹਾਂ ਦੇ) ਮਨ ਵਿਚ ਸ਼ਾਂਤੀ ਆ ਗਈ ਤੇ ਵਧਾਈ ਵੱਜੀ (ਅਨੰਦ ਮਿਲਿਆ)।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹਰਿ ਹਰਿ ਨਾਮ ਸਿਮਰ ਕੇ ਸਾਡੀ (ਹਰੀ ਨੂੰ ਮਿਲਣ ਦੀ) ਇੱਛਾ ਪੂਰੀ ਹੋ ਗਈ।੪।੩।

ਪਦਾਰਥ = ਜਿਨੀ–ਜਿਨ੍ਹਾਂ ਨੇ।ਸਚੁ–ਸੱਚਾ ਨਾਮ।ਵਣੰਜਿਆ–ਖ਼੍ਰੀਦਿਆ; ਵਪਾਰ ਕੀਤਾ।ਸੇ–ਉਹ।ਸਾਹਾ–ਸ਼ਾਹੂਕਾਰ।ਤਿੰਨ ਪਹਿ–ਉਨ੍ਹਾਂ ਪਾਸ।ਲਾਹਾ–ਲਾਭ।ਨ ਬਿਆਪੈ–ਨਹੀਂ ਵਿਆਪਦਾ।ਸਿਉ–ਨਾਲ।ਰਾਤਿਆ–ਪ੍ਰੇਮ ਕਰਦੇ ਹਨ।ਏਕੁ–ਇਕ ਪ੍ਰਭੂ ਨੂੰ।ਮਾਨਹਿ–ਮੰਨਦੇ ਹਨ।ਕੈ–ਦੇ।ਰੰਗਿ–ਪ੍ਰੇਮ ਵਿਚ।ਮਾਤਿਆ–ਮਗਨ ਰਹਿੰਦੇ ਹਨ।ਪੜੇ–ਪਏ ਹਨ।ਮਨਿ–ਮਨ ਵਿਚ।ਓਮਾਹਾ–ਚਾਉ।ਬਿਨਵੰਤਿ –ਆਖਦਾ ਹੈ।ਪਲੈ–(ਹਿਰਦੇ ਰੂਪ) ਪੱਲੇ ਵਿਚ।ਸੇਈ–ਉਹ ਹੀ।੧।ਸੋਈ–ਉਸ।ਜਾ ਕੀ–ਜਿਸ ਦੀ।ਕਲ–ਤਾਕਤ।ਧਾਰੀ–ਟਿਕਾ ਕੇ ਰੱਖੀ ਹੈ।ਮਨਹੁ–ਮਨ ਤੋਂ।ਕਰਤਾ ਪੁਰਖੁ ਮੁਰਾਰੀ–ਰਚਨਹਾਰ ਵਿਆਪਕ ਪ੍ਰਭੂ।ਭਉ–ਡਰ।ਸੰਤ ਪ੍ਰਸਾਦਿ–ਸੰਤਾਂ ਦੀ ਕ੍ਰਿਪਾ ਨਾਲ ।ਤਰੇ–ਤਰ ਗਏ ਹਨ।ਭਵਜਲੁ–ਸੰਸਾਰ ਸਮੁੰਦਰ ਨੂੰ।ਪੂਰਬਿ–ਪਹਿਲੇ ਜਨਮ ਵਿਚ ਕਮਾਏ ਕਰਮਾਂ ਅਨੁਸਾਰ।ਵਜੀ ਵਧਾਈ–ਵਧਾਈ ਵੱਜ ਪਈ (ਅਨੰਦ ਦੀ ਸ਼ਹਨਾਈ ਵੱਜੀ)।ਅਪਾਰੀ–ਬੇਅੰਤ।ਪੁੰਨੀ–ਪੂਰੀ ਹੋ ਗਈ।ਹਮਾਰੀ–ਸਾਡੀ।੪।੩।

ਬਿਹਾਗੜਾ ਮਹਲਾ ੫ ਘਰੁ ੨ ੴ ਸਤਿਨਾਮ ਗੁਰ ਪ੍ਰਸਾਦਿ ॥ ਵਧੁ ਸੁਖੁ ਰੈਨੜੀਏ, ਪ੍ਰਿਅ ਪ੍ਰੇਮੁ ਲਗਾ ॥ ਘਟੁ ਦੁਖ ਨੀਦੜੀਏ ,ਪਰਸਉ ਸਦਾ ਪਗਾ ॥ ਪਗ ਧੂਰਿ ਬਾਂਛਉ ਸਦਾ ਜਾਚਉ ,ਨਾਮ ਰਸਿ ਬੈਰਾਗਨੀ ॥ ਪ੍ਰਿਅ ਰੰਗਿ ਰਾਤੀ ਸਹਜ ਮਾਤੀ, ਮਹਾ ਦੁਰਮਤਿ ਤਿਆਗਨੀ ॥ ਗਹਿ ਭੁਜਾ ਲੀਨ੍ਹੀ ਪ੍ਰੇਮ ਭੀਨੀ, ਮਿਲਨੁ ਪ੍ਰੀਤਮ ਸਚ ਮਗਾ ॥ ਬਿਨਵੰਤਿ ਨਾਨਕ ਧਾਰਿ ਕਿਰਪਾ, ਰਹਉ ਚਰਣਹ ਸੰਗਿ ਲਗਾ ॥੧॥ ਮੇਰੀ ਸਖੀ ਸਹੇਲੜੀਹੋ, ਪ੍ਰਭ ਕੈ ਚਰਣਿ ਲਗਹ ॥ ਮਨਿ ਪ੍ਰਿਅ ਪ੍ਰੇਮੁ ਘਣਾ, ਹਰਿ ਕੀ ਭਗਤਿ ਮੰਗਹ ॥ ਹਰਿ ਭਗਤਿ ਪਾਈਐ ਪ੍ਰਭੁ ਧਿਆਈਐ, ਜਾਇ ਮਿਲੀਐ ਹਰਿ ਜਨਾ ॥ ਮਾਨੁ ਮੋਹੁ ਬਿਕਾਰੁ ਤਜੀਐ, ਅਰਪਿ ਤਨੁ ਧਨੁ ਇਹੁ ਮਨਾ ॥ ਬਡ ਪੁਰਖ ਪੂਰਨ ਗੁਣ ਸੰਪੂਰਨ, ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥ ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ, ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥ ਹੇ ਸੁਖ ਵਾਲੀ ਜੀਵਨ ਰੂਪ ਰਾਤ! ਵਧ ਜਾਹ, (ਲੰਬੀ ਹੋ ਜਾ, ਕਿਉਂਕਿ ਮੈਨੂੰ) ਪਿਆਰੇ ਪ੍ਰਭੂ ਪਤੀ ਨਾਲ ਪ੍ਰੇਮ ਲੱਗਾ ਹੋਇਆ ਹੈ।ਹੇ ਦੁਖਦਾਈ (ਅਵਿਦਿਆ ਰੂਪ) ਨੀਂਦ! ਤੂੰ ਘਟ ਜਾਹ, (ਤਾਂ ਜੋ ਮੈਂ ਪਿਆਰੇ ਦੇ) ਚਰਣ ਸਦਾ ਪਰਸਦੀ ਰਹਾਂ।ਮੈਂ (ਪਿਆਰੇ ਪ੍ਰਭੂ ਪਤੀ ਦੇ) ਚਰਨਾਂ ਦੀ ਧੂੜ ਚਾਹੁੰਦੀ ਹਾਂ, (ਇਹ ਧੂੜ ਮੈਂ) ਸਦਾ ਮੰਗਦੀ ਹਾਂ, ਨਾਮ ਦੇ ਅਨੰਦ ਵਿਚ ਬੈਰਾਗਣ ਹੋਈ ਹੋਈ ਹਾਂ।ਮੈਂ ਪਿਆਰੇ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਸੁਭਾਵਕ ਹੀ ਮਸਤ ਹਾਂ ਤੇ ਬੜੀ ਭਾਰੀ ਖੋਟੀ ਮੱਤ ਛਡ ਦਿਤੀ ਹੈ।ਪ੍ਰੇਮ ਵਿਚ ਭਿੱਜੀ ਹੋਈ ਜਾਣ ਕੇ ਮੇਰੀ ਬਾਂਹ ਫੜ ਕੇ (ਪ੍ਰਭੂ ਪਤੀ ਨੇ ਮੈਨੂੰ ਅਪਣਾ) ਬਣਾ ਲਿਆ ਹੈ, ਪ੍ਰੀਤਮ ਦੇ ਮਿਲਣ ਵਾਸਤੇ ਇਹੋ ਸੱਚਾ ਰਸਤਾ ਹੈ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ (ਕਿ ਹੇ ਪ੍ਰਭੂ! ਮੇਰੇ ਤੇ) ਕਿਰਪਾ ਕਰ, (ਤਾਂ ਕਿ ਮੈਂ ਸਦਾ ਤੇਰੇ) ਚਰਨਾਂ ਨਾਲ ਲੱਗਾ ਰਹਾਂ।੧।ਹੇ (ਸਤਸੰਗੀ ਰੂਪ) ਮੇਰੀ ਸਖੀ ਸਹੇਲੀਓ! (ਆਓ ਆਪਾਂ) ਪ੍ਰਭੂ ਦੇ ਚਰਨੀਂ ਲੱਗੀਏ।ਮੇਰੇ ਮਨ ਵਿਚ ਪਿਆਰੇ ਦਾ ਬਹੁਤ ਪ੍ਰੇਮ ਹੈ, (ਤਾਂ ਤੇ) ਹਰੀ ਦੀ ਭਗਤੀ ਮੰਗੀਏ।ਹਰੀ ਦੇ ਦਾਸਾਂ ਨੂੰ ਜਾ ਕੇ ਮਿਲੀਏ, (ਉਨ੍ਹਾਂ ਨਾਲ ਮਿਲ ਕੇ) ਪ੍ਰਭੂ ਨੂੰ ਧਿਆਈਏ ਤੇ ਹਰੀ ਦੀ ਭਗਤੀ ਪਾ ਲਈਏ।ਇਹ ਮਨ ਤਨ ਤੇ ਧਨ ਅਰਪਣ ਕਰਕੇ ਮਾਣ ਮੋਹ ਆਦਿ ਬਿਕਾਰ ਛਡ ਦੇਈਏ।ਵਿਆਪਕ ਪੂਰਨ ਪੁਰਖ ਪ੍ਰਭੂ ਗੁਣਾਂ ਨਾਲ ਸੰਪੂਰਨ ਹੈ, ਹਰੀ ਨੂੰ ਮਿਲ ਕੇ ਭਰਮ ਦੀ ਕੰਧ ਤੋੜ ਦੇਈਏ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਸਖੀ! ਮੇਰੀ ਸਲਾਹ ਸੁਣ, (ਆਪਾਂ ਮਿਲ ਕੇ ਮਨ ਤਨ ਤੇ ਬਾਣੀ ਕਰਕੇ) ਹਰ ਰੋਜ ਹਰੀ ਦਾ ਨਾਮ ਜਪੀਏ।੨।

ਪਦਾਰਥ = ਵਧੁ–ਵਧ (ਲੰਬੀ ਹੋ) ਜਾਹ।ਸੁਖੁ ਰੈਨੜੀਏ–(ਹਰੀ ਦੇ ਮਿਲਾਪ ਦੀ) ਸੁਖ ਰੂਪ ਹੇ ਰਾਤ!।ਪ੍ਰਿਅ–ਪਿਆਰੇ (ਪ੍ਰਭੂ ਪਤੀ) ਦਾ।ਨੀਦੜੀਏ–ਹੇ (ਅਵਿਦਿਆ ਜਾਂ ਮੋਹ ਮਾਇਆ ਰੂਪ) ਨੀਂਦ!।ਪਰਸਉ–ਪਰਸਦੀ ਰਹਾਂ।ਪਗ–ਪੈਰ।ਧੂਰਿ–(ਚਰਨ) ਧੂੜ। ਬਾਂਛਉ–ਚਾਹੁੰਦੀ ਹਾਂ।ਜਾਚਉ–ਮੰਗਦੀ ਹਾਂ।ਰਸਿ–ਅਨੰਦ ਵਿਚ।ਬੈਰਾਗਨੀ–ਪ੍ਰੇਮਣ ਹੋਈ।ਰੰਗਿ–ਪ੍ਰੇਮ ਰੰਗ ਵਿਚ।ਰਾਤੀ–ਰੰਗੀ ਹੋਈ ।ਸਹਜ–ਸੁਭਾਵਕ ਹੀ।ਮਾਤੀ–ਮਸਤ ਹਾਂ।ਮਹਾ–ਵੱਡੀ।ਦੁਰਮਤਿ–ਖੋਟੀ ਮੱਤ।ਤਿਆਗਨੀ–ਛਡ ਦਿਤੀ ਹੈ।ਗਹਿ–ਫੜ ਕੇ।ਭੁਜਾ–ਬਾਂਹ।ਲੀਨੀ–ਬਣਾ ਲਿਆ।ਭੀਨੀ–ਭਿੱਜੀ ਹੋਈ।ਮਗਾ–ਰਸਤਾ।ਬਿਨਵੰਤਿ–ਬੇਨਤੀ ਕਰਦੇ ਹਨ।ਧਾਰਿ ਕਿਰਪਾ–ਕ੍ਰਿਪਾ ਕਰ।ਰਹਉ –ਰਹਾਂ।ਚਰਣਹ ਸੰਗਿ–ਚਰਨਾਂ ਨਾਲ।੧।ਕੈ–ਦੇ।ਚਰਣਿ ਲਗਹ–ਚਰਨਾਂ ਵਿਚ ਲੱਗੀਏ।ਮਨਿ–ਮਨ ਵਿਚ।ਪ੍ਰਿਅ–ਪਿਆਰੇ ਦਾ

।ਘਣਾ–ਬਹੁਤ।ਮੰਗਹ–ਮੰਗੀਏ।ਹਰਿ ਜਨਾ–ਹਰੀ ਦੇ ਦਾਸਾਂ ਨੂੰ।ਤਜੀਐ–ਛਡ ਦੇਈਏ।ਅਰਪਿ–ਭੇਟਾ ਕਰਕੇ।ਭ੍ਰਮ ਭੀਤਿ–ਭਰਮ ਦੀ ਕੰਧ।ਭਗਹ–ਤੋੜ ਦੇਈਏ।ਮੰਤ੍ਰ–ਸਲਾਹ।ਨਿਤ–ਹਰ ਰੋਜ।ਜਪਹ–ਜਪੀਏ।੨।

ਹਰਿ ਨਾਰਿ ਸੁਹਾਗਣੇ, ਸਭਿ ਰੰਗ ਮਾਣੇ ॥ ਰਾਂਡ ਨ ਬੈਸਈ, ਪ੍ਰਭ ਪੁਰਖ ਚਿਰਾਣੇ ॥ ਨਹ ਦੂਖ ਪਾਵੈ ਪ੍ਰਭ ਧਿਆਵੈ, ਧੰਨਿ ਤੇ ਬਡ ਭਾਗੀਆ ॥ ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ, ਨਾਮ ਰਸਿ ਰੰਗਿ ਜਾਗੀਆ ॥ ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ, ਪ੍ਰਿਅ ਬਚਨ ਮੀਠੇ ਭਾਣੇ ॥ ਬਿਨਵੰਤਿ ਨਾਨਕ ਮਨ ਇਛ ਪਾਈ, ਹਰਿ ਮਿਲੇ ਪੁਰਖ ਚਿਰਾਣੇ ॥੩॥ ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥ ਮਨਿ ਤਨਿ ਰਵਿ ਰਹਿਆ, ਪ੍ਰਭ ਪਰਮਾਨੰਦਾ ॥ ਹਰਿ ਕੰਤ ਅਨੰਤ ਦਇਆਲ ਸ੍ਰੀਧਰ, ਗੋਬਿੰਦ ਪਤਿਤ ਉਧਾਰਣੋ ॥ ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ, ਭੈ ਸਿੰਧੁ ਸਾਗਰ ਤਾਰਣੋ ॥ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ ॥ ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ, ਸਦਾ ਕੇਲ ਕਰੰਦਾ ॥੪॥੧॥੪॥ ਜੋ ਇਸਤ੍ਰੀ ਹਰੀ ਪਤੀ ਦੀ ਬਣ ਜਾਵੇ, ਉਹ ਸੁਹਾਗਣ ਹੈ, ਉਹ ਸਭ ਤਰ੍ਹਾਂ ਦਾ ਅਨੰਦ ਮਾਣਦੀ ਹੈ।ਉਹ ਕਦੇ ਵਿਧਵਾ ਹੋ ਕੇ ਨਹੀਂ ਬੈਠਦੀ (ਪ੍ਰਭੂ ਪਤੀ ਦਾ ਵਿਜੋਗ ਨਹੀਂ ਹੁੰਦਾ, ਕਿਉਂਕਿ ਉਸ ਦਾ ਪਤੀ) ਪ੍ਰਭੂ ਸਦੀਵ ਕਾਲ ਰਹਿਣ ਵਾਲਾ ਪੁਰਖ ਹੈ।(ਜੋ ਜੀਵ ਇਸਤ੍ਰੀਆਂ) ਪ੍ਰਭੂ ਨੂੰ ਸਿਮਰਦੀਆਂ ਹਨ, ਉਹ (ਜਨਮ ਮਰਨ ਰੂਪ) ਦੁਖ ਨਹੀਂ ਪਾਉਂਦੀਆਂ, ਉਹ ਵੱਡੇ ਭਾਗਾਂ ਵਾਲੀਆਂ ਇਸਤ੍ਰੀਆਂ ਧੰਨ ਹਨ।ਉਹ ਸਹਿਜ ਸੁਖ ਵਿਚ ਸੌਂਦੀਆਂ ਹਨ, ਪਾਪ ਦੂਰ ਕਰ ਲੈਂਦੀਆਂ ਹਨ, (ਕਿਉਂਕਿ ਉਹ) ਨਾਮ ਦੇ ਰਸ ਵਿਚ ਤੇ ਪ੍ਰੇਮ ਵਿਚ ਜਾਗਦੀਆਂ ਰਹਿੰਦੀਆਂ ਹਨ।ਪ੍ਰੇਮ ਨਾਲ ਮਿਲ ਕੇ ਰਹਿਣਾ ਤੇ ਨਾਮ ਰੂਪ ਗਹਿਣਾ ਪਾਈ (ਨਾਮ ਨੂੰ ਹਿਰਦੇ ਵਿਚ ਵਸਾਈ) ਰੱਖਣਾ (ਉਨ੍ਹਾਂ ਦੀ ਨਿਤ ਦੀ ਕ੍ਰਿਆ ਹੈ ਅਤੇ ਉਨ੍ਹਾਂ ਨੂੰ) ਪਿਆਰੇ (ਪ੍ਰਭੂ ਪਤੀ ਦੀ ਸਿਫਤ ਸਲਾਹ) ਦੇ ਬਚਨ ਮਿੱਠੇ ਲਗਦੇ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਜੀਵ ਇਸਤ੍ਰੀ ਨੂੰ) ਸਦਾ ਰਹਿਣ ਵਾਲਾ ਪ੍ਰਭੂ ਪਤੀ ਮਿਲ ਗਿਆ ਹੈ, (ਉਸ ਨੇ) ਮਨ ਇਛਤ ਫਲ ਪ੍ਰਾਪਤ ਕਰ ਲਿਆ ਹੈ।੩।ਉਸ ਦੇ ਘਰ ਵਿਚ ਕ੍ਰੋੜਾਂ ਅਨੰਦ ਤੇ ਖੁਸ਼ੀਆਂ ਦੇ ਗੀਤ ਗਾਏ ਜਾ ਰਹੇ ਹਨ।ਜਿਸ ਦੇ ਮਨ ਤੇ ਤਨ ਵਿਚ ਪਰਮ ਅਨੰਦ ਵਾਲਾ ਪ੍ਰਭੂ ਰਚ ਰਿਹਾ ਹੈ।ਉਹ ਪ੍ਰਭੂ ਪਤੀ ਬੇਅੰਤ ਦਇਆਲੂ ਹੈ ਅਤੇ ਮਾਇਆ ਦਾ ਪਤੀ ਗੋਬਿੰਦ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ।(ਜਿਸ ਮਨੁੱਖ ਉਤੇ) ਅਗਿਆਨ ਦਾ ਨਾਸ਼ ਕਰਨ ਵਾਲੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ, (ਉਸ ਨੂੰ ਪ੍ਰਭੂ) ਡਰਾਉਣੇ ਸੰਸਾਰ ਸਾਗਰ ਤੋਂ ਤਾਰਨ ਵਾਲਾ ਹੈ।(ਉਸ) ਮਾਲਕ ਪ੍ਰਭੂ ਦਾ ਇਹ ਬਿਰਦ ਹੈ ਕਿ ਜੋ ਮਨੁੱਖ ਉਸ ਦੀ ਸ਼ਰਣ ਵਿਚ ਆਉਂਦਾ ਹੈ, ਉਸ ਨੂੰ ਗਲ ਨਾਲ ਲਗਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਸਰਨ ਵਿਚ ਆਏ ਮਨੁੱਖ ਨੂੰ) ਸਦਾ ਚੋਜ ਤਮਾਸ਼ੇ ਕਰਨ ਵਾਲਾ ਪਤੀ ਪ੍ਰਭੂ ਮਿਲ ਪਿਆ ਹੈ।੪।੧।੪।

ਪਦਾਰਥ = ਹਰਿ ਨਾਰਿ–ਪ੍ਰਭੂ ਪਤੀ ਦੀ ਇਸਤ੍ਰੀ।ਰੰਗ–ਅਨੰਦ।ਮਾਣੇ–ਮਾਣਦੀ ਹੈ।ਰਾਂਡ–ਵਿਧਵਾ।ਨ ਬੈਸਈ–ਨਹੀਂ ਬੈਠਦੀ। ਚਿਰਾਣੇ–ਅਨਾਦੀ (ਸਦਾ ਕਾਇਮਿ ਰਹਿਣ ਵਾਲਾ)।ਤੇ–ਉਹ (ਇਸਤ੍ਰੀਆਂ)।ਸੁਖ ਸਹਜਿ–ਕੁਦਰਤੀ ਸੁਖ ਵਿਚ।ਸੋਵਹਿ–ਸੌਂਦੀਆਂ ਹਨ।ਕਿਲਬਿਖ–ਪਾਪ।ਖੋਵਹਿ–ਦੂਰ ਕਰ ਲੈਂਦੀਆਂ ਹਨ।ਰੰਗਿ–ਪ੍ਰੇਮ ਵਿਚ।ਜਾਗੀਆ–ਜਾਗਦੀਆਂ ਹਨ।ਪ੍ਰਿਅ ਬਚਨ–ਪਿਆਰੇ ਦੇ ਸਿਫਤ ਸਲਾਹ ਵਾਲੇ ਬਚਨ।ਭਾਣੇ–ਮਿੱਠੇ ਲਗਦੇ ਹਨ।ਬਿਨਵੰਤਿ–ਆਖਦੇ ਹਨ।੩।ਤਿਤੁ ਗ੍ਰਿਹਿ–ਉਸ ਦੇ ਘਰ ਵਿਚ।ਸੋਹਿਲੜੇ–ਖੁਸ਼ੀਆਂ ਦੇ ਗੀਤ।ਕੋਡ–ਕ੍ਰੋੜਾਂ; ਕੌਤਕ; ਤਮਾਸ਼ੇ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਰਵਿ ਰਹਿਆ–ਵਸ ਰਿਹਾ ਹੈ।ਪਰਮਾਨੰਦਾ–ਪਰਮ ਅਨੰਦ ਵਾਲਾ।ਕੰਤ–ਪਤੀ।ਅਨੰਤ–ਬੇਅੰਤ।ਸ੍ਰੀ ਧਰ–ਮਾਇਆ ਦਾ ਪਤੀ ਪ੍ਰਭੂ।ਪਤਿਤ–ਪਾਪੀਆਂ ਦਾ।ਉਧਾਰਣੋ–ਉਧਾਰ ਕਰਨ ਵਾਲਾ ਹੈ।ਮੁਰਾਰੀ–ਅਗਿਆਨ ਦਾ ਨਾਸ਼ ਕਰਨ ਵਾਲਾ।ਸਿੰਧ ਸਾਗਰ–ਸੰਸਾਰ ਸਾਗਰ।ਤਾਰਣੋ–ਤਾਰਨ ਵਾਲਾ।ਕੰਠਿ–ਗਲ ਨਾਲ।ਬਿਰਦੁ–ਮੁੱਢ ਤੋਂ ਬਣਿਆ ਸੁਭਾਉ।ਸੰਦਾ–ਦਾ।ਕੇਲ–ਚੋਜ ਤਮਾਸ਼ੇ।ਕਰੰਦਾ–ਕਰਨ ਵਾਲਾ।੪।੧।੪।

ਅੰਗ ੫੪੫ = ਬਿਹਾਗੜਾ ਮਹਲਾ ੫ ॥ ਹਰਿ ਚਰਣ ਸਰੋਵਰ, ਤਹ ਕਰਹੁ ਨਿਵਾਸੁ ਮਨਾ ॥ ਕਰਿ ਮਜਨੁ ਹਰਿ ਸਰੇ, ਸਭਿ ਕਿਲ ਬਿਖ ਨਾਸੁ ਮਨਾ ॥ ਕਰਿ ਸਦਾ ਮਜਨੁ ਗੋਬਿੰਦ ਸਜਨੁ ,ਦੁਖ ਅੰਧੇਰਾ ਨਾਸੇ ॥ ਜਨਮ ਮਰਣੁ ਨ ਹੋਇ ਤਿਸ ਕਉ ,ਕਟੈ ਜਮ ਕੇ ਫਾਸੇ ਮਿਲੁ ਸਾਧ ਸੰਗੇ ਨਾਮ ਰੰਗੇ, ਤਹਾ ਪੂਰਨ ਆਸੋ ॥ ਬਿਨਵੰਤਿ ਨਾਨਕ ਧਾਰਿ ਕਿਰਪਾ, ਹਰਿ ਚਰਣ ਕਮਲ ਨਿਵਾਸੋ ॥੧॥ ਤਹ ਅਨਦ ਬਿਨੋਦ ਸਦਾ, ਅਨਹਦ ਝੁਣਕਾਰੋ ਰਾਮ ॥ ਮਿਲਿ ਗਾਵਹਿ ਸੰਤ ਜਨਾ, ਪ੍ਰਭ ਕਾ ਜੈਕਾਰੋ ਰਾਮ ॥॥ ਮਿਲਿ ਸੰਤ ਗਾਵਹਿ ਖਸਮ ਭਾਵਹਿ, ਹਰਿ ਪ੍ਰੇਮ ਰਸ ਰੰਗਿ ਭਿੰਨੀਆ ॥ ਹਰਿ ਲਾਭੁ ਪਾਇਆ ਆਪੁ ਮਿਟਾਇਆ, ਮਿਲੇ ਚਿਰੀ ਵਿਛੁੰਨਿਆ ॥ ਗਹਿ ਭੁਜਾ ਲੀਨੇ ਦਇਆ ਕੀਨ੍ੇ ,ਪ੍ਰਭ ਏਕ ਅਗਮ ਅਪਾਰੋ ॥ ਬਿਨਵੰਤਿ ਨਾਨਕ ਸਦਾ ਨਿਰਮਲ, ਸਚੁ ਸਬਦੁ ਰੁਣ ਝੁਣਕਾਰੋ ॥੨॥ ਹੇ ਮਨ! ਹਰੀ ਦੇ ਚਰਨ ਸਰੋਵਰ ਦੀ ਨਿਆਈਂ ਹਨ, (ਤੂੰ) ਉਸ ਵਿਚ ਨਿਵਾਸ ਕਰ (ਚਰਨਾਂ ਵਿਚ ਰਹਿ)।ਹਰੀ ਰੂਪ ਸਰੋਵਰ ਵਿਚ ਇਸ਼ਨਾਨ ਕਰ ,ਹੇ ਮਨ! (ਫਿਰ ਤੇਰੇ) ਸਾਰੇ ਪਾਪ ਨਾਸ਼ ਹੋ ਜਾਣਗੇ।(ਹੇ ਮਨ! ਤੂੰ) ਗੋਬਿੰਦ ਦਾ ਸੱਜਨ ਬਣ ਕੇ (ਇਸ ਸਰੋਵਰ ਵਿਚ) ਸਦਾ

ਇਸ਼ਨਾਨ ਕਰ, (ਫਿਰ ਤੇਰਾ) ਦੁੱਖ ਤੇ ਅਗਿਆਨਤਾ ਦਾ ਹਨ੍ਹੇਰਾ ਨਾਸ਼ ਹੋ ਜਾਵੇਗਾ।(ਜਿਸ ਮਨੁੱਖ ਨੇ ਹਰੀ ਰੂਪ ਸਰੋਵਰ ਵਿਚ ਇਸ਼ਨਾਨ ਕੀਤਾ ਹੈ) ਉਸ ਨੂੰ ਜਨਮ ਮਰਣ ਨਹੀਂ ਹੋਵੇਗਾ ਅਤੇ ਜਮਾਂ ਦੇ ਫਾਹੇ ਵੀ ਕੱਟੇ ਜਾਣਗੇ।ਸਾਧ ਸੰਗ ਵਿਚ ਮਿਲ ਕੇ ਨਾਮ ਨਾਲ ਪ੍ਰੇਮ ਕਰ, ਉਥੇ (ਸਾਧ ਸੰਗਤ ਵਿਚ ਤੇਰੀ ਹਰੇਕ) ਆਸ ਪੂਰੀ ਹੋਵੇਗੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਉਤੇ ਹਰੀ) ਕ੍ਰਿਪਾ ਕਰਦਾ ਹੈ, (ਉਸ ਦਾ) ਹਰੀ ਦੇ ਚਰਨ ਕਮਲਾਂ ਵਿਚ ਨਿਵਾਸ ਹੁੰਦਾ ਹੈ।੧।ਉਥੇ (ਹਰੀ ਦੇ ਸਰੋਵਰ ਵਿਚ) ਅਨੰਦ ਤੇ ਖੁਸ਼ੀ ਹੈ ਤੇ ਸ਼ਬਦ ਕੀਰਤਨ ਦੀ ਇਕ ਰਸ ਮਿੱਠੀ ਤੇ ਸੁਰੀਲੀ ਧੁਨੀ ਸਦਾ ਵਜਦੀ ਰਹਿੰਦੀ ਹੈ।ਸੰਤ ਜਨ ਮਿਲ ਕੇ ਪ੍ਰਭੂ ਦਾ ਜੈ ਜੈਕਾਰ ਰੂਪ ਜਸ ਗਾਉਂਦੇ ਹਨ।ਸੰਤ ਮਿਲ ਕੇ (ਹਰੀ ਜਸ) ਗਾਉਂਦੇ ਹਨ ਤੇ (ਅਪਣੇ) ਮਾਲਕ ਪ੍ਰਭੂ ਨੂੰ ਚੰਗੇ ਲਗਦੇ ਹਨ, (ਉਨ੍ਹਾਂ ਦੀ ਬਿਰਤੀ) ਹਰੀ ਦੇ ਪ੍ਰੇਮ ਰਸ ਦੇ ਰੰਗ ਵਿਚ ਭਿੱਜੀ ਰਹਿੰਦੀ ਹੈ (ਉਹ ਅਨੰਦ ਮਾਣਦੇ ਹਨ।ਉਨ੍ਹਾਂ ਸੰਤਾਂ ਨੇ) ਆਪਾ ਭਾਵ ਮਿਟਾ ਦਿਤਾ ਹੈ ਅਤੇ ਹਰੀ ਦੀ ਪ੍ਰਾਪਤੀ ਰੂਪ ਲਾਭ ਪਾਇਆ ਹੈ, ਚਿਰਾਂ ਤੋਂ ਵਿਛੜਿਆਂ ਨੂੰ ਹਰੀ ਜੀ ਮਿਲ ਪਏ ਹਨ।ਮਨ ਬਾਣੀ ਦੀ ਪਹੁੰਚ ਤੋਂ ਪਰੇ ਇਕ ਬੇਅੰਤ ਪ੍ਰਭੂ ਨੇ (ਉਨ੍ਹਾਂ ਸੰਤਾਂ ਉਤੇ) ਦਇਆ ਕੀਤੀ ਤੇ (ਉਨ੍ਹਾਂ ਦੀ ਬਿਰਤੀ ਰੂਪ) ਬਾਂਹ ਫੜ ਲਈ (ਨਿਆਸਰਿਆਂ ਨੂੰ ਆਸਰਾ ਦਿਤਾ)।ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ ਸੰਤ) ਸਦਾ ਪਵਿਤ੍ਰ ਹਨ, (ਉਨ੍ਹਾਂ ਦੇ ਹਿਰਦੇ ਵਿਚ) ਸੱਚਾ ਸ਼ਬਦ ਰੂਪ ਵਾਜਾ ਮਿੱਠੀ ਤੇ ਸੁਰੀਲੀ ਅਵਾਜ ਵਿਚ ਵਜਦਾ ਰਹਿੰਦਾ ਹੈ।੨।

ਪਦਾਰਥ = ਤਹ–ਉਸ ਵਿਚ; ਉਥੇ।ਮਨਾ–ਹੇ ਮਨ!।ਮਜਨੁ–ਇਸ਼ਨਾਨ।ਸਰੇ–ਸਰੋਵਰ ਵਿਚ।ਕਿਲਬਿਖ–ਪਾਪ।ਸਜਨੁ–ਮਿਤ੍ਰ। ਅੰਧੇਰਾ–ਹਨ੍ਹੇਰਾ।ਨਾਸੇ–ਨਾਸ ਹੋ ਜਾਣਗੇ।ਤਿਸ ਕਉ–ਉਸ ਨੂੰ।ਕਟੈ–ਕੱਟੇ ਜਾਣਗੇ।ਫਾਸੇ–ਫਾਹੇ।ਰੰਗੇ–ਪ੍ਰੇਮ ਕਰ।ਤਹਾ–ਉਥੇ। ਬਿਨਵੰਤਿ–ਆਖਦਾ ਹੈ।ਧਾਰਿ–ਕਰਦਾ ਹੈ।੧।ਬਿਨੋਦ–ਖੁਸ਼ੀ।ਅਨਹਦ–ਇਕ ਰਸ; ਲਗਾਤਾਰ।ਝੁਣਕਾਰੋ–(ਵਾਜਿਆਂ ਦੀ) ਮਿੱਠੀ ਸੁਰੀਲੀ ਅਵਾਜ।ਜੈਕਾਰੋ–ਜੈ ਜੈਕਾਰ ਰੂਪ ਜਸ।ਖਸਮ–ਮਾਲਕ ਪ੍ਰਭੂ।ਭਾਵਹਿ–ਚੰਗੇ ਲਗਦੇ ਹਨ।ਭਿੰਨੀਆ–ਭਿੱਜੀ ਰਹਿੰਦੀ ਹੈ। ਆਪੁ–ਆਪਾ ਭਾਵ (ਹੰਕਾਰ)।ਚਿਰੀ ਵਿਛੁੰਨਿਆ–ਚਿਰਾਂ ਤੋਂ ਵਿਛੜਿਆਂ ਨੂੰ।ਗਹਿ ਲੀਨੇ–ਫੜ ਲਈ।ਭੁਜਾ–ਬਾਂਹ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰੋ–ਬੇਅੰਤ।ਨਿਰਮਲ–ਪਵਿਤ੍ਰ।ਰੁਣਝੁਣਕਾਰੋ–ਮਿੱਠੀ ਤੇ ਸੁਰੀਲੀ ਅਵਾਜ।੨।

ਸੁਣਿ ਵਡਭਾਗੀਆ, ਹਰਿ ਅੰਮ੍ਰਿਤ ਬਾਣੀ ਰਾਮ ॥ ਜਿਨ ਕਉ ਕਰਮਿ ਲਿਖੀ, ਤਿਸੁ ਰਿਦੈ ਸਮਾਣੀ ਰਾਮ ॥ ਅਕਥ ਕਹਾਣੀ ਤਿਨੀ ਜਾਣੀ, ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥ ਅਮਰੁ ਥੀਆ ਫਿਰਿ ਨ ਮੂਆ, ਕਲਿ ਕਲੇਸਾ ਦੁਖ ਹਰੇ ॥ ਹਰਿ ਸਰਣਿ ਪਾਈ ਤਜਿ ਨ ਜਾਈ, ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥ ਬਿਨਵੰਤਿ ਨਾਨਕ ਸਦਾ ਗਾਈਐ, ਪਵਿਤ੍ਰ ਅੰਮ੍ਰਿਤ ਬਾਣੀ ॥੩॥ ਮਨ ਤਨ ਗਲਤੁ ਭਏ, ਕਿਛੁ ਕਹਣੁ ਨ ਜਾਈ ਰਾਮ ॥ ਜਿਸ ਤੇ ਉਪਜਿਅੜਾ, ਤਿਨਿ ਲੀਆ ਸਮਾਈ ਰਾਮ ॥ ਮਿਲਿ ਬ੍ਰਹਮ ਜੋਤੀ ਓਤਿ ਪੋਤੀ, ਉਦਕੁ ਉਦਕਿ ਸਮਾਇਆ ॥ ਜਲਿ ਥਲਿ ਮਹੀਅਲਿ ਏਕੁ ਰਵਿਆ, ਨਹ ਦੂਜਾ ਦ੍ਰਿਸਟਾਇਆ ॥ ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ, ਕੀਮਤਿ ਕਹਣੁ ਨ ਜਾਈ ॥ ਬਿਨਵੰਤਿ ਨਾਨਕ ਆਪਿ ਜਾਣੈ, ਜਿਨਿ ਏਹ ਬਣਤ ਬਣਾਈ ॥੪॥੨॥੫॥ ਹੇ ਵੱਡੇ ਭਾਗਾਂ ਵਾਲੇ ਪੁਰਖਾ! ਹਰੀ ਦੀ ਅੰਮ੍ਰਿਤ ਬਾਣੀ ਸੁਣ।ਜਿਨ੍ਹਾਂ ਮਨੁੱਖਾਂ ਨੂੰ (ਇਹ ਬਾਣੀ ਪ੍ਰਾਪਤ ਹੋਣੀ) ਭਾਗਾਂ ਵਿਚ ਲਿਖੀ ਹੈ, ਉਸ ਉਸ ਦੇ ਹਿਰਦੇ ਵਿਚ (ਇਹ ਬਾਣੀ) ਸਮਾਈ ਹੈ।(ਇਹ) ਨਾ ਕਥੇ ਜਾਣ ਵਾਲੀ ਕਥਾ ਉਨ੍ਹਾਂ ਨੇ ਜਾਣੀ ਹੈ, ਜਿਸ ਜਿਸ (ਮਨੁੱਖ) ਉਤੇ ਪ੍ਰਭੂ ਆਪ ਕ੍ਰਿਪਾ ਕਰਦਾ ਹੈ।(ਜਿਸ ਮਨੁੱਖ ਨੇ ਇਹ ਬਾਣੀ ਜਾਣੀ ਹੈ, ਉਹ) ਅਮਰ ਹੋ ਗਿਆ, ਫਿਰ (ਉਹ ਕਦੇ) ਮਰਿਆ ਨਹੀਂ ਅਤੇ (ਉਸ ਦੇ ਸਾਰੇ) ਝਗੜੇ, ਕਲੇਸ਼ ਤੇ ਦੁੱਖ ਦੂਰ ਹੋ ਗਏ।(ਉਸ ਮਨੁੱਖ ਨੇ) ਹਰੀ ਦੀ ਸ਼ਰਣ ਪ੍ਰਾਪਤ ਕਰ ਲਈ, (ਫਿਰ ਉਹ ਸ਼ਰਣ) ਛਡ ਕੇ ਕਿਤੇ ਨਹੀਂ ਜਾਂਦਾ, (ਕਿਉਂਕਿ) ਪ੍ਰਭੂ ਦੀ ਪ੍ਰੀਤ (ਉਸ ਦੇ) ਮਨ ਵਿਚ ਤੇ ਤਨ ਵਿਚ ਪਿਆਰੀ ਲਗਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਹ) ਪਵਿਤ੍ਰ ਅੰਮ੍ਰਿਤ ਬਾਣੀ ਸਦਾ ਗਾਉਣੀ ਚਾਹੀਦੀ ਹੈ।੩।(ਅੰਮ੍ਰਿਤ ਬਾਣੀ ਗਾਉਣ ਕਰਕੇ ਉਨ੍ਹਾਂ ਪੁਰਖਾਂ ਦੇ) ਮਨ ਤੇ ਤਨ (ਹਰੀ ਦੇ ਪ੍ਰੇਮ ਵਿਚ) ਮਸਤ ਹੋ ਗਏ ਹਨ, (ਉਨ੍ਹਾਂ ਦੀ ਆਤਮਕ ਅਵਸਥਾ ਬਾਰੇ) ਕੁਛ ਕਿਹਾ ਨਹੀਂ ਜਾ ਸਕਦਾ।ਜਿਸ ਪ੍ਰਭੂ ਤੋਂ (ਉਹ ਪੁਰਖ) ਪੈਦਾ ਹੋਇਆ ਸੀ, ਉਸੇ ਨੇ (ਅਪਣੇ ਵਿਚ ਉਸ ਨੂੰ) ਮਿਲਾ ਲਿਆ ਹੈ।(ਉਹ) ਤਾਣੇ ਪੇਟੇ ਵਾਂਗ ਬ੍ਰਹਮ ਦੀ ਜੋਤ ਵਿਚ ਇਉਂ ਮਿਲ ਗਿਆ, (ਜਿਵੇਂ) ਪਾਣੀ ਪਾਣੀ ਵਿਚ ਮਿਲ ਜਾਂਦਾ ਹੈ।(ਹੁਣ ਉਸ ਨੂੰ) ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ (ਪੁਲਾੜ) ਵਿਚ ਇਕੋ ਪ੍ਰਭੂ ਵਿਆਪਕ ਹੋਇਆ ਦਿਸਦਾ ਹੈ, ਦੂਜਾ (ਹੋਰ ਕੋਈ) ਨਜਰ ਨਹੀਂ ਆਉਂਦਾ।ਜੰਗਲਾਂ ਦੇ ਬ੍ਰਿਛਾਂ, ਘਾਹ ਤੇ ਤਿੰਨਾਂ ਲੋਕਾਂ ਵਿਚ (ਉਹ ਪ੍ਰਭੂ) ਪੂਰੀ ਤਰ੍ਹਾਂ ਸਮਾ ਰਿਹਾ ਹੈ, (ਉਸ ਦੀ) ਕੀਮਤ ਕਹੀ ਨਹੀਂ ਜਾ ਸਕਦੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਪ੍ਰਭੂ ਅਪਣੀ ਕੀਮਤ) ਆਪ ਹੀ ਜਾਣਦਾ ਹੈ, ਜਿਸ ਨੇ ਇਹ ਸ੍ਰਿਸਟੀ ਰਚਨਾ ਬਣਾਈ ਹੈ।੪।੨।੫।

ਪਦਾਰਥ = ਵਡਭਾਗੀਆ-ਹੇ ਵੱਡੇ ਭਾਗਾਂ ਵਾਲੇ (ਪੁਰਖਾ)!।ਜਿਨ੍ ਕਉ-ਜਿਸ ਨੂੰ।ਕਰਮਿ-ਭਾਗਾਂ ਵਿਚ।ਤਿਸੁ-ਉਸ ਦੇ।ਰਿਦੈ-ਹਿਰਦੇ ਵਿਚ।ਸਮਾਣੀ-ਸਮਾਈ ਹੈ।ਅਕਥ-ਨਾ ਕਥਨ ਕੀਤੀ ਜਾਣ ਵਾਲੀ।ਤਿਨੀ-ਉਨ੍ਹਾਂ ਨੇ।ਅਮਰ-ਮੌਤ ਤੋਂ ਰਹਿਤ (ਮੁਕਤ)। ਥੀਆ-ਹੋ ਗਿਆ।ਫਿਰਿ-ਮੁੜ ਦੁਬਾਰਾ।ਨ ਮੂਆ-ਮਰਿਆ ਨਹੀਂ।ਕਲਿ-ਝਗੜੇ।ਹਰੇ-ਦੂਰ ਹੋ ਗਏ।ਤਜਿ ਨ ਜਾਈ-ਛੱਡ ਕੇ ਕਿਤੇ ਨਹੀਂ ਜਾਂਦਾ।ਭਾਣੀ-ਪਿਆਰੀ ਲਗਦੀ ਹੈ।੩।ਗਲਤੁ-ਮਸਤ (ਗਲਤਾਨ)।ਭਏ-ਹੋ ਗਏ।ਕਹਣੁ ਨ ਜਾਈ-ਕਿਹਾ ਨਹੀਂ ਜਾ ਸਕਦਾ ।ਜਿਸ ਤੇ-ਜਿਸ (ਪ੍ਰਭੂ) ਤੋਂ।ਉਪਜਿਅੜਾ-ਪੈਦਾ ਹੋਇਆ।ਤਿਨਿ-ਉਸ ਨੇ।ਲੀਆ ਸਮਾਈ-ਮਿਲਾ ਲਿਆ (ਅਪਣੇ ਵਿਚ)।ਓਤਿ ਪੋਤੀ-(ਕਪੜੇ ਦੇ) ਤਾਣੇ ਪੇਟੇ ਵਾਂਗ।ਉਦਕੁ-ਪਾਣੀ।ਉਦਕਿ-ਪਾਣੀ ਵਿਚ।ਸਮਾਇਆ-ਮਿਲ ਜਾਂਦਾ ਹੈ।ਜਲਿ-ਜਲ ਵਿਚ।ਥਲਿ-ਮਾਰੂਥਲ ਵਿਚ।ਮਹੀ ਅਲਿ-ਧਰਤੀ ਤੇ ਅਕਾਸ਼ ਵਿਚ; ਪੁਲਾੜ ਵਿਚ।ਏਕੁ ਰਵਿਆ-ਇਕੋ ਪ੍ਰਭੂ ਵਿਆਪਕ ਹੈ।ਨ ਦ੍ਰਿਸਟਾਇਆ-ਨਜਰ ਨਹੀਂ ਆਉਂਦਾ।ਬਨਿ-ਜੰਗਲ ਦੇ ਬ੍ਰਿਛਾਂ ਵਿਚ।ਤ੍ਰਿਣਿ-ਘਾਹ ਦੇ ਤੀਲੇ ਵਿਚ।ਤ੍ਰਿਭਵਣਿ-ਤਿੰਨਾਂ ਲੋਕਾਂ ਵਿਚ।ਪੂਰਿ-ਪੂਰੀ ਤਰ੍ਹਾਂ ।ਪੂਰਨ-ਸਮਾ ਰਿਹਾ ਹੈ।ਜਿਨਿ-ਜਿਸ (ਪ੍ਰਭੂ) ਨੇ।ਬਣਤ-ਸ੍ਰਿਸਟੀ ਰਚਨਾ।੪।੨।੫।

ਬਿਹਾਗੜਾ ਮਹਲਾ ੫ ॥ ਖੋਜਤ ਸੰਤ ਫਿਰਹਿ, ਪ੍ਰਭ ਪ੍ਰਾਣ ਅਧਾਰੇ ਰਾਮ ॥ ਤਾਣੁ ਤਨੁ ਖੀਣ ਭਇਆ, ਬਿਨੁ ਮਿਲਤ ਪਿਆਰੇ ਰਾਮ ॥ ਪ੍ਰਭ ਮਿਲਹੁ ਪਿਆਰੇ ਮਇਆ ਧਾਰੇ, ਕਰਿ ਦਇਆ ਲੜਿ ਲਾਇ ਲੀਜੀਐ ॥ ਦੇਹਿ ਨਾਮੁ ਅਪਨਾ ਜਪਉ ਸੁਆਮੀ, ਹਰਿ ਦਰਸ ਪੇਖੇ ਜੀਜੀਐ ॥ ਸਮਰਥ ਪੂਰਨ ਸਦਾ ਨਿਹਚਲ, ਊਚ ਅਗਮ ਅਪਾਰੇ ॥ ਬਿਨਵੰਤਿ ਨਾਨਕ ਧਾਰਿ ਕਿਰਪਾ, ਮਿਲਹੁ ਪ੍ਰਾਨ ਪਿਆਰੇ ॥੧॥ ਜਪ ਤਪ ਬਰਤ ਕੀਨੇ, ਪੇਖਨ ਕਉ ਚਰਣਾ ਰਾਮ ॥ ਤਪਤਿ ਨ ਕਤਹਿ ਬੁਝੈ, ਬਿਨੁ ਸੁਆਮੀ ਸਰਣਾ ਰਾਮ ॥ ਪ੍ਰਭ ਸਰਣਿ ਤੇਰੀ ਕਾਟਿ ਬੇਰੀ, ਸੰਸਾਰੁ ਸਾਗਰੁ ਤਾਰੀਐ ॥ ਅਨਾਥ ਨਿਰਗੁਨਿ ਕਛੁ ਨ ਜਾਨਾ, ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥ ਦੀਨ ਦਇਆਲ ਗੋਪਾਲ ਪ੍ਰੀਤਮ, ਸਮਰਥ ਕਾਰਣ ਕਰਣਾ ॥ ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ, ਜਪਿ ਜੀਵਾ ਹਰਿ ਹਰਿ ਚਰਣਾ ॥੨॥ ਹੇ ਪ੍ਰਾਣਾਂ ਦੇ ਆਸਰੇ ਪ੍ਰਭੂ! ਸੰਤ (ਤੈਨੂੰ) ਲੱਭਦੇ ਫਿਰਦੇ ਹਨ।ਪਿਆਰੇ ਪ੍ਰਭੂ ਨੂੰ ਮਿਲੇ ਬਿਨਾ (ਉਨ੍ਹਾਂ ਦਾ) ਸਰੀਰ ਤੇ ਸਰੀਰਕ ਬਲ ਕਮਜੋਰ ਹੋ ਗਿਆ ਹੈ।ਹੇ ਪਿਆਰੇ ਪ੍ਰਭੂ! ਮੇਹਰ ਕਰ ਕੇ (ਮੈਨੂੰ) ਮਿਲ ਅਤੇ ਦਇਆ ਕਰਕੇ (ਮੈਨੂੰ ਅਪਣੇ) ਲੜ ਲਗਾ ਲੈ।ਹੇ ਸੁਆਮੀ! ਅਪਣਾ ਨਾਮ ਦੇਹ, (ਜਿਸ ਨੂੰ ਮੈਂ) ਜਪਦਾ ਰਹਾਂ, ਹੇ ਹਰੀ! (ਮੈਂ ਤੇਰਾ) ਦਰਸ਼ਨ ਦੇਖ ਕੇ ਜਿਉਂਦਾ ਰਹਾਂ (ਆਤਮਕ ਅਨੰਦ ਵਿਚ ਰਹਾਂ)।ਹੇ ਸਰਬ ਸ਼ਕਤੀਮਾਨ ਸਰਬ ਵਿਆਪਕ ਪ੍ਰਭੂ! ਹੇ ਸਦਾ ਅਚੱਲ ਰਹਿਣ ਵਾਲੇ! ਹੇ ਸਭ ਤੋਂ ਉਚੇ ਤੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ!।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਾਣਾਂ ਦੇ ਪਿਆਰੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਆ ਮਿਲ। ੧।(ਹੇ ਪ੍ਰਭੂ! ਮੈਂ ਤੇਰੇ) ਚਰਣਾਂ ਦੇ ਦਰਸ਼ਨ ਕਰਨ ਲਈ (ਦੇਵ ਮੰਤ੍ਰਾਂ ਦੇ) ਜਪ ਧੂਣੀਆ ਦੇ ਤਪ ਤੇ (ਕਈ ਤਰ੍ਹਾਂ ਦੇ) ਬਰਤ ਕੀਤੇ ।(ਪਰ) ਸੁਆਮੀ ਦੀ ਸ਼ਰਣ ਲਏ ਬਿਨਾ (ਵਿਛੋੜੇ ਦੀ) ਤਪਸ਼ ਕਿਸੇ ਤਰ੍ਹਾਂ ਵੀ ਨਹੀਂ ਬੁਝਦੀ।ਹੇ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ, (ਮੋਹ ਮਾਇਆ ਦੀ) ਬੇੜੀ ਕੱਟ ਕੇ (ਮੈਨੂੰ) ਸੰਸਾਰ ਸਾਗਰ ਤੋਂ ਤਾਰ ਲੈ।(ਮੈਂ) ਯਤੀਮ, ਗੁਣਹੀਣ ਹਾਂ ਤੇ ਕੁਛ ਨਹੀਂ ਜਾਣਦਾ ਹਾਂ ਅਤੇ ਮੇਰਾ ਕੋਈ ਗੁਣ ਔਗਣ ਨਾ ਬਿਚਾਰ।ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪਿਆਰੇ ਪ੍ਰਭੂ! ਹੇ ਸਾਰੇ ਕਾਰਣਾਂ ਦੇ ਕਰਨ ਵਾਲੇ ਸਰਬ ਸ਼ਕਤੀਮਾਨ ਪ੍ਰਭੂ!।ਨਾਨਕ ਚਾਤ੍ਰਿਕ (ਤੈਥੋਂ) ਹਰਿ ਨਾਮ ਦੀ ਬੂੰਦ ਮੰਗਦਾ ਹੈ ਅਤੇ (ਕ੍ਰਿਪਾ ਕਰ ਕਿ ਮੈਂ ਤੇਰਾ) ਹਰਿ ਹਰਿ ਨਾਮ ਜਪ ਕੇ ਜੀਵਾਂ ਤੇ ਚਰਨਾਂ ਵਿਚ ਰਹਾਂ।੨।

ਪਦਾਰਥ = ਖੋਜਤ ਫਿਰਹਿ-ਲੱਭਦੇ ਫਿਰਦੇ ਹਨ।ਪ੍ਰਾਣ ਅਧਾਰੇ-ਹੇ ਪ੍ਰਾਣਾਂ ਦੇ ਆਸਰੇ!।ਤਾਣੁ-ਤਾਕਤ।ਖੀਣ-ਕਮਜੋਰ।ਭਇਆ-ਹੋ ਗਿਆ।ਮਇਆ ਧਾਰੇ-ਦਇਆ ਕਰਕੇ।ਲੜਿ-ਲੜ ਨਾਲ।ਲਾਇ ਲੀਜੀਐ-ਲਗਾ ਲੈ।ਜਪਉ-ਜਪਦਾ ਰਹਾਂ।ਪੇਖੇ-ਦੇਖ ਕੇ। ਜੀਜੀਐ-ਜਿਉਂਦਾ ਰਹਾਂ।ਸਮਰਥ-ਹੇ ਸਰਬ ਸ਼ਕਤੀਮਾਨ!।ਪੂਰਨ-ਹੇ ਸਰਬ ਵਿਆਪਕ!।ਨਿਹਚਲ-ਅਚੱਲ।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰੇ-ਹੇ ਬੇਅੰਤ!।੧।ਪੇਖਨ ਕਉ-ਦੇਖਣ ਲਈ।ਤਪਤਿ-ਤਪਸ਼।ਕਤਹਿ-ਕਿਸੇ ਤਰ੍ਹਾਂ; ਕਿਤੇ ਵੀ।ਬੇਰੀ-ਬੇੜੀ (ਬੰਧਨ); ਜਨਮ ਮਰਨ ਦੀ ਕੈਦ।ਤਾਰੀਐ-ਤਾਰ ਲੈ।ਅਨਾਥ-ਯਤੀਮ।ਨਿਰਗੁਨਿ-ਗੁਣ ਹੀਣ।ਕਾਰਣ ਕਰਣਾ-ਕਾਰਨਾਂ ਦੇ ਕਰਨ ਵਾਲਾ; ਸੰਸਾਰ ਰਚਨਾ ਦਾ ਮੂਲ ਕਾਰਨ।ਚਾਤ੍ਰਿਕ-ਪਪੀਹਾ।ਜੀਵਾ-ਜਿਉਂਦਾ ਹਾਂ।੨।

ਅੰਗ ੫੪੬ = ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥ ਸੰਤਹ ਸੰਗਿ ਮਿਲੇ, ਜਪਿ ਪੂਰਨ ਕਾਮਾ ਰਾਮ ॥ ਸਭ ਕਾਮ ਪੂਰਨ ਦੁਖ ਬਿਦੀਰਨ, ਹਰਿ ਨਿਮਖ ਮਨਹੁ ਨ ਬੀਸਰੈ ॥ ਆਨੰਦ ਅਨਦਿਨੁ ਸਦਾ ਸਾਚਾ, ਸਰਬ ਗੁਣ ਜਗਦੀਸਰੈ ॥ ਅਗਣਤ ਊਚ ਅਪਾਰ ਠਾਕੁਰ, ਅਗਮ ਜਾ ਕੋ ਧਾਮਾ ॥ ਬਿਨਵੰਤਿ ਨਾਨਕ ਮੇਰੀ ਇਛ ਪੂਰਨ, ਮਿਲੇ ਸ੍ਰੀ ਰੰਗ ਰਾਮਾ ॥੩॥ ਕਈ ਕੋਟਿਕ ਜਗ ਫਲਾ, ਸੁਣਿ ਗਾਵਨਹਾਰੇ ਰਾਮ ॥ ਹਰਿ ਹਰਿ ਨਾਮੁ ਜਪਤ, ਕੁਲ ਸਗਲੇ ਤਾਰੇ ਰਾਮ ॥ ਹਰਿ ਨਾਮੁ ਜਪਤ ਸੋਹੰਤ ਪ੍ਰਾਣੀ, ਤਾ ਕੀ

ਮਹਿਮਾ ਕਿਤ ਗਨਾ ॥ ਹਰਿ ਬਿਸਰ ਨਾਹੀ ਪ੍ਰਾਨ ਪਿਆਰੇ, ਚਿਤਵੰਤਿ ਦਰਸਨੁ ਸਦ ਮਨਾ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ, ਪ੍ਰਭ ਊਚ ਅਗਮ ਅਪਾਰੇ ॥ ਬਿਨਵੰਤਿ ਨਾਨਕ ਸਫਲੁ ਸਭੁ ਕਿਛੁ ,ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥ (ਹੇ ਭਾਈ! ਸੰਤਾਂ ਦੀ ਸੰਗਤ) ਅੰਮ੍ਰਿਤ ਦਾ ਸਰੋਵਰ ਹੈ, (ਉਥੋਂ) ਪ੍ਰਭੂ ਦਾ ਹਰਿ ਹਰਿ ਨਾਮ ਰੂਪ ਅੰਮ੍ਰਿਤ ਪੀਓ। (ਹੇ ਭਾਈ!) ਸੰਤਾਂ ਦੀ ਸੰਗਤ ਵਿਚੋਂ (ਨਾਮ ਰੂਪ ਅੰਮ੍ਰਿਤ) ਮਿਲਦਾ ਹੈ, (ਇਸ ਨਾਮ ਨੂੰ) ਜਪ ਕੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ। ਹੇ ਸਾਰੇ ਕੰਮ ਪੂਰੇ ਕਰਨ ਵਾਲੇ ਅਤੇ ਦੁਖ ਨਾਸ਼ ਕਰਨ ਵਾਲੇ ਹਰੀ! (ਕਿਰਪਾ ਕਰ, ਤੇਰਾ ਨਾਮ) ਇਕ ਨਿਮਖ ਮਾਤ੍ਰ ਮੇਰੇ ਮਨ ਵਿਚੋਂ ਨਾ ਭੁੱਲੇ। ਜਗਤ ਦੇ ਮਾਲਕ ਪ੍ਰਭੂ ਵਿਚ ਸਾਰੇ ਗੁਣ ਹਨ, (ਉਸ ਦਾ) ਸੱਚਾ ਨਾਮ ਜਪਣ ਨਾਲ ਹਰ ਰੋਜ ਸਦਾ ਅਨੰਦ ਬਣਿਆ ਰਹਿੰਦਾ ਹੈ। ਪ੍ਰਭੂ ਗਿਣਤੀ ਤੋਂ ਪਰੇ ਹੈ, (ਸਭ ਤੋਂ) ਉਚਾ ਹੈ, ਬੇਅੰਤ ਹੈ ਅਤੇ ਜਿਸ ਦਾ ਟਿਕਾਣਾ (ਮਨੁੱਖ ਦੀ) ਪਹੁੰਚ ਤੋਂ ਪਰੇ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰੀ ਇੱਛਾ ਪੂਰੀ ਹੋ ਗਈ ਹੈ (ਜੋ ਕਿ ਮੈਨੂੰ) ਲੱਛਮੀ ਨਾਲ ਅਨੰਦ ਮਾਨਣ ਵਾਲਾ ਵਿਸ਼ਨੂੰ (ਪ੍ਰਭੂ) ਮਿਲ ਪਿਆ ਹੈ।੩। (ਪ੍ਰਭੂ ਦਾ ਜਸ) ਸੁਣਨ ਵਾਲੇ ਤੇ ਗਾਉਣ ਵਾਲੇ ਪੁਰਖਾਂ ਨੂੰ ਕਈ ਕ੍ਰੋੜ ਜੱਗਾਂ ਦਾ ਫਲ ਮਿਲਦਾ ਹੈ। ਹਰਿ ਹਰਿ ਨਾਮ ਜਪਣ ਕਰਕੇ (ਮਨੁੱਖ ਅਪਣੀ) ਸਾਰੀ ਕੁਲ ਨੂੰ ਤਾਰ ਲੈਂਦਾ ਹੈ। ਹਰਿ ਹਰਿ ਨਾਮ ਜਪਣ ਕਰਕੇ ਮਨੁੱਖ ਸੋਹਣੇ ਲਗਦੇ ਹਨ, ਉਨ੍ਹਾਂ ਦੀ ਮਹਿਮਾਂ ਮੈਂ ਕਿੰਨੀ ਕੁ ਗਿਣਾਂ। ਹੇ ਪ੍ਰਾਣਾਂ ਤੋਂ ਪਿਆਰੇ ਹਰੀ! (ਤੂੰ ਮੈਨੂੰ ਕਦੇ) ਨਾ ਭੁੱਲ, ਮੈਂ ਮਨ ਵਿਚ ਸਦਾ ਤੇਰੇ ਦਰਸ਼ਨ ਕਰਨਾ ਚਿਤਾਰਦਾ ਰਹਿੰਦਾ ਹਾਂ। (ਮੇਰੇ) ਸ਼ੁੱਭ ਦਿਨ ਆ ਗਏ, (ਜਦ ਮੈਨੂੰ) ਉਚੇ ਅਪਹੁੰਚ ਤੇ ਬੇਅੰਤ ਪ੍ਰਭੂ ਨੇ ਫੜ ਕੇ ਗਲ ਨਾਲ ਲਾ ਲਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਸਭ ਕੁਛ ਸਫਲ ਹੋ ਗਿਆ, (ਜਦ ਮੈਨੂੰ) ਬਹੁਤ ਪਿਆਰਾ ਪ੍ਰਭੂ ਮਿਲ ਪਿਆ।੪।੩।੬।

ਪਦਾਰਥ = ਅਮਿਅ–ਅੰਮ੍ਰਿਤ ਦਾ। ਸਰੋਵਰੋ–ਸਰੋਵਰ। ਸੰਤਹ ਸੰਗਿ–ਸੰਤਾਂ ਦੀ ਸੰਗਤ ਵਿਚੋਂ। ਕਾਮਾ–ਕੰਮ। ਬਿਦੀਰਨ–ਨਾਸ਼ ਕਰਨ ਵਾਲਾ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਮਨਹੁ–ਮਨ ਵਿਚੋਂ। ਨ ਬੀਸਰੈ–ਨਾ ਭੁੱਲੇ। ਅਨਦਿਨੁ–ਹਰ ਰੋਜ। ਸਰਬ–ਸਾਰੇ। ਜਗਦੀਰੈ–ਜਗਤ ਦੇ ਮਾਲਕ ਪ੍ਰਭੂ ਵਿਚ। ਅਗਣਤ–ਗਿਣਤੀ ਤੋਂ ਰਹਿਤ। ਅਪਾਰ–ਬੇਅੰਤ; ਪਾਰ ਰਹਿਤ। ਅਗਮ–ਪਹੁੰਚ ਤੋਂ ਪਰੇ। ਜਾ ਕੋ–ਜਿਸ ਦਾ। ਧਾਮਾ–ਟਿਕਾਣਾ; ਘਰ। ਸ੍ਰੀ ਰੰਗ–ਪ੍ਰਭੂ (ਲੱਛਮੀ ਨਾਲ ਅਨੰਦ ਮਾਨਣ ਵਾਲਾ ਵਿਸ਼ਨੂੰ)।੩। ਕੋਟਿਕ–ਕ੍ਰੋੜਾਂ। ਜਪਤ–ਜਪਣ ਕਰਕੇ। ਕੁਲ ਸਗਲੇ–ਸਾਰਾ ਖਾਨਦਾਨ। ਸੋਹੰਤ–ਸੋਹਣੇ ਲਗਦੇ ਹਨ। ਤਾ ਕੀ–ਉਨ੍ਹਾਂ ਦੀ। ਕਿਤ–ਕਿਤਨੀ। ਚਿਤਵੰਤਿ–ਚਿਤਾਰਦਾ ਹਾਂ। ਗਨਾ–ਗਿਣਾਂ। ਦਿਵਸ–ਦਿਨ। ਗਹਿ–ਫੜ ਕੇ। ਕੰਠਿ–ਗਲ ਨਾਲ। ਅਤਿ–ਬਹੁਤ।੪।੩।੬।

ਬਿਹਾਗੜਾ ਮਹਲਾ ੫ ਛੰਤ ॥ ਅਨ ਕਾਏ ਰਾਤੜਿਆ, ਵਾਟ ਦੁਹੇਲੀ ਰਾਮ ॥ ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥ ਕੋਏ ਨ ਬੇਲੀ ਹੋਇ ਤੇਰਾ, ਸਦਾ ਪਛੋਤਾਵਹੇ ॥ ਗੁਨ ਗੁਪਾਲ ਨ ਜਪਹਿ ਰਸਨਾ, ਫਿਰਿ ਕਦਹੁ ਸੇ ਦਿਹ ਆਵਹੇ ॥ ਤਰਵਰ ਵਿਛੁੰਨੇ ਨਹ ਪਾਤ ਜੁੜਤੇ, ਜਮ ਮਗਿ ਗਉਨੁ ਇਕੇਲੀ ॥ ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ, ਸਦਾ ਫਿਰਤ ਦੁਹੇਲੀ ॥੧॥ ਤੂੰ ਵਲਵੰਚ ਲੂਕਿ ਕਰਹਿ, ਸਭ ਜਾਣੈ ਜਾਣੀ ਰਾਮ ॥ ਲੇਖਾ ਧਰਮ ਭਇਆ, ਤਿਲ ਪੀੜੇ ਘਾਣੀ ਰਾਮ ॥ ਕਿਰਤ ਕਮਾਣੇ ਦੁਖ ਸਹੁ ਪਰਾਣੀ, ਅਨਿਕ ਜੋਨਿ ਭ੍ਰਮਾਇਆ ॥ ਮਹਾ ਮੋਹਨੀ ਸੰਗਿ ਰਾਤਾ, ਰਤਨ ਜਨਮੁ ਗਵਾਇਆ ॥ ਇਕਸੁ ਹਰਿ ਕੇ ਨਾਮ ਬਾਝਹੁ ,ਆਨ ਕਾਜ ਸਿਆਣੀ ॥ ਬਿਨਵੰਤ ਨਾਨਕ ਲੇਖੁ ਲਿਖਿਆ, ਭਰਮਿ ਮੋਹਿ ਲੁਭਾਣੀ ॥੨॥ (ਹੇ ਭਾਈ! ਪ੍ਰਭੂ ਨੂੰ ਛਡ ਕੇ ਤੂੰ) ਹੋਰ ਚੀਜਾਂ (ਧਨ ਪਦਾਰਥ ਤੇ ਇਸਤ੍ਰੀ ਆਦਿ) ਵਿਚ ਕਿਉਂ ਰਚਿਆ ਹੋਇਆ ਹੈਂ? (ਪ੍ਰਲੋਕ ਦਾ) ਰਸਤਾ ਬਹੁਤ ਔਖਾ ਹੈ। ਪਾਪ ਕਰਮ ਕਮਾਉਂਦਿਆਂ ਤੇਰਾ ਕੋਈ ਵੀ ਸਾਥੀ ਨਹੀਂ ਬਣੇਗਾ। (ਪ੍ਰਲੋਕ ਵਿਚ) ਤੇਰਾ ਕੋਈ ਵੀ ਸਾਥੀ ਨਹੀਂ ਹੋਵੇਗਾ, (ਫਿਰ ਤੂੰ) ਸਦਾ ਪਛਤਾਉਂਦਾ ਰਹੇਂਗਾ। (ਹੁਣ ਸੰਸਾਰ ਵਿਚ ਤੂੰ) ਗੁਪਾਲ ਦੇ ਗੁਣ ਜੀਭ ਨਾਲ ਨਹੀਂ ਜਪ ਰਿਹਾ, ਫਿਰ ਉਹ (ਨਾਮ ਸਿਮਰਨ ਦੇ) ਦਿਨ ਕਦੋਂ ਆਉਣਗੇ? (ਫਿਰ ਦੁਬਾਰਾ ਇਹ ਸਮਾਂ ਨਹੀਂ ਮਿਲਣਾ)। ਦਰੱਖਤ ਨਾਲੋਂ ਵਿਛੜੇ (ਟੁੱਟੇ) ਹੋਏ ਪੱਤੇ (ਦੁਬਾਰਾ ਦਰੱਖਤ ਨਾਲ) ਨਹੀਂ ਜੁੜਦੇ (ਤਿਵੇਂ ਸਰੀਰ ਵਿਚੋਂ ਨਿਕਲੇ ਪ੍ਰਾਣ ਵਾਪਸ ਸਰੀਰ ਵਿਚ ਨਹੀਂ ਆਉਂਦੇ, ਜੀਵਾਤਮਾ) ਜਮ ਦੇ ਰਸਤੇ ਇਕੱਲੀ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਜਪੇ ਤੋਂ ਬਿਨਾ (ਜੀਵਾਤਮਾ) ਸਦਾ ਦੁਖੀ ਹੋਈ ਫਿਰਦੀ ਹੈ।੧। (ਹੇ ਜੀਵ!) ਤੂੰ ਲੁਕ ਲੁਕ ਕੇ ਠੱਗੀਆਂ ਕਰਦਾ ਹੈਂ, (ਪਰ) ਜਾਨਣ ਵਾਲਾ ਪ੍ਰਭੂ ਸਭ ਕੁਛ ਜਾਣਦਾ ਹੈ। (ਜਦ) ਧਰਮਰਾਜ ਦੇ ਦਰਬਾਰ ਵਿਚ (ਤੇਰੇ ਕਰਮਾਂ ਦਾ) ਹਿਸਾਬ ਹੋਇਆ ਤਾਂ ਘਾਣੀ ਵਿਚ ਪੀੜੇ ਜਾਣ ਵਾਲੇ ਤਿਲਾਂ ਵਾਂਗ ਤੇਰਾ ਹਾਲ ਹੋਵੇਗਾ (ਕੀਤੇ ਪਾਪਾਂ ਦੀ ਸਖਤ ਸਜਾ ਮਿਲੇਗੀ। (ਫਿਰ ਤੈਨੂੰ ਧਰਮਰਾਜ ਆਖੇਗਾ ਕਿ) ਹੇ ਪ੍ਰਾਣੀ! (ਹੁਣ ਤੂੰ ਅਪਣੇ) ਕੀਤੇ ਕਰਮਾਂ ਦਾ ਦੁਖ ਸਹਾਰ, (ਪਾਪ ਕਰਮਾਂ ਕਰਕੇ ਜੀਵ) ਅਨੇਕਾਂ ਜੂਨਾਂ ਵਿਚ ਭਵਾਇਆ ਜਾਂਦਾ ਹੈ। (ਹੇ ਪ੍ਰਾਣੀ! ਤੂੰ ਸਭ ਨੂੰ) ਮੋਹ ਲੈਣ ਵਾਲਾ ਮਹਾਂ ਮਾਇਆ ਨਾਲ ਰਚਿਆ ਹੋਇਆ ਹੈਂ ਅਤੇ ਰਤਨਾਂ ਵਰਗਾ ਕੀਮਤੀ ਜਨਮ ਬਿਰਥਾ ਗੁਆ ਲਿਆ ਹੈ। (ਹੇ ਪ੍ਰਾਣੀ! ਤੇਰੀ ਬੁੱਧੀ) ਹਰੀ ਦੇ ਇਕ ਨਾਮ ਤੋਂ ਬਿਨਾ ਹੋਰ ਕੰਮਾਂ ਵਿਚ ਸਿਆਣੀ ਹੈ।

ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਾਣੀ! ਪਿਛਲੇ ਕੀਤੇ ਕਰਮਾਂ ਕਰਕੇ ਤੇਰੇ ਮੱਥੇ ਤੇ) ਲੇਖ ਹੀ ਅਜੇਹਾ ਲਿਖਿਆ ਹੋਇਆ ਸੀ, (ਜਿਸ ਕਰਕੇ ਤੇਰੀ ਬੁੱਧੀ) ਭਰਮ ਵਿਚ ਤੇ ਮੋਹ ਵਿਚ ਫਸੀ ਹੋਈ ਹੈ।੨।

ਪਦਾਰਥ = ਅਨ–ਹੋਰ (ਚੀਜਾਂ) ਵਿਚ।ਕਾਏ–ਕਿਉਂ।ਰਾਤੜਿਆ–ਰਚਿਆ ਹੋਇਆ ਹੈਂ।ਵਾਟ–ਰਸਤਾ।ਦੁਹੇਲੀ–ਔਖਾ; ਦੁਖਾਂ ਵਾਲੀ।ਕਮਾਵਦਿਆ–ਕਰਦਿਆਂ।ਬੇਲੀ–ਸਾਥੀ; ਮਿਤ੍ਰ।ਪਛੋਤਾਵਹੇ–ਪਛਤਾਉਂਦਾ ਰਹੇਂਗਾ।ਨ ਜਪਹਿ–ਨਹੀਂ ਜਪਦਾ।ਰਸਨਾ–ਜੀਭ ਨਾਲ।।ਕਦਹੁ–ਕਦੋਂ।ਸੇ–ਉਹ।ਦਿਹ–ਦਿਨ।ਆਵਹੇ–ਆਉਣਗੇ।ਤਰਵਰ–ਦਰੱਖਤ।ਵਿਛੁੰਨੇ–ਵਿਛੜੇ (ਟੁੱਟੇ) ਹੋਏ।ਪਾਤ–ਪੱਤੇ।ਮਗਿ–ਰਸਤਾ।ਗਉਨੁ–ਜਾਂਦੀ ਹੈ।ਫਿਰਤ ਦੁਹੇਲੀ–ਦੁਖੀ ਹੋਈ ਫਿਰਦੀ ਹੈ।੧।ਵਲਵੰਚ–ਵਲ ਛਲ; ਠੱਗੀ।ਲੂਕਿ–ਲੁਕ ਕੇ।ਜਾਣੀ–ਜਾਨਣ ਵਾਲਾ।ਧਰਮ–ਧਰਮ ਰਾਜ।ਲੇਖਾ ਭਇਆ–ਹਿਸਾਬ ਹੋਇਆ।ਘਾਣੀ–ਕੋਹਲੂ ਵਿਚ ਪਾਇਆ ਤਿਲਾਂ ਦਾ ਪੂਰ।ਤਿਲ ਪੀੜੇ–ਤਿਲਾਂ ਵਾਂਗ ਪੀੜੇ ਜਾਂਦੇ ਹਨ (ਅਤਿਅੰਤ ਦੁਖ ਦਿਤੇ ਜਾਂਦੇ ਹਨ)।ਕਿਰਤ ਕਮਾਣੇ–ਕੀਤੇ ਕਰਮਾਂ ਦਾ।ਸਹੁ–ਸਹਾਰ।ਪਰਾਣੀ–ਹੇ ਪ੍ਰਾਣੀ। ਭ੍ਰਮਾਇਆ–ਭਵਾਇਆ ਜਾਂਦਾ ਹੈ।ਮਹਾ ਮੋਹਨੀ–ਮੋਹ ਲੈਣ ਵਾਲੀ ਵੱਡੀ ਮਾਇਆ; ਅਵਿਦਿਆ।ਸੰਗਿ–ਨਾਲ।ਰਾਤਾ–ਰਚਿਆ; ਮਸਤ।ਬਾਝਹੁ–ਬਿਨਾ।ਆਨ ਕਾਜ–ਹੋਰ ਕੰਮਾਂ ਵਿਚ।ਭਰਮਿ–ਭਰਮ ਵਿਚ।ਮੋਹਿ–ਮੋਹ ਵਿਚ।ਲੁਭਾਣੀ–ਫਸੀ ਹੋਈ ਹੈ।੨।

ਅਨਕਾਏ ਰਾਤੜਿਆ = ਨਹੀਂ ਹੈ ਜਿਸ ਦੀ ਦੇਹ (ਕਾਮਦੇਵ), ਹੇ ਕਾਮ ਵਿਚ ਲੰਪਟ (ਜੀਵ)! ਇਹ ਅਰਥ ਮ.ਕੋ. ਦੇ ਹਨ।

ਬੀਚੁ ਨ ਕੋਇ ਕਰੇ, ਅਕ੍ਰਿਤਘਣੁ ਵਿਛੁੜਿ ਪਇਆ ॥ ਆਏ ਖਰੇ ਕਠਿਨ, ਜਮ ਕੰਕਰਿ ਪਕੜਿ ਲਇਆ ॥ ਪਕੜੇ ਚਲਾਇਆ ਅਪਨਾ ਕਮਾਇਆ, ਮਹਾ ਮੋਹਨੀ ਰਾਤਿਆ ॥ ਗੁਨ ਗੋਵਿੰਦ ਗੁਰਮੁਖਿ ਨ ਜਪਿਆ, ਤਪਤ ਥੰਮ੍ ਗਲਿ ਲਾਤਿਆ ॥ ਕਾਮ ਕ੍ਰੋਧਿ ਅਹੰਕਾਰਿ ਮੂਠਾ, ਖੋਇ ਗਿਆਨੁ ਪਛਤਾਪਿਆ ॥ ਬਿਨਵੰਤਿ ਨਾਨਕ ਸੰਜੋਗਿ ਭੂਲਾ, ਹਰਿ ਜਾਪੁ ਰਸਨ ਨ ਜਾਪਿਆ ॥੩॥ ਤੁਝ ਬਿਨੁ ਕੋ ਨਾਹੀ, ਪ੍ਰਭ ਰਾਖਨਹਾਰਾ ਰਾਮ ॥ ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ ॥ ਪਤਿਤ ਉਧਾਰਨ ਸਰਨਿ ਸੁਆਮੀ, ਕ੍ਰਿਪਾ ਨਿਧਿ ਦਇਆਲਾ ॥ ਅੰਧ ਕੂਪ ਤੇ ਉਧਰੁ ਕਰਤੇ, ਸਗਲ ਘਟ ਪ੍ਰਤਿਪਾਲਾ ॥ ਸਰਨਿ ਤੇਰੀ ਕਟਿ ਮਹਾ ਬੇੜੀ, ਇਕੁ ਨਾਮੁ ਦੇਹਿ ਅਧਾਰਾ ॥ (ਜਦ) ਅਕ੍ਰਿਤਘਣ (ਮਨੁੱਖ ਦੀ ਜਿੰਦ ਦਾ ਦੇਹ ਤੋਂ) ਵਿਛੋੜਾ ਪੈ ਗਿਆ, (ਤਾਂ ਧਰਮਰਾਜ ਦੇ ਦਰਬਾਰ ਵਿਚ ਇਸ ਦੀ) ਵਿਚੋਲਗੀ ਕੋਈ ਨਹੀਂ ਕਰਦਾ।ਸਖਤ (ਨਿਰਦਈ) ਜਮ ਦੂਤ ਆ ਖੜੇ ਹੋਏ ਤੇ (ਉਨ੍ਹਾਂ ਨੇ ਮਨੁੱਖ ਨੂੰ) ਫੜ ਲਿਆ; ਬਹੁਤ ਨਿਰਦਈ ਜਮਦੂਤਾਂ ਨੇ ਆ ਕੇ (ਉਸ ਨੂੰ) ਫੜ ਲਿਆ।(ਸਾਰੀ ਉਮਰ) ਮੋਹ ਲੈਣ ਵਾਲੀ ਵੱਡੀ ਮਾਇਆ ਵਿਚ ਰਚਿਆ ਰਿਹਾ ਹੋਣ ਕਰਕੇ (ਜਮਦੂਤਾਂ ਨੇ ਉਸ ਨੂੰ ਫੜ ਕੇ) ਅੱਗੇ ਤੋਰ ਲਿਆ, (ਉਸ ਅਕ੍ਰਿਤਘਣ ਨੇ ਇਹ) ਅਪਨਾ ਕੀਤਾ ਪਾਇਆ ਹੈ।(ਜਿਸ ਮਨੁੱਖ ਨੇ) ਗੁਰੂ ਦੁਆਰਾ ਹਰੀ ਦਾ ਨਾਮ ਨਹੀਂ ਜਪਿਆ ਤੇ ਨਾਹੀ ਹਰੀ ਦੇ ਗੁਣ ਗਾਏ ਹਨ, ਤੱਤੇ ਥੰਮ੍ਹ (ਉਸ ਦੇ) ਗਲ ਨਾਲ ਲਾਏ (ਤਸੀਹੇ ਦਿਤੇ) ਜਾਂਦੇ ਹਨ।(ਜਿਸ ਮਨੁੱਖ ਨੂੰ) ਕਾਮ ਕ੍ਰੋਧ ਤੇ ਹੰਕਾਰ ਨੇ ਠੱਗ ਲਿਆ ਹੈ, (ਉਹ ਫਿਰ) ਗਿਆਨ ਗੁਆ ਕੇ ਪਛਤਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਮਨੁੱਖ ਮੰਦੇ ਕਰਮਾਂ ਦੇ) ਸੰਜੋਗਾਂ ਕਰਕੇ (ਹਰੀ ਨੂੰ) ਭੁੱਲ ਗਿਆ ਹੈ, (ਜਿਸ ਕਰਕੇ ਉਸ ਨੇ) ਜੀਭ ਨਾਲ ਹਰੀ ਨਾਮ ਦਾ ਜਾਪ ਨਹੀਂ ਜਪਿਆ।੩।ਹੇ ਪ੍ਰਭੂ! ਤੇਰੇ ਬਿਨਾ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ।(ਹੇ ਪ੍ਰਭੂ!) ਪਾਪੀਆਂ ਦਾ ਉਧਾਰ ਕਰਨਾ ਤੇਰਾ ਧਰਮ ਹੈ।ਹੇ ਪਾਪੀਆਂ ਦਾ ਉਧਾਰ ਕਰਨ ਵਾਲੇ! ਹੇ ਕ੍ਰਿਪਾ ਦੇ ਖਜਾਨੇ! ਹੇ ਦਇਆ ਦੇ ਘਰ ਪ੍ਰਭੂ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।ਹੇ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲੇ ਕਰਤਾਰ! (ਮੈਨੂੰ) ਅੰਨ੍ਹੇ ਖੂਹ ਤੋਂ ਤਾਰ ਲੈ।ਮੈਂ ਤੇਰੀ ਸ਼ਰਨ ਵਿਚ ਆਇਆ ਹੈ, ਮੈਨੂੰ ਇਕ ਨਾਮ ਰੂਪ ਆਸਰਾ ਦੇ ਕੇ (ਮੋਹ ਮਾਇਆ ਦੀ ਪਈ) ਵੱਡੀ ਬੇੜੀ ਕੱਟ ਦੇਹ।

ਆਏ ਖਰੇ ਕਠਿਨ ਜਮਕੰਕਰਿ = ਨਿਰਦਈ ਜਮਦੂਤ ਆ ਖੜੇ ਹੋਏ; ਬਹੁਤ ਜਾਲਮ ਜਮਦੂਤਾਂ ਨੇ ਆ ਕੇ।

ਅੰਗ ੫੪੭ = ਬਿਨਵੰਤ ਨਾਨਕ ਕਰ ਦੇਇ ਰਾਖਹੁ ,ਗੋਬਿੰਦ ਦੀਨ ਦਇਆਰਾ ॥੪॥ ਸੋ ਦਿਨੁ ਸਫਲੁ ਗਨਿਆ, ਹਰਿ ਪ੍ਰਭੂ ਮਿਲਾਇਆ ਰਾਮ ॥ ਸਭਿ ਸੁਖ ਪਰਗਟਿਆ, ਦੁਖ ਦੂਰਿ ਪਰਾਇਆ ਰਾਮ ॥ ਸੁਖ ਸਹਜ ਅਨਦ ਬਿਨੋਦ ਸਦ ਹੀ, ਗੁਨ ਗੁਪਾਲ ਨਿਤ ਗਾਈਐ ॥ ਭਜੁ ਸਾਧ ਸੰਗੇ ਮਿਲੇ ਰੰਗੇ, ਬਹੁੜਿ ਜੋਨਿ ਨ ਧਾਈਐ ॥ ਗਹਿ ਕੰਠਿ ਲਾਏ ਸਹਜਿ ਸੁਭਾਏ, ਆਦਿ ਅੰਕੁਰੁ ਆਇਆ ॥ ਬਿਨਵੰਤ ਨਾਨਕ ਆਪਿ ਮਿਲਿਆ, ਬਹੁੜਿ ਕਤਹੂ ਨ ਜਾਇਆ ॥੫॥੪॥੭॥ ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਦੀਨਾਂ ਉਤੇ ਦਇਆ ਕਰਨ ਵਾਲੇ ਗੋਬਿੰਦ! (ਅਪਣਾ) ਹੱਥ ਦੇ ਕੇ ਮੇਰੀ ਰੱਖਿਆ ਕਰ।੪।ਉਹ ਦਿਨ ਸਫਲ ਗਿਣਿਆ ਗਿਆ ਹੈ, (ਜਿਸ ਦਿਨ ਮੈਨੂੰ) ਹਰੀ ਪ੍ਰਭੂ ਨੇ ਅਪਣੇ ਨਾਲ ਮਿਲਾ ਲਿਆ।ਸਾਰੇ ਸੁਖ ਪ੍ਰਗਟ ਹੋ ਗਏ ਅਤੇ ਦੁਖ ਦੂਰ ਦੌੜ ਗਏ ਹਨ।(ਹੇ ਭਾਈ! ਜੇ) ਪ੍ਰਭੂ ਦੇ ਗੁਣ ਨਿਤ ਗਾਈਏ ਤਾਂ ਕੁਦਰਤੀ ਸੁਖ, ਅਨੰਦ ਤੇ ਖੁਸ਼ੀਆਂ ਸਦਾ ਹੀ ਪ੍ਰਾਪਤ ਹੁੰਦੀਆਂ ਹਨ।ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦਾ ਭਜਨ ਕਰਿਆ ਕਰ, (ਭਜਨ ਦੀ ਬਰਕਤ ਨਾਲ) ਫਿਰ ਜੂਨਾਂ ਵਿਚ ਨਹੀਂ ਭਟਕੀਦਾ।ਹਰੀ ਨੇ (ਮੈਨੂੰ) ਸਹਿਜ ਸੁਭਾਵਕ

ਹੀ ਫੜ ਕੇ ਗਲੇ ਨਾਲ ਲਾ ਲਿਆ, (ਇਹ ਮੇਰਾ) ਪੂਰਬਲੇ ਕਰਮਾਂ ਦਾ ਅੰਗੂਰ ਪੁੰਗਰ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ ਪ੍ਰਭੂ) ਆਪ ਆ ਮਿਲਿਆ ਹੈ, ਫਿਰ (ਉਹ ਪ੍ਰਭੂ ਨੂੰ ਛਡ ਕੇ ਹੋਰ) ਕਿਤੇ ਨਹੀਂ ਜਾਂਦਾ।੫।੪।੭।

ਪਦਾਰਥ = ਬੀਚੁ–ਵਿਚੋਲਗੀ; ਸਿਫਾਰਸ਼।ਅਕ੍ਰਿਤਘਣ–ਕਿਸੇ ਦੇ ਕੀਤੇ ਉਪਕਾਰ ਨੂੰ ਨਾ ਜਾਨਣ ਵਾਲਾ।ਜਮਕੰਕਰਿ–ਜਮ ਦੂਤਾਂ ਨੇ। ਚਲਾਇਆ–ਮੂਹਰੇ ਤੋਰ ਲਿਆ।ਮਹਾ ਮੋਹਨੀ–ਮੋਹ ਲੈਣ ਵਾਲੀ ਵੱਡੀ ਮਾਇਆ।ਰਾਤਿਆ–ਰਚਿਆ (ਮਸਤ) ਰਿਹਾ।ਗੁਰਮੁਖਿ–ਗੁਰੂ ਦੁਆਰਾ।ਤਪਤ ਥੰਮ੍–ਤੱਤੇ ਥੰਮ੍ਹਾਂ ਨਾਲ।ਲਾਤਿਆ–ਲਾਇਆ ਜਾਂਦਾ ਹੈ।ਮੂਠਾ–ਠੱਗਿਆ ਹੋਇਆ।ਖੋਇ–ਗੁਆ ਕੇ।ਸੰਜੋਗਿ–ਕਰਮ ਫਲ ਦੇ ਸਬੰਧ ਕਰਕੇ; ਬਦ ਕਿਸਮਤੀ ਨਾਲ।ਭੂਲਾ–ਭੁੱਲ (ਕੁਰਾਹੇ ਪੈ) ਗਿਆ।ਰਸਨ–ਜੀਭ ਨਾਲ।੩।ਪਤਿਤ–ਪਾਪੀ। ਉਧਾਰਣ–ਤਾਰ ਦੇਣਾ।ਬਿਰਦੁ–ਧਰਮ; ਨੀਅਮ।ਕ੍ਰਿਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ!।ਅੰਧ ਕੂਪ–ਅੰਨ੍ਹਾ ਖੂਹ (ਸੰਸਾਰ ਸਾਗਰ)। ਉਧਰੁ–ਤਾਰ ਲੈ।ਕਰਤੇ–ਹੇ ਕਰਤਾਰ!।ਸਗਲ ਘਟ–ਸਾਰੇ ਜੀਵਾਂ ਦੀ।ਪ੍ਰਤਿਪਾਲਾ–ਹੇ ਪਾਲਣਾ ਕਰਨ ਵਾਲੇ!।ਕਟਿ–ਕੱਟ ਕੇ।ਮਹਾ ਬੇੜੀ–(ਪੈਰਾਂ ਵਿਚ ਪਈ) ਵੱਡੀ ਬੇੜੀ।ਦੇਹਿ–ਦੇ ਕੇ।ਅਧਾਰਾ–ਆਸਰਾ।ਕਰ ਦੇਇ–ਹੱਥ ਦੇ ਕੇ।ਦੀਨ ਦਇਆਰਾ–ਹੇ ਦੀਨਾਂ ਉਤੇ ਦਇਆ ਕਰਨ ਵਾਲੇ!।੪।ਸਫਲੁ–ਫਲ ਸਹਿਤ।ਗਣਿਆ–ਗਿਣਿਆ ਗਿਆ।ਪਰਾਇਆ–ਦੌੜ ਗਏ।ਸੁਖ ਸਹਜ–ਕੁਦਰਤੀ ਸੁਖ। ਬਿਨੋਦ–ਖੁਸ਼ੀਆਂ।ਭਜੁ–ਭਜਨ ਕਰ।ਸੰਗੇ–ਸੰਗਤ ਵਿਚ।ਮਿਲੇ–ਮਿਲ ਕੇ।ਰੰਗੇ–ਪ੍ਰੇਮ ਨਾਲ।ਬਹੜਿ–ਮੁੜ ਦੁਬਾਰਾ।ਨ ਧਾਈਐ–ਨਹੀਂ ਭਟਕੀਦਾ।ਗਹਿ–ਫੜ ਕੇ।ਕੰਠਿ–ਗਲ ਨਾਲ।ਸਹਜਿ ਸੁਭਾਏ–ਸੁਤੇ ਸਿੱਧ।ਆਦਿ ਅੰਕੁਰੁ ਆਇਆ–ਪਹਿਲੇ ਜਨਮਾਂ ਦੇ ਸੰਸਕਾਰਾਂ ਦਾ ਅੰਗੂਰ ਪੁੰਗਰ (ਫੁੱਟ) ਆਇਆ ਹੈ (ਪਹਿਲਾਂ ਕੀਤੇ ਕਰਮਾਂ ਦਾ ਫਲ ਮਿਲ ਗਿਆ ਹੈ)।ਕਤਹੂ–ਕਿਤੇ ਵੀ।੫।੪।੭।

ਬਿਹਾਗੜਾ ਮਹਲਾ ੫ ਛੰਤ ॥ ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥ ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥ ਦੁਖ ਹਰਨ ਕਿਰਪਾ ਕਰਨ ਮੋਹਨ, ਕਲਿ ਕਲੇਸਹ ਭੰਜਨਾ ॥ ਸਰਨਿ ਤੇਰੀ ਰਖਿ ਲੇਹੁ ਮੇਰੀ, ਸਰਬ ਮੈ ਨਿਰੰਜਨਾ ॥ ਸੁਨਤ ਪੇਖਤ ਸੰਗਿ ਸਭ ਕੈ, ਪ੍ਰਭ ਨੇਰ ਹੂ ਤੇ ਨੇਰੇ ॥ ਅਰਦਾਸਿ ਨਾਨਕ ਸੁਨਿ ਸੁਆਮੀ, ਰਖਿ ਲੇਹੁ ਘਰ ਕੇ ਚੇਰੇ ॥੧॥ ਤੂ ਸਮਰਥੁ ਸਦਾ, ਹਮ ਦੀਨ ਭੇਖਾਰੀ ਰਾਮ ॥ ਮਾਇਆ ਮੋਹਿ ਮਗਨੁ ,ਕਢਿ ਲੇਹੁ ਮੁਰਾਰੀ ਰਾਮ ॥ ਲੋਭਿ ਮੋਹਿ ਬਿਕਾਰਿ ਬਾਧਿਓ, ਅਨਿਕ ਦੋਖ ਕਮਾਵਨੇ ॥ ਅਲਿਪਤ ਬੰਧਨ ਰਹਤ ਕਰਤਾ, ਕੀਆ ਅਪਨਾ ਪਾਵਨੇ ॥ ਕਰਿ ਅਨੁਗ੍ਰਹੁ ਪਤਿਤ ਪਾਵਨ, ਬਹੁ ਜੋਨਿ ਭ੍ਰਮਤੇ ਹਾਰੀ ॥ ਬਿਨਵੰਤਿ ਨਾਨਕ ਦਾਸੁ ਹਰਿ ਕਾ, ਪ੍ਰਭ ਜੀਅ ਪ੍ਰਾਨ ਅਧਾਰੀ ॥੨॥ ਹੇ ਮੇਰੇ ਮਾਲਕ ਸੁਆਮੀ! ਮੇਰੀਆਂ ਬੇਨਤੀਆਂ ਸੁਣੋ।(ਚਾਹੇ ਅਸੀਂ) ਕ੍ਰੋੜਾਂ ਪਾਪਾਂ ਦੇ ਭਰੇ ਹੋਏ ਹਾਂ, ਫਿਰ ਵੀ (ਅਸੀਂ) ਤੇਰੇ ਦਾਸ ਹਾਂ।ਹੇ ਦੁੱਖਾਂ ਦੇ ਨਾਸ਼ ਕਰਨ ਵਾਲੇ! ਹੇ ਕ੍ਰਿਪਾ ਕਰਨ ਵਾਲੇ ਮੋਹਨ! ਹੇ ਕਲਜੁਗ ਦੇ ਕਲੇਸ਼ ਨਾਸ਼ ਕਰਨ ਵਾਲੇ!।ਹੇ ਸਰਬ ਰੂਪ ਮਾਇਆ ਤੋਂ ਨਿਰਲੇਪ ਪ੍ਰਭੂ! ਮੈਂ ਤੇਰੀ ਸਰਨ ਵਿਚ ਆਇਆ ਹਾਂ ਅਤੇ ਮੇਰੀ ਪੈਜ ਰਖ ਲਵੋ ਜੀ।ਹੇ ਪ੍ਰਭੂ! ਤੂੰ ਨੇੜੇ ਤੋਂ ਵੀ ਨੇੜੇ ਹੈਂ, ਸਭ ਦੇ ਅੰਗ ਸੰਗ ਹੋ ਕੇ (ਸਭ ਦੀਆਂ ਬੇਨਤੀਆਂ) ਸੁਣਦਾ ਹੈਂ ਤੇ ਸਭ ਦੇ ਕਰਮ ਦੇਖਦਾ ਹੈਂ।ਹੇ ਸੁਆਮੀ! ਨਾਨਕ ਦੀ ਅਰਦਾਸ ਸੁਣ, (ਮੈਨੂੰ ਅਪਣੇ) ਘਰ ਦੇ ਸੇਵਕ ਬਣਾ ਕੇ ਰਖ ਲਵੋ।੧।(ਹੇ ਪ੍ਰਭੂ!) ਤੂੰ ਸਦਾ ਤਾਕਤਵਰ ਹੈਂ (ਤਾਕਤ ਕਦੇ ਘਟਦੀ ਨਹੀਂ), ਅਸੀਂ ਅਨਾਥ ਹਾਂ, ਭਿਖਾਰੀ ਹਾਂ (ਸਾਡੀ ਕੋਈ ਤਾਕਤ ਨਹੀਂ।ਅਸੀਂ ਜੀਵ) ਮਾਇਆ ਦੇ ਮੋਹ ਵਿਚ ਮਗਨ ਹਾਂ, ਹੇ ਮੁਰਾਰੀ! (ਇਸ ਵਿਚੋਂ ਸਾਨੂੰ) ਕਢ ਲਵੋ।(ਅਸੀਂ) ਲੋਭ, ਮੋਹ ਆਦਿ ਦੇ ਬਿਕਾਰਾਂ ਵਿਚ ਬੰਨ੍ਹੇ ਹੋਏ ਹਾਂ ਤੇ ਅਨੇਕਾਂ ਦੋਸ਼ ਕਮਾਉਂਦੇ ਹਾਂ।ਹੇ ਬੰਧਨਾਂ ਤੋਂ ਰਹਿਤ ਤੇ (ਮਾਇਆ ਤੋਂ) ਨਿਰਲੇਪ ਕਰਤਾਰ! (ਅਸੀਂ ਜੀਵ) ਅਪਣੇ ਕੀਤੇ ਕਰਮਾਂ ਦਾ ਫਲ ਪਾਉਂਦੇ ਹਾਂ।ਹੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਪ੍ਰਭੂ! (ਮੇਰੇ ਤੇ) ਮੇਹਰ ਕਰ, (ਸਾਡੀ ਜਿੰਦ) ਬਹੁਤ ਜੋਨੀਆਂ ਵਿਚ ਭਟਕਦੀ ਹਾਰ ਗਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਹਰੀ ਦਾ ਦਾਸ ਹਾਂ ਤੇ ਪ੍ਰਭੂ ਮੇਰੀ ਜਿੰਦ ਤੇ ਪ੍ਰਾਣਾਂ ਦਾ ਆਸਰਾ ਹੈ।੨।

ਪਦਾਰਥ = ਕੋਟਿ–ਕ੍ਰੋੜਾਂ।ਅਪ੍ਰਾਧ–ਪਾਪ।ਭੀ–ਫਿਰ ਵੀ।ਚੇਰੇ–ਦਾਸ।ਹਰਨ–ਨਾਸ਼ ਕਰਨ ਵਾਲਾ।ਮੋਹਨ–ਮੋਹ ਲੈਣ ਵਾਲਾ।ਕਲਿ–ਕਲਜੁਗ ਦੇ; ਝਗੜੇ।ਭੰਜਨਾ–ਨਾਸ਼ ਕਰਨ ਵਾਲਾ।ਸਰਬ ਮੈ–ਸਰਬ ਰੂਪ; ਸਭ ਰੂਪਾਂ ਵਾਲਾ।ਨਿਰੰਜਨਾ–ਹੇ ਨਿਰਲੇਪ!।ਨੇਰ ਹੂ ਤੇ ਨੇਰੇ–ਨੇੜੇ ਤੋਂ ਵੀ ਨੇੜੇ।੧।ਸਮਰਥੁ–ਤਾਕਤ ਵਾਲਾ।ਹਮ–ਅਸੀਂ।ਦੀਨ–ਗਰੀਬ।ਮਗਨੁ–ਮਸਤ।ਮੁਰਾਰੀ–ਮੁਰ ਰਾਖਸ਼ ਨੂੰ ਮਾਰਨ ਵਾਲਾ ਕ੍ਰਿਸਨ (ਪ੍ਰਭੂ); ਅਗਿਆਨ ਨਾਸ਼ਕ।ਬਾਧਿਓ–ਬੰਨ੍ਹੇ ਹੋਏ ਹਾਂ।ਦੋਖ–ਦੋਸ਼।ਕਮਾਵਨੇ–ਕਰਦੇ ਹਾਂ।ਅਲਿਪਤ–ਨਿਰਲੇਪ।ਕਰਤਾ –ਕਰਤਾਰ।ਕੀਆ ਪਾਵਨੇ–ਕੀਤੇ ਕਰਮਾਂ ਦਾ ਫਲ ਪਾਉਂਦੇ (ਭੁਗਤਦੇ) ਹਾਂ।ਕਰਿ ਅਨੁਗ੍ਰਹੁ–ਮੇਹਰ ਕਰ।ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਹਾਰੀ–ਥਕ ਗਈ।ਜੀਅ–ਜਿੰਦ।ਅਧਾਰੀ–ਆਸਰਾ।੨।

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥ ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥ ਅਗਾਧਿ ਬੋਧਿ ਅਪਾਰ ਕਰਤੇ, ਮੋਹਿ ਨੀਚੁ ਕਛੂ ਨ ਜਾਨਾ ॥ ਰਤਨੁ ਤਿਆਗਿ ਸੰਗ੍ਰਹਨ ਕਉਡੀ, ਪਸੂ ਨੀਚ ਇਆਨਾ ॥ ਤਿਆਗਿ ਚਲਤੀ ਮਹਾ ਚੰਚਲਿ, ਦੋਖ ਕਰਿ

ਕਰਿ ਜੋਰੀ ॥ ਨਾਨਕ ਸਰਨਿ ਸਮਰਥੁ ਸੁਆਮੀ, ਪੈਜ ਰਾਖਹੁ ਮੋਰੀ ॥੩॥ ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ ॥ ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ ॥ ਗੁਣ ਗਾਇ ਗੋਵਿਦ ਸਦਾ ਨੀਕੇ, ਕਲਿਆਣ ਮੈ ਪਰਗਟ ਭਏ ॥ ਸੇਜਾ ਸੁਹਾਵੀ ਸੰਗਿ ਪ੍ਰਭ ਕੈ, ਆਪਣੇ ਪ੍ਰਭ ਕਰਿ ਲਏ ॥ ਛੋਡਿ ਚਿੰਤ ਅਚਿੰਤ ਹੋਏ, ਬਹੁੜਿ ਦੂਖੁ ਨ ਪਾਇਆ ॥ ਨਾਨਕ ਦਰਸਨੁ ਪੇਖਿ ਜੀਵੇ, ਗੋਵਿੰਦ ਗੁਣ ਨਿਧਿ ਗਾਇਆ ॥੪॥੫॥੮॥ ਹੇ ਪ੍ਰਭੂ ! ਤੂੰ (ਸਭ ਤੋਂ) ਵੱਡਾ ਤੇ ਤਾਕਤਵਰ ਹੈਂ, (ਪਰ) ਮੇਰੀ ਮੱਤ ਥੋੜੀ ਹੈ (ਜੋ ਤੈਨੂੰ ਸਮਝ ਨਹੀਂ ਸਕਦੀ)। ਤੂੰ ਅਕ੍ਰਿਤਘਣਾਂ ਨੂੰ ਵੀ ਪਾਲਦਾ ਹੈਂ, (ਕਿਉਂਕਿ) ਤੇਰੀ ਦ੍ਰਿਸਟੀ ਪੂਰਨ ਹੈ (ਸਭ ਉਤੇ ਇਕੋ ਜਿਹੀ ਨਜਰ ਹੈ)। ਹੇ ਕਰਤਾਰ ! ਤੂੰ ਅਥਾਹ ਗਿਆਨ ਵਾਲਾ ਹੈਂ ਅਤੇ ਤੂੰ ਪਾਰ ਰਹਿਤ ਹੈਂ, ਮੈਂ ਨੀਚ ਹਾਂ ਤੇ (ਤੇਰੇ ਬਾਰੇ) ਕੁਛ ਨਹੀਂ ਜਾਣਦਾ। (ਹੇ ਪ੍ਰਭੂ ! ਮੈ ਅਜੇਹਾ) ਨੀਚ, ਪਸ਼ੂ ਤੇ ਅਣਜਾਣ ਹਾਂ ਕਿ ਨਾਮ ਰੂਪ ਰਤਨ ਨੂੰ ਛਡ ਕੇ (ਮਾਇਆ ਰੂਪ) ਕੌਡੀਆਂ ਜਮ੍ਹਾਂ ਕਰਦਾ ਹਾਂ। (ਇਹ ਮਾਇਆ ਜੋ ਮੈਂ) ਪਾਪ ਕਰ ਕਰਕੇ ਜੋੜੀ ਹੈ, ਬਹੁਤ ਚੰਚਲ ਹੈ (ਕਿਸੇ ਕੋਲ ਟਿਕਦੀ ਨਹੀਂ ਤੇ ਮਨੁੱਖ ਦਾ ਸਾਥ) ਛਡ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸਮਰੱਥ ਸੁਆਮੀ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੇਰੀ ਪੈਜ ਰਖੋ।੩। (ਹੇ ਭਾਈ !) ਜਿਸ ਪ੍ਰਭੂ ਤੋਂ ਮੈਂ ਵਿਛੜਿਆ ਸੀ, ਉਸ ਨੇ ਆਪ ਹੀ (ਮੈਨੂੰ ਅਪਣੇ ਨਾਲ) ਮਿਲਾ ਲਿਆ ਹੈ। (ਕਿਉਂਕਿ ਮੈਂ) ਸਾਧ ਸੰਗਤ ਵਿਚ ਹਰੀ ਦੇ ਗੁਣ ਗਾਏ ਹਨ। ਗੋਬਿੰਦ ਦੇ ਮਹਾਨ ਗੁਣ ਸਦਾ ਗਾਉਣ ਕਰਕੇ ਕਲਿਆਣ ਸਰੂਪ ਪ੍ਰਭੂ ਜੀ ਪ੍ਰਗਟ ਹੋ ਗਏ ਹਨ। ਪ੍ਰਭੂ ਦੇ ਨਾਲ ਹੋਣ ਕਰਕੇ ਮੇਰੀ ਹਿਰਦੇ ਰੂਪ ਸੇਜ ਸੋਭਨੀਕ ਹੋ ਗਈ ਹੈ ਅਤੇ ਪ੍ਰਭੂ ਨੇ ਮੈਨੂੰ ਅਪਣਾ ਬਣਾ ਲਿਆ ਹੈ। ਚਿੰਤਾ ਛਡ ਕੇ ਮੈਂ ਨਿਸਚਿੰਤ ਹੋ ਗਿਆ ਹਾਂ, ਮੁੜ ਕੇ ਕੋਈ ਦੁਖ ਨਹੀਂ ਪਾਇਆ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਣਾਂ ਦੇ ਖਜਾਨੇ ਗੋਬਿੰਦ ਦੇ ਗੁਣ ਗਾਏ ਹਨ, (ਜਿਸ ਕਰਕੇ ਉਸ ਦਾ ਮੇਲ ਹੋ ਗਿਆ, ਉਸ ਦੇ) ਦਰਸ਼ਨ ਦੇਖ ਕੇ ਜਿਉਂਦਾ ਹਾਂ।੪।੫।੮।

ਪਦਾਰਥ = ਸਮਰਥੁ–ਤਾਕਤਵਰ। ਮਤਿ–ਅਕਲ। ਥੋਰੀ–ਥੋੜੀ। ਪਾਲਹਿ–ਪਾਲਦਾ ਹੈਂ। ਅਕਿਰਤਘਨਾ–ਕੀਤੇ ਉਪਕਾਰੂ ਨੂੰ ਭੁਲਾ ਦੇਣ ਵਾਲਾ ਮਨੁੱਖ। ਦ੍ਰਿਸਟਿ–ਨਜਰ। ਅਗਾਧਿ ਬੋਧਿ–ਅਥਾਹ ਗਿਆਨ ਵਾਲਾ। ਅਪਾਰ–ਪਾਰ ਰਹਿਤ; ਬੇਅੰਤ। ਕਰਤੇ–ਹੇ ਕਰਤਾਰ !। ਮੋਹਿ–ਮੈਂ। ਸੰਗ੍ਰਹਨ–ਜਮ੍ਹਾਂ ਕਰਦਾ ਹਾਂ। ਕਉਡੀ–ਕੌਡੀਆਂ (ਮਾਇਆ)। ਇਆਨਾ–ਅਣਜਾਣ (ਗਿਆਨਹੀਣ)। ਤਿਆਗਿ ਚਲਤੀ–ਛਡ ਜਾਂਦੀ ਹੈ। ਜੋਰੀ–ਜੋੜ ਰੱਖੀ ਹੈ। ਪੈਜ–ਇੱਜਤ। ਮੋਰੀ–ਮੇਰੀ।੩। ਜਾ ਤੇ–ਜਿਸ (ਪ੍ਰਭੂ) ਤੋਂ। ਤਿਨਿ–ਉਸ ਨੇ। ਸੰਗਮੇ–ਸੰਗਤ ਵਿਚ ;ਮਿਲਾਪ ਵਿਚ। ਨੀਕੇ–ਮਹਾਨ; ਸੁੰਦਰ। ਕਲਿਆਣ ਮੈ–ਅਨੰਦ ਸਰੂਪ ਪ੍ਰਭੂ। ਭਏ–ਹੋ ਗਏ। ਸੇਜਾ–ਹਿਰਦਾ ਰੂਪ ਸੇਜ। ਸੁਹਾਵੀ–ਸੋਭਨੀਕ। ਅਚਿੰਤ–ਬੇਫਿਕਰ। ਬਹੁੜਿ–ਮੁੜ ਕੇ। ਪੇਖਿ–ਦੇਖ ਕੇ। ਗੁਣਨਿਧਿ–ਗੁਣਾਂ ਦਾ ਖਜਾਨਾ।੪।੫।੮।

ਬਿਹਾਗੜਾ ਮਹਲਾ ੫ ਛੰਤ ॥ ਬੋਲਿ ਸੁਧਰਮੀੜਿਆ, ਮੋਨਿ ਕਤ ਧਾਰੀ ਰਾਮ ॥ ਤੂ ਨੇਤ੍ਰੀ ਦੇਖਿ ਚਲਿਆ, ਮਾਇਆ ਬਿਉਹਾਰੀ ਰਾਮ ॥ ਸੰਗਿ ਤੇਰੈ ਕਛੁ ਨ ਚਾਲੈ, ਬਿਨਾ ਗੋਬਿੰਦ ਨਾਮਾ ॥ ਦੇਸ ਵੇਸ ਸੁਵਰਨ ਰੂਪਾ, ਸਗਲ ਊਣੇ ਕਾਮਾ ॥ ਪੁਤ੍ਰ ਕਲਤ੍ਰ ਨ ਸੰਗਿ ਸੋਭਾ, ਹਸਤ ਘੋਰਿ ਵਿਕਾਰੀ ॥ ਬਿਨਵੰਤ ਨਾਨਕ ਬਿਨੁ ਸਾਧ ਸੰਗਮ, ਸਭ ਮਿਥਿਆ ਸੰਸਾਰੀ ॥੧॥ ਹੇ ਸ੍ਰੇਸਟ ਧਰਮ ਵਾਲੇ ਪੁਰਖਾ ! ਤੂੰ ਬੋਲ, ਚੁੱਪ ਕਿਉਂ ਧਾਰੀ ਹੋਈ ਹੈ ? ਤੂੰ ਮਾਇਆ ਦਾ ਵਿਹਾਰ ਕਰਨ ਵਾਲਿਆਂ ਨੂੰ ਅੱਖਾਂ ਨਾਲ ਦੇਖ ਚੱਲਿਆ ਹੈਂ। ਗੋਬਿੰਦ ਦੇ ਨਾਮ ਤੋਂ ਬਿਨਾ ਤੇਰੇ ਨਾਲ ਕੁਛ ਵੀ ਨਹੀਂ ਜਾਣਾ। ਦੇਸ਼, ਭੇਖ, ਸੋਨਾ ਚਾਂਦੀ ਆਦਿ ਸਾਰੇ ਕੰਮ (ਹਰੀ ਦੇ ਨਾਮ ਦੇ ਮੁਕਾਬਲੇ) ਊਣੇ ਹਨ। ਪੁਤ੍ਰ, ਇਸਤ੍ਰੀ ਤੇ ਦੁਨੀਆਂ ਦੀ ਵਡਿਆਈ ਨਾਲ ਨਹੀਂ ਜਾਂਦੇ, ਹਾਥੀ ਤੇ ਘੋੜੇ ਆਦਿ ਸਭ ਬੇਕਾਰ ਹਨ; ਵਿਕਾਰਾਂ ਵਿਚ ਪਾ ਦੇਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧੂ ਦੇ ਮਿਲਾਪ ਤੋਂ ਬਿਨਾ ਸੰਸਾਰ ਦੇ ਵਿਹਾਰ ਸਭ ਝੂਠੇ ਹਨ।੧।

ਅੰਗ ੫੪੮ = ਰਾਜਨ ਕਿਉ ਸੋਇਆ ਤੂ ਨੀਦ ਭਰੇ, ਜਾਗਤ ਕਤ ਨਾਹੀ ਰਾਮ ॥ ਮਾਇਆ ਝੂਠੁ ਰੁਦਨੁ ,ਕੇਤੇ ਬਿਲਲਾਹੀ ਰਾਮ ॥ ਬਿਲਲਾਹਿ ਕੇਤੇ ਮਹਾ ਮੋਹਨ, ਬਿਨੁ ਨਾਮ ਹਰਿ ਕੇ ਸੁਖੁ ਨਹੀ ॥ ਸਹਸ ਸਿਆਣਪ ਉਪਾਵ ਥਾਕੇ, ਜਹ ਭਾਵਤ ਤਹ ਜਾਹੀ ॥ ਆਦਿ ਅੰਤੇ ਮਧਿ ਪੂਰਨ, ਸਰਬਤ੍ਰ ਘਟਿ ਘਟਿ ਆਹੀ ॥ ਬਿਨਵੰਤ ਨਾਨਕ ਜਿਨ ਸਾਧ ਸੰਗਮੁ ,ਸੇ ਪਤਿ ਸੇਤੀ ਘਰਿ ਜਾਹੀ ॥੨॥ ਹੇ ਰਾਜਨ ! ਤੂੰ ਕਿਉਂ ਸੁੱਤਾ ਪਿਆ ਹੈਂ, (ਤੇਰੇ ਅੰਤਹਕਰਣ ਰੂਪ ਨੇਤ੍ਰ ਮੋਹ ਮਾਇਆ ਦੀ) ਨੀਂਦ ਨਾਲ ਭਰੇ ਪਏ ਹਨ, (ਤੂੰ ਗਿਆਨ ਅਵਸਥਾ ਵਿਚ) ਜਾਗਦਾ ਕਿਉਂ ਨਹੀਂ ? ਮਾਇਆ ਵਾਸਤੇ ਕਿਤਨੇ ਹੀ ਲੋਕ ਝੂਠਾ ਰੋਣਾ ਰੋਂਦੇ ਹਨ। ਕਿਤਨੇ ਹੀ ਲੋਕ ਮਹਾਂ ਮੋਹਣੀ ਮਾਇਆ ਵਾਸਤੇ ਰੋਂਦੇ ਹਨ, ਨਾਮ ਤੋਂ ਬਿਨਾ ਸੁਖ ਨਹੀਂ ਮਿਲਦਾ। ਲੋਕ ਹਜਾਰਾਂ ਸਿਆਣਪਾਂ ਤੇ ਉਪਾਉ ਕਰਕੇ ਥੱਕ ਜਾਂਦੇ ਹਨ, ਪਰ ਜਿਥੇ ਹਰੀ ਚਾਹੁੰਦਾ ਹੈ, (ਜੀਵ) ਉਥੇ ਹੀ ਜਾਂਦੇ (ਜੂਨਾਂ ਵਿਚ ਪੈਂਦੇ) ਹਨ; ਜਿੱਥੇ ਚੰਗਾ ਲਗਦਾ ਹੈ, (ਜੀਵ) ਉਥੇ ਚਲੇ ਜਾਂਦੇ ਹਨ (ਸੁਖ ਫਿਰ ਵੀ ਨਹੀਂ ਮਿਲਦਾ)। ਪ੍ਰਭੂ ਆਦਿ ਅੰਤ ਤੇ ਮੱਧ ਸਮੇਂ ਵਿਚ ਅਤੇ ਸਾਰੇ ਘਟਾਂ ਵਿਚ ਪੂਰਨ (ਵਿਆਪਕ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਸਾਧੂ ਦਾ ਸੰਗਮ ਪ੍ਰਾਪਤ ਹੈ, ਉਹ ਇੱਜਤ ਨਾਲ ਪ੍ਰਭੂ ਦੇ ਘਰ ਵਿਚ ਜਾਂਦੇ ਹਨ।੨।

ਪਦਾਰਥ = ਧਰਮੀੜਿਆ–ਹੇ ਸ੍ਰੇਸ਼ਟ ਧਰਮੀ ਪੁਰਖਾ!।ਮੋਨਿ–ਚੁੱਪ।ਕਤ–ਕਿਉਂ।ਨੇਤ੍ਰੀ–ਅੱਖਾਂ ਨਾਲ।ਬਿਉਹਾਰੀ–ਵਿਹਾਰ ਕਰਨ ਵਾਲਾ।ਸੰਗਿ–ਨਾਲ।ਵੇਸ–ਭੇਖ; ਕੱਪੜੇ।ਸੁਵਰਨ–ਸੋਨਾ।ਰੁਪਾ–ਚਾਂਦੀ।ਸਗਲ–ਸਾਰੇ।ਊਣੇ–ਤੁੱਛ; ਬਿਅਰਥ।ਕਾਮਾ–ਕੰਮ।ਕਲਤ੍ਰ –ਇਸਤ੍ਰੀ।ਹਸਤ–ਹਾਥੀ।ਘੋਰਿ–ਘੋੜੇ।ਵਿਕਾਰੀ–ਬੇਕਾਰ; ਵਿਕਾਰਾਂ ਵਿਚ ਪਾ ਦੇਂਦੇ ਹਨ।ਬਿਨਵੰਤ–ਆਖਦੇ ਹਨ।ਸੰਗਮੁ–ਮਿਲਾਪ। ਮਿਥਿਆ–ਝੂਠੇ; ਨਾਸ਼ਵੰਤ।ਸੰਸਾਰੀ–ਸੰਸਾਰ ਦੇ ਵਿਹਾਰ।੧।ਰਾਜਨ–ਹੇ ਰਾਜਨ!।ਰੁਦਨੁ–ਰੋਣਾ।ਕੇਤੇ–ਕਿਤਨੇ ਹੀ।ਬਿਲਲਾਹੀ– ਵਿਰਲਾਪ ਕਰਦੇ (ਰੋਂਦੇ) ਹਨ।ਮਹਾ ਮੋਹਨ–ਮੋਹ ਲੈਣ ਵਾਲੀ ਮਾਇਆ।ਸਹਸ–ਹਜਾਰਾਂ।ਉਪਾਵ–ਜਤਨ।ਥਾਕੇ–ਥੱਕ ਗਏ।ਜਹ– ਜਿੱਥੇ।ਭਾਵਤ–ਚਾਹੁੰਦਾ ਹੈ।ਤਹ–ਉਥੇ।ਜਾਹੀ–ਜਾਂਦੇ ਹਨ।ਆਦਿ–ਸ਼ੁਰੂ ਵਿਚ।ਅੰਤੇ–ਅੰਤ ਸਮੇਂ ਵਿਚ।ਮਧਿ–ਵਿਚਕਾਰਲੇ ਸਮੇਂ ਵਿਚ ।ਪੂਰਨ–ਵਿਆਪਕ।ਸਰਬਤ੍ਰ–ਸਾਰੇ।ਘਟਿ ਘਟਿ–ਸਰੀਰਾਂ ਵਿਚ।ਆਹੀ–ਹੈ।ਸੇ–ਉਹ।ਪਤਿ ਸੇਤੀ–ਇੱਜਤ ਨਾਲ।੨।

ਨਰਪਤਿ ਜਾਨਿ ਗ੍ਰਹਿਓ, ਸੇਵਕ ਸਿਆਣੇ ਰਾਮ ॥ ਸਰਪਰ ਵਿਛੁੜਣਾ, ਮੋਹੇ ਪਛੁਤਾਣੇ ਰਾਮ ॥ ਹਰਿ ਚੰਦਉਰੀ ਦੇਖਿ ਭੂਲਾ, ਕਹਾ ਅਸਥਿਤਿ ਪਾਈਐ ॥ ਬਿਨੁ ਨਾਮ ਹਰਿ ਕੇ ਆਨ ਰਚਨਾ, ਅਹਿਲਾ ਜਨਮੁ ਗਵਾਈਐ ॥ ਹਉ ਹਉ ਕਰਤ ਨ ਤ੍ਰਿਸਨ ਬੂਝੈ, ਨਹ ਕਾਂਮ ਪੂਰਨ ਗਿਆਨੇ ॥ ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ, ਕੇਤਿਆ ਪਛੁਤਾਨੇ ॥੩॥ ਧਾਰਿ ਅਨੁਗ੍ਰਹੋ, ਅਪਨਾ ਕਰਿ ਲੀਨਾ ਰਾਮ ॥ ਭੁਜਾ ਗਹਿ ਕਾਢਿ ਲੀਓ, ਸਾਧੂ ਸੰਗੁ ਦੀਨਾ ਰਾਮ ॥ ਸਾਧ ਸੰਗਮਿ ਹਰਿ ਅਰਾਧੇ, ਸਗਲ ਕਲਮਲ ਦੁਖ ਜਲੇ ॥ ਮਹਾ ਧਰਮ ਸੁਦਾਨ ਕਿਰਿਆ, ਸੰਗਿ ਤੇਰੈ ਸੇ ਚਲੇ ॥ ਰਸਨਾ ਅਰਾਧੈ ਏਕੁ ਸੁਆਮੀ, ਹਰਿ ਨਾਮਿ ਮਨੁ ਤਨੁ ਭੀਨਾ ॥ ਨਾਨਕ ਜਿਸਨੋ ਹਰਿ ਮਿਲਾਏ, ਸੋ ਸਰਬ ਗੁਣ ਪਰਬੀਨਾ ॥੪॥੬॥੯॥ ਹੇ ਰਾਜਨ! ਸਮਝ ਲੈ ਕਿ ਤੇਰੇ ਘਰ ਵਿਚ ਜੋ ਸਿਆਣੇ ਸੇਵਕ ਹਨ।(ਇਨ੍ਹਾਂ ਨੇ) ਜਰੂਰ ਵਿਛੜਨਾ ਹੈ, (ਜਿਹੜੇ ਇਨ੍ਹਾਂ ਵਿਚ) ਮੋਹਤ ਹੁੰਦੇ ਹਨ, (ਉਹ ਅੰਤ ਨੂੰ) ਪਛਤਾਉਂਦੇ ਹਨ।(ਤੂੰ) ਗੰਧਰਬ ਨਗਰੀ ਵਾਂਗ ਝੂਠੇ ਸੰਸਾਰ ਨੂੰ ਦੇਖ ਕੇ ਭੁੱਲ ਗਿਆ ਹੈਂ, (ਇਸ ਵਿਚ ਪੱਕਾ) ਟਿਕਾਣਾ ਕਿਵੇਂ ਪ੍ਰਾਪਤ ਹੋ ਸਕਦਾ ਹੈਂ? ਹਰੀ ਦੇ ਨਾਮ ਤੋਂ ਬਿਨਾ ਹੋਰ ਬਨਾਉਟੀ ਸੰਸਾਰ ਵਿਚ ਲੱਗਣ ਨਾਲ ਮਨੁੱਖਾ ਜਨਮ ਬਿਅਰਥ ਗੁਆ ਲਈਦਾ ਹੈ।ਮੈਂ ਰਾਜਾ ਬਣ ਜਾਵਾਂ ਹਾਂ, ਮੈਂ ਵੱਡਾ ਬਣ ਜਾਵਾਂ, (ਇਉਂ) ਕਰਦਿਆਂ ਤ੍ਰਿਸ਼ਨਾ ਨਹੀਂ ਬੁਝਦੀ, ਨਾ ਕੰਮ ਪੂਰਨ ਹੁੰਦੇ ਹਨ ਤੇ ਨਾ ਹੀ (ਆਤਮਕ) ਗਿਆਨ ਪ੍ਰਾਪਤ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾ ਕਿਤਨੇ ਹੀ ਲੋਕ ਹਨ, ਜੋ (ਅੰਤ ਵਿਚ) ਪਛਤਾਉਂਦੇ ਹਨ।੩।(ਹੇ ਰਾਜਨ! ਪ੍ਰਭੂ ਨੇ ਤੈਨੂੰ) ਕ੍ਰਿਪਾ ਕਰ ਕੇ ਅਪਣਾ ਬਣਾ ਲਿਆ ਹੈ।(ਪ੍ਰਭੂ ਨੇ ਤੈਨੂੰ) ਸਾਧੂ ਦਾ ਸੰਗ ਦਿਤਾ, (ਜਿਸ ਦੇ ਫਲ ਸਰੂਪ ਤੇਰੀ ਬਿਰਤੀ ਰੂਪ) ਬਾਂਹ ਫੜ ਕੇ (ਸੰਸਾਰ ਸਾਗਰ ਵਿਚ ਡੁਬਦੇ ਨੂੰ ਬਾਹਰ) ਕੱਢ ਲਿਆ ਹੈ।ਸਾਧੂ ਸਮਾਗਮ ਵਿਚ ਹਰੀ ਨੂੰ ਸਿਮਰ ਕੇ ਤੇਰੇ ਸਾਰੇ ਪਾਪ ਸੜ ਗਏ ਹਨ।ਮਹਾਨ ਧਰਮ, ਸ੍ਰੇਸ਼ਟ ਦਾਨ ਤੇ ਹੋਰ ਸਾਰੇ ਸ਼ੁੱਭ ਕਰਮ ਜੋ ਹਨ, ਉਹ ਤੇਰੇ ਨਾਲ (ਪ੍ਰਲੋਕ ਵਿਚ) ਚੱਲਣਗੇ।(ਜਿਸ ਮਨੁੱਖ ਦੀ) ਜੀਭ ਇਕ ਪ੍ਰਭੂ ਨੂੰ ਸਿਮਰਦੀ ਹੈ, (ਉਸ ਦਾ) ਮਨ ਤੇ ਤਨ ਹਰੀ ਦੇ ਨਾਮ ਨਾਲ ਭਿੱਜ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਹਰੀ ਅਪਣੇ ਨਾਲ ਮਿਲਾ ਲੈਂਦਾ ਹੈ, ਉਹ ਸਾਰੇ ਗੁਣਾਂ ਵਿਚ ਨਿਪੁੰਨ ਹੁੰਦਾ ਹੈ।੪।੬।੯।

ਸਾਰੰਸ਼ = ਗੁਰ ਚਰਨਾਂ ਨਾਲ ਜੁੜੇ ਇਕ ਰਾਜੇ ਪ੍ਰਤੀ ਉਪਦੇਸ਼ ਹੈ, ਜੋ ਅੰਤ ਸਮੇਂ ਮਰਨ ਕਿਨਾਰੇ ਹੈ।

ਪਦਾਰਥ = ਨਰਪਤਿ–ਰਾਜਾ।ਜਾਨਿ–ਸਮਝ ਲੈ।ਸਰਪਰ–ਜਰੂਰ।ਮੋਹੇ–ਮੋਹਤ ਹੁੰਦੇ ਹਨ।ਕਹਾ–ਕਿੱਥੇ; ਕਿਵੇਂ।ਹਰਿ ਚੰਦਉਰੀ– ਅਕਾਸ਼ ਵਿਚ ਇਕ ਖਿਆਲੀ ਨਗਰ (ਮਾਇਕ ਪਦਾਰਥ, ਜੋ ਛਿਨ ਭੰਗਰ ਹਨ)।ਅਸਥਿਤਿ–ਟਿਕਾਣਾ।ਆਨ–ਹੋਰ।ਅਹਿਲਾ– ਦੁਰਲੱਭ; ਬਿਅਰਥ।ਹਉ ਹਉ–ਮੈਂ ਮੈਂ।ਨਾ ਬੁਝੈ–ਨਹੀਂ ਬੁਝਦੀ।ਕਾਂਮ–ਕਾਮਨਾ; ਇੱਛਾ।ਕੇਤਿਆ–ਕਿਤਨੇ ਹੀ।੩।ਧਾਰਿ ਅਨੁਗ੍ਰਹੋ ਕ੍ਰਿਪਾ ਕਰਕੇ।ਭੁਜਾ–ਬਾਂਹ।ਗਹਿ–ਫੜ ਕੇ।ਸਾਧੂ ਸੰਗੁ–ਸਾਧੂ ਗੁਰੂ ਦਾ ਮੇਲ।ਸੰਗਮਿ–ਸਮਾਗਮ ਵਿਚ।ਅਰਾਧੇ–ਸਿਮਰ ਕੇ।ਸਗਲ– ਸਾਰੇ।ਕਲਮਲ–ਪਾਪ।ਸੁਦਾਨ–ਸ੍ਰੇਸ਼ਟ ਦਾਨ।ਕਿਰਿਆ–ਸ਼ੁੱਭ ਕਰਮ।ਸੇ–ਉਹ।ਰਸਨਾ–ਜੀਭ।ਭੀਨਾ–ਭਿੱਜ (ਰੀਝ) ਗਿਆ; ਤਰੋ ਤਰ ਹੋ) ਗਿਆ।ਸੋ–ਉਹ।ਪਰਬੀਨਾ–ਨਿਪੁੰਨ; ਸਿਆਣਾ।੪।੬।੯।

ਅੱਗੇ ਬਿਹਾਗੜੇ ਦੀ ਵਾਰ ਹੈ, ਸੂਰਵੀਰਤਾ ਦੇ ਵਰਨਣ ਦੀ ਕਾਵ ਰਚਨਾ ਨੂੰ ਵਾਰ ਕਿਹਾ ਹੈ।ਇਸ ਵਾਰ ਵਿਚ ਮੋਹ ਤੇ ਬਿਬੇਕ ਦੇ ਵਿਚਕਾਰ ਜੰਗ ਹੈ, ਕਰਮ ਕਾਂਡ ਨਾਲ ਮਨੁੱਖ ਮਨ ਦੇ ਵਿਕਾਰਾਂ ਤੇ ਜਿੱਤ ਪ੍ਰਾਪਤ ਨਹੀਂ ਕਰ ਸਕਦਾ।ਇਨ੍ਹਾਂ ਦੇ ਜੰਗ ਵਿਚ ਨਾਮ ਸਿਮਰਨ ਮਨੁੱਖ ਦੀ ਸਹਾਇਤਾ ਕਰਦਾ ਹੈ, ਨਾਮ ਦੀ ਪ੍ਰਾਪਤੀ ਸਤਿਗੁਰੂ ਤੋਂ ਹੁੰਦੀ ਹੈ।ਇਸ ਵਾਰ ਦੇ ੪੩ ਸਲੋਕ ਹਨ ਅਤੇ ੨੧ ਪਉੜੀਆਂ ਹਨ।ਸਾਰੀਆਂ ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਉਚਾਰੀਆਂ ਹੋਈਆਂ ਹਨ, ਹਰੇਕ ਪਉੜੀ ਨਾਲ ੨–੨ ਸਲੋਕ ਹਨ ।ਮਃ ੩ ਦੇ ੩੩ ਸਲੋਕ, ਮਃ ੧ ਦੇ ੫ ਸਲੋਕ, ਮਃ ੪ ਦੇ ੨ ਸਲੋਕ, ਮਃ ੫ ਦੇ ੨ ਸਲੋਕ ਅਤੇ ਕਬੀਰ ਜੀ ਦਾ ੧ ਸਲੋਕ ਹੈ।ਇਹ ਸਾਰੇ ਸਲੋਕ ਗੁਰੂ ਅਰਜਨ ਦੇਵ ਜੀ ਨੇ ਪਉੜੀਆਂ ਨਾਲ ਦਰਜ ਕੀਤੇ ਹਨ।

ਬਿਹਾਗੜੇ ਕੀ ਵਾਰ ਮਹਲਾ ੪ ੴ ਸਤਿਗੁਰ ਪ੍ਰਸਾਦਿ ॥ ਸਲੋਕ ਮਃ ੩ ॥ ਗੁਰ ਸੇਵਾ ਤੇ ਸੁਖੁ ਪਾਈਐ, ਹੋਰ ਥੈ ਸੁਖੁ ਨ ਭਾਲਿ ॥ ਗੁਰ ਕੈ ਸਬਦਿ ਮਨੁ ਭੇਦੀਐ, ਸਦਾ ਵਸੈ ਹਰਿ ਨਾਲਿ ॥ ਨਾਨਕ ਨਾਮੁ ਤਿਨਾ ਕਉ ਮਿਲੈ, ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥ (ਹੇ ਭਾਈ!) ਗੁਰੂ ਦੀ ਸੇਵਾ ਕਰਨ ਤੋਂ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ, ਹੋਰ ਕਿਸੇ ਥਾਂ ਤੋਂ ਸੁੱਖ ਨਾ ਲੱਭਦਾ ਫਿਰ।ਗੁਰੂ ਦੇ ਸ਼ਬਦ ਦੁਆਰਾ ਮਨ ਨੂੰ ਵਿੰਨ੍ਹ ਲਈਏ ਤਾਂ (ਗਿਆਨ ਹੋ ਜਾਂਦਾ ਹੈ ਕਿ) ਹਰੀ ਸਦਾ ਨਾਲ ਵਸਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹਰੀ ਦਾ) ਨਾਮ ਉਨ੍ਹਾਂ ਪੁਰਖਾਂ ਨੂੰ ਮਿਲਦਾ ਹੈ, ਜਿਨ੍ਹਾਂ ਨੂੰ ਹਰੀ ਮੇਹਰ ਦੀ ਨਜਰ ਨਾਲ ਦੇਖਦਾ ਤੇ ਨਿਹਾਲ ਕਰ ਦੇਂਦਾ ਹੈ।੧।

ਮਃ ੩ ॥ ਸਿਫਤਿ ਖਜਾਨਾ ਬਖਸ ਹੈ, ਜਿਸੁ ਬਖਸੈ ਸੋ ਖਰਚੈ ਖਾਇ ॥ ਸਤਿਗੁਰ ਬਿਨੁ ਹਥਿ ਨ ਆਵਈ, ਸਭ ਥਕੇ ਕਰਮ ਕਮਾਇ ॥ ਨਾਨਕ ਮਨਮੁਖੁ ਜਗਤੁ ਧਨ ਹੀਣੁ ਹੈ, ਅਗੈ ਭੁਖਾ ਕਿ ਖਾਇ ॥੨॥ (ਹਰੀ ਦੀ) ਸਿਫਤ ਕਰਨਾ ਉਸ ਦੀ ਬਖਸ਼ਿਸ਼ ਦਾ ਖਜਾਨਾ ਹੈ, ਜਿਸ ਪੁਰਖ ਨੂੰ (ਇਹ ਖਜਾਨਾ) ਬਖਸ਼ਦਾ ਹੈ, ਉਹ (ਇਸ ਖਜਾਨੇ ਨੂੰ) ਖਰਚਦਾ ਹੈ ਤੇ ਖਾਂਦਾ ਹੈ (ਆਪ ਰੱਬ ਦੀ ਸਿਫਤ ਕਰਦਾ ਹੈ ਤੇ ਹੋਰਨਾਂ ਨੂੰ ਵੀ ਸਿਫਤ ਕਰਨ ਲਾਉਂਦਾ ਹੈ)।ਸਾਰੇ ਲੋਕ ਕਰਮ ਕਾਂਡ ਕਰਦੇ ਥੱਕ ਗਏ ਹਨ, (ਪਰ ਇਹ ਬਖਸ਼ਿਸ਼) ਸਤਿਗੁਰੂ ਤੋਂ ਬਿਨਾ (ਮਨੁੱਖ ਦੇ) ਹੱਥ ਨਹੀਂ ਆਉਂਦੀ (ਪ੍ਰਾਪਤ ਨਹੀਂ ਹੁੰਦੀ)।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਧਨ ਤੋਂ ਖਾਲੀ ਜਗਤ ਮਨਮੁਖ ਹੈ, ਭੁੱਖਾ ਮਨੁੱਖ ਅੱਗੇ ਕੀ ਖਾਵੇਗਾ? (ਨਾਮ ਹੀਣ ਮਨੁੱਖ ਪ੍ਰਲੋਕ ਵਿਚ ਦੁਖ ਹੀ ਪਾਏਗਾ)।੨।

ਪਉੜੀ ॥ ਸਭ ਤੇਰੀ ਤੂ ਸਭਸ ਦਾ, ਸਭ ਤੁਧੁ ਉਪਾਇਆ ॥ ਸਭਨਾ ਵਿਚਿ ਤੂ ਵਰਤਦਾ, ਤੂ ਸਭਨੀ ਧਿਆਇਆ ॥ ਤਿਸ ਦੀ ਤੂ ਭਗਤਿ ਥਾਇ ਪਾਇਹਿ, ਜੋ ਤੁਧੁ ਮਨਿ ਭਾਇਆ ॥ ਜੋ ਹਰਿ ਭਾਵੈ ਸੋ ਥੀਐ, ਸਭਿ ਕਰਨਿ ਤੇਰਾ ਕਰਾਇਆ ॥ ਸਲਾਹਿਹੁ ਹਰਿ ਸਭਨਾ ਤੇ ਵਡਾ, ਜੋ ਸੰਤ ਜਨਾਂ ਕੀ ਪੈਜ ਰਖਦਾ ਆਇਆ ॥੧॥ (ਹੇ ਪ੍ਰਭੂ!) ਸਾਰੀ ਸ੍ਰਿਸਟੀ ਤੇਰੀ ਹੈ ਤੇ ਤੂੰ ਸਭ ਦਾ (ਮਾਲਕ) ਹੈਂ ,ਸਭ ਨੂੰ ਤੂੰ ਹੀ ਪੈਦਾ ਕੀਤਾ ਹੈ।ਸਭ (ਦਿਸਦੇ ਤੇ ਅਣਦਿਸਦੇ ਸੰਸਾਰ) ਵਿਚ ਤੂੰ ਵਰਤ ਰਿਹਾ ਹੈਂ ਅਤੇ ਸਭ ਨੇ ਤੈਨੂੰ ਹੀ ਧਿਆਇਆ ਹੈ।ਉਸ ਮਨੁੱਖ ਦੀ ਭਗਤ ਤੂੰ ਪ੍ਰਵਾਨ ਕਰਦਾ ਹੈਂ, ਜਿਹੜਾ ਤੇਰੇ ਮਨ ਵਿਚ ਚੰਗਾ ਲਗਦਾ ਹੈ।ਹੇ ਹਰੀ! ਜੋ ਕੁਛ ਤੈਨੂੰ ਭਾਉਂਦਾ ਹੈ, ਉਹੋ ਹੀ ਹੁੰਦਾ ਹੈ, ਸਾਰੇ ਜੀਵ ਤੇਰਾ ਕਰਾਇਆ ਕੰਮ ਕਰਦੇ ਹਨ।(ਹੇ ਸੰਤ ਜਨੋਂ!) ਹਰੀ ਸਭ ਤੋਂ ਵੱਡਾ ਹੈ, (ਉਸ ਦੀ) ਸਿਫਤ ਸਲਾਹ ਕਰੋ, ਜਿਹੜਾ (ਮੁੱਢ ਤੋਂ ਹੀ) ਸੰਤ ਜਨਾਂ ਦੀ ਪੈਜ ਰਖਦਾ ਆਇਆ ਹੈ।੧।

ਪਦਾਰਥ = ਤੇ–ਤੋਂ; ਨਾਲ।ਹੋਰ ਥੈ–ਹੋਰ ਥਾਂ ਤੋਂ।ਨ ਭਾਲਿ–ਨਾ ਲੱਭ।ਭੇਦੀਐ–ਵਿੰਨ੍ਹ (ਪਰੋ) ਲਈਏ।ਤਿਨਾ ਕਉ–ਉਨ੍ਹਾਂ ਨੂੰ।ਨਦਰਿ –ਨਜਰ ਨਾਲ।੧।ਬਖਸ–ਬਖਸ਼ਿਸ਼।ਬਖਸੈ–ਦੇਂਦਾ ਹੈ।ਸੋ–ਉਹ।ਹੀਣੁ–ਖਾਲੀ।ਅਗੈ–ਪ੍ਰਲੋਕ ਵਿਚ।ਕਿ–ਕੀ।੨।ਪਉੜੀ।ਤੁਧੁ–ਤੈਂ।ਤੂ–ਤੈਨੂੰ।ਸਭਨੀ–ਸਭ ਨੇ।ਥਾਇ ਪਾਇਹਿ–ਪ੍ਰਵਾਨ ਕਰਦਾ ਹੈਂ।ਮਨਿ–ਮਨ ਵਿਚ।ਭਾਇਆ–ਚੰਗਾ ਲਗਦਾ ਹੈ।ਭਾਵੈ–ਚੰਗਾ ਲਗਦਾ ਹੈ।ਥੀਐ–ਹੁੰਦਾ ਹੈ।ਸਲਾਹਿਹੁ–ਸਿਫਤ ਸਲਾਹ ਕਰੋ।ਪੈਜ–ਇੱਜਤ।੧।

ਸਲੋਕ ਮਃ ੩ ॥ ਨਾਨਕ ਗਿਆਨੀ ਜਗੁ ਜੀਤਾ, ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ, ਸਹਜੇ ਹੋਇ ਸੁ ਹੋਇ ॥ ਗੁਰ ਮਤਿ ਮਤਿ ਅਚਲੁ ਹੈ, ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ, ਕਾਰਜੁ ਸੁਹਾਵਾ ਹੋਇ ॥ ਨਾਨਕ ਗੁਰੂ ਜੀ ਆਖਦੇ ਹਨ ਕਿ ਗਿਆਨਵਾਨ ਪੁਰਖ ਨੇ ਜਗਤ ਨੂੰ ਜਿਤ ਲਿਆ ਹੈ, (ਪਰ ਬਾਕੀ) ਸਭ ਕਿਸੇ ਨੂੰ ਜਗਤ ਨੇ ਜਿੱਤਿਆ ਹੈ।(ਗਿਆਨੀ ਦਾ) ਕਾਰਜ ਨਾਮ ਜਪਣ ਨਾਲ ਸਫਲ ਹੋਇਆ ਹੈ ਤੇ (ਉਸ ਦਾ ਨਿਸਚਾ ਹੁੰਦਾ ਹੈ ਕਿ ਪ੍ਰਭੂ ਦੇ ਹੁਕਮ ਵਿਚ) ਜੋ ਕੁਝ ਹੁੰਦਾ ਹੈ, ਉਹ ਸੁਭਾਵਕ ਹੀ ਹੁੰਦਾ ਹੈ।ਗੁਰੂ ਦੇ ਉਪਦੇਸ਼ ਦੁਆਰਾ ਸਵਾਰੀ ਹੋਈ ਅਕਲ ਅਡੋਲ ਹੁੰਦੀ ਹੈ, (ਉਸ ਦੀ ਮੱਤ ਨੂੰ) ਕੋਈ ਹਿਲਾ ਨਹੀਂ ਸਕਦਾ।(ਐਸੇ ਦ੍ਰਿੜ ਵਿਸ਼ਵਾਸੀ) ਭਗਤਾਂ ਦਾ ਪੱਖ ਹਰੀ ਆਪ ਕਰਦਾ ਹੈ ਤੇ (ਉਨ੍ਹਾਂ ਦਾ) ਕੰਮ ਸੋਭਨੀਕ (ਸਫਲ) ਹੋ ਜਾਂਦਾ ਹੈ।

ਅੰਗ ੫੪੯ = ਮਨਮੁਖ ਮੂਲਹੁ ਭੁਲਾਇਅਨੁ ,ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ, ਸਬਦਿ ਨ ਕਰੈ ਵੀਚਾਰੁ ॥ ਸੁਧਿ ਮਤਿ ਕਰਤੈ ਹਿਰਿ ਲਈ, ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਨਿ, ਅੰਤਰਿ ਤ੍ਰਿਸਨਾ ਬਹੁਤੁ ਅਗ੍ਹਾਨੁ ਅੰਧਾਰੁ ॥ ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ, ਜਿਨਾ ਮਾਇਆ ਮੋਹਿ ਪਿਆਰੁ ॥੧॥ ਉਸ ਪ੍ਰਭੂ ਨੇ ਮਨਮੁਖਾਂ ਨੂੰ ਮੁੱਢੋਂ ਹੀ ਭੁਲਾਇਆ ਹੋਇਆ ਹੈ, (ਉਨ੍ਹਾਂ ਦੇ ਹਿਰਦੇ) ਵਿਚ ਲੋਭ ਲਾਲਚ ਤੇ ਹੰਕਾਰ ਆਦਿ ਔਗਣ ਹਨ।(ਉਨ੍ਹਾਂ ਦਾ) ਦਿਨ ਰਾਤ ਝਗੜਾ ਕਰਦਿਆਂ ਗੁਜਰ ਜਾਂਦਾ ਹੈ, (ਉਹ ਕਦੇ ਗੁਰੂ ਦੇ) ਸ਼ਬਦ ਵਿਚ (ਜੁੜ ਕੇ ਚੰਗੇ ਮਾੜੇ ਕੰਮਾਂ ਦੀ) ਵਿਚਾਰ ਨਹੀਂ ਕਰਦੇ।ਕਰਤਾਰ ਨੇ (ਉਨ੍ਹਾਂ ਦੀ) ਸੂਝ ਬੂਝ ਖੋਹ ਲਈ ਹੈ ਅਤੇ (ਉਹ ਜੋ ਕੁਝ) ਬੋਲਦੇ ਹਨ, ਸਭ ਬੇਕਾਰ ਹੁੰਦਾ ਹੈ।(ਉਹ) ਕਿਸੇ ਵੀ ਦਾਤ ਦੇਣ ਨਾਲ ਰੱਜਦੇ ਨਹੀਂ, (ਕਿਉਂਕਿ ਉਨ੍ਹਾਂ ਦੇ) ਅੰਦਰ ਤ੍ਰਿਸ਼ਨਾ ਤੇ ਅਗਿਆਨ ਰੂਪ ਹਨ੍ਹੇਰਾ ਬਹੁਤ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ

ਮਨਮੁੱਖਾਂ ਨਾਲੋਂ ਪ੍ਰੀਤ ਟੁੱਟੀ ਹੋਈ ਹੀ ਚੰਗੀ ਹੈ, ਜਿਨ੍ਹਾਂ ਦਾ ਮਾਇਆ ਦੇ ਮੋਹ ਵਿਚ ਪਿਆਰ ਹੈ।੧।(ਮਨਮੁਖ ਮੂਲਹੁ ਭੁਲਿਆ.... ਮਾਇਆ ਮੋਹ ਪਿਆਰੁ) ਤਕ ਇਹ ਸਲੋਕ ੩੧੬ ਅੰਗ ਤੇ ਸਲੋਕ ਮਃ ੪ ਦੇ ਸਿਰਲੇਖ ਹੇਠ ਵੀ ਕੁਛ ਫਰਕ ਨਾਲ ਆਇਆ ਹੈ।

ਪਦਾਰਥ = ਜੀਤਾ–ਜਿੱਤ ਲਿਆ।ਜਗਿ–ਜਗਤ ਨੇ।ਸਿਧਿ–ਸਫਲ।ਸਹਜੇ–ਸੁਭਾਵਕ।ਸੁ–ਉਹ।ਗੁਰਮਤਿ–ਗੁਰੂ ਦੀ ਮੱਤ ਦੁਆਰਾ। ਅਚਲ–(ਅਚੱਲ ਬੋਲੋ) ਅਡੋਲ।ਅੰਗੀਕਾਰੁ–ਪੱਖ।ਸੁਹਾਵਾ–ਸੋਭਨੀਕ।ਮੂਲਹੁ–ਮੁਢੋਂ ਹੀ।ਅਨਦਿਨੁ–ਦਿਨ ਰਾਤ।ਗੁਦਰੈ–ਗੁਜਰ ਜਾਂਦਾ ਹੈ।ਸੁਧਿ ਮਤਿ–ਸੂਝ ਬੂਝ (ਚੰਗੀ ਅਕਲ)।ਕਰਤੈ–ਕਰਤਾਰ ਨੇ।ਹਿਰਿ ਲਈ–ਖੋਹ ਲਈ।ਵਿਕਾਰੁ–ਬੇਕਾਰ (ਫਜ਼ੂਲ)।ਦਿਤੈ–ਦੇਣ ਨਾਲ।ਕਿਤੈ–ਕਿਸੇ ਵੀ।ਨ ਸੰਤੋਖੀਅਨਿ–ਰੱਜਦੇ ਨਹੀਂ।ਅੰਧਾਰੁ–ਹਨ੍ਹੇਰਾ।ਤੁਟੀਆ ਭਲੀ–(ਪ੍ਰੀਤ) ਟੁੱਟੀ ਚੰਗੀ ਹੈ।੧।

ਮਃ ॥ ਤਿਨ੍ ਭਉ ਸੰਸਾ ਕਿਆ ਕਰੇ, ਜਿਨ ਸਤਿਗੁਰੁ ਸਿਰਿ ਕਰਤਾਰੁ ॥ ਧੁਰਿ ਤਿਨ ਕੀ ਪੈਜ ਰਖਦਾ, ਆਪੇ ਰਖਣਹਾਰੁ ॥ ਮਿਲਿ ਪ੍ਰੀਤਮ ਸੁਖੁ ਪਾਇਆ, ਸਚੈ ਸਬਦਿ ਵੀਚਾਰਿ ॥ ਨਾਨਕ ਸੁਖ ਦਾਤਾ ਸੇਵਿਆ, ਆਪੇ ਪਰਖਣਹਾਰੁ ॥੨॥ ਜਿਨ੍ਹਾਂ ਪੁਰਖਾਂ ਦੇ ਸਿਰ ਉਤੇ ਸਤਿਗੁਰੂ ਤੇ ਕਰਤਾਰ (ਰੱਖਿਅਕ) ਹੈ, ਡਰ ਤੇ ਸੰਸਾ ਉਨ੍ਹਾਂ ਦਾ ਕੀ ਵਿਗਾੜ ਕਰ ਸਕਦੇ ਹਨ? ਰੱਖਿਆ ਕਰਨ ਵਾਲਾ ਪ੍ਰਭੂ ਪਹਿਲਾਂ ਤੋਂ ਆਪ ਹੀ ਉਨ੍ਹਾਂ ਦੀ ਪੈਜ ਰਖਦਾ ਹੈ।(ਉਨ੍ਹਾਂ ਨੇ) ਸੱਚੇ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਪਿਆਰੇ ਪ੍ਰਭੂ ਨੂੰ ਮਿਲ ਕੇ (ਸਦੀਵੀ) ਸੁਖ ਪਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੇ) ਸੁਖ ਦੇਣ ਵਾਲੇ ਪ੍ਰਭੂ ਦੀ ਸੇਵਾ ਭਗਤੀ ਕੀਤੀ ਹੈ, (ਜੋ ਭਗਤਾਂ ਦੇ ਪ੍ਰੇਮ ਨੂੰ) ਆਪੇ ਪਰਖਣ ਵਾਲਾ ਹੈ।੨।

ਪਉੜੀ ॥ ਜੀਅ ਜੰਤ ਸਭਿ ਤੇਰਿਆ, ਤੂ ਸਭਨਾ ਰਾਸਿ ॥ ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ, ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ ॥ ਤੂ ਇਕੋ ਦਾਤਾ ਸਭਸ ਦਾ, ਹਰਿ ਪਹਿ ਅਰਦਾਸਿ ॥ ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ, ਸੋ ਜਨੁ ਸਾਬਾਸਿ ॥ ਸਭੁ ਤੇਰਾ ਚੋਜੁ ਵਰਤਦਾ, ਦੁਖੁ ਸੁਖੁ ਤੁਧੁ ਪਾਸਿ ॥੨॥ (ਹੇ ਪ੍ਰਭੂ! ਸੂਖਮ ਤੇ ਅਸਥੂਲ) ਸਾਰੇ ਜੀਵ ਜੰਤ ਤੇਰੇ ਹਨ ਅਤੇ ਤੂੰ ਸਭ ਦੀ ਪੂੰਜੀ ਹੈਂ; ਸਭ ਨੂੰ ਸੁਆਸਾਂ ਰੂਪ ਪੂੰਜੀ ਦੇਂਦਾ ਹੈਂ।ਜਿਸ (ਮਨੁੱਖ) ਨੂੰ ਤੂੰ ਦਾਤਾਂ ਦੇਂਦਾ ਹੈਂ, ਉਸ ਨੂੰ ਸਭ ਕੁਝ ਮਿਲ ਜਾਂਦਾ ਹੈ, (ਕਿਉਂਕਿ) ਤੇਰੇ ਪਾਸ ਕੋਈ ਹੋਰ ਸਰੀਕ ਨਹੀਂ ਹੈ (ਜੋ ਦਾਤਾਂ ਦੇਣ ਤੋਂ ਰੋਕਦਾ ਹੋਵੇ)।ਤੂੰ ਸਭ ਜੀਵਾਂ ਦਾ ਇਕੋ ਦਾਤਾ ਹੈਂ, (ਇਸ ਲਈ) ਹੇ ਹਰੀ! ਤੇਰੇ ਪਾਸ ਹੀ ਸਾਡੀ ਅਰਦਾਸ ਹੈ।ਜਿਸ ਮਨੁੱਖ ਦੀ ਅਰਦਾਸ ਤੈਨੂੰ ਚੰਗੀ ਲਗਦੀ ਹੈ, ਉਸ ਦੀ (ਅਰਦਾਸ) ਤੂੰ ਮੰਨ ਲੈਂਦਾ ਹੈਂ, ਉਹ ਪੁਰਖ ਧੰਨਤਾ ਯੋਗ ਹੋ ਜਾਂਦਾ ਹੈ।(ਹੇ ਹਰੀ! ਜੋ ਕੁਝ ਹੋ ਰਿਹਾ ਹੈ) ਸਭ ਤੇਰਾ ਖੇਲ ਵਰਤ ਰਿਹਾ ਹੈ ਅਤੇ (ਸਭ ਜੀਵਾਂ ਨੂੰ ਕੀਤੇ ਕਰਮਾਂ ਅਨੁਸਾਰ) ਦੁਖ ਸੁਖ ਤੇਰੇ ਪਾਸੋਂ ਹੀ ਮਿਲਦਾ ਹੈ।੨।

ਪਦਾਰਥ = ਮਃ ੩ ॥ ਭਉ–ਡਰ।ਸੰਸਾ–ਭਰਮ।ਸਿਰਿ–ਸਿਰ ਉਤੇ।ਧੁਰਿ–ਪਹਿਲਾਂ ਤੋਂ।ਪੈਜ–ਇੱਜਤ।੧।ਪਉੜੀ।ਰਾਸਿ–ਪੂੰਜੀ; ਮਾਲ ਧਨ।ਸਰੀਕੁ–ਬਰਾਬਰੀ ਕਰਨ ਵਾਲਾ।ਤੁਧੁ ਪਾਸਿ–ਤੇਰੇ ਕੋਲ।ਪਹਿ–ਕੋਲ।ਭਾਵੈ–ਚੰਗੀ ਲਗਦੀ ਹੈ; ਪਸੰਦ ਆਉਂਦੀ ਹੈ।ਮੰਨਿ ਲੈਹਿ–ਮੰਨ (ਪ੍ਰਵਾਨ ਕਰ) ਲੈਂਦਾ ਹੈਂ।ਸੋ ਜਨੁ–ਉਹ ਪੁਰਖ।ਸਾਬਾਸਿ–ਧੰਨਤਾ ਦੇ ਯੋਗ।੨।

ਸਲੋਕ ਮਃ ੩ ॥ ਗੁਰਮੁਖਿ ਸਚੇ ਭਾਵਦੇ, ਦਰਿ ਸਚੈ ਸਚਿਆਰ ॥ ਸਾਜਨ ਮਨਿ ਆਨੰਦੁ ਹੈ, ਗੁਰ ਕਾ ਸਬਦੁ ਵੀਚਾਰ ॥ ਅੰਤਰਿ ਸਬਦੁ ਵਸਾਇਆ ਦੁਖੁ ਕਟਿਆ, ਚਾਨਣੁ ਕੀਆ ਕਰਤਾਰਿ ॥ ਨਾਨਕ ਰਖਣਹਾਰਾ ਰਖਸੀ, ਆਪਣੀ ਕਿਰਪਾ ਧਾਰਿ ॥੧॥ ਸੱਚੇ ਹਰੀ ਨੂੰ ਗੁਰਮੁਖ ਚੰਗੇ ਲਗਦੇ ਹਨ ਅਤੇ ਉਹ ਸੱਚੇ ਹਰੀ ਦੇ ਦਰਬਾਰ ਵਿਚ ਸਚਿਆਰ ਜਾਣੇ ਜਾਂਦੇ ਹਨ।ਗੁਰੂ ਦਾ ਸ਼ਬਦ ਵਿਚਾਰਨ ਕਰਕੇ ਗੁਰਮੁਖ ਸੱਜਣਾਂ ਦੇ ਮਨ ਵਿਚ ਅਨੰਦ ਹੁੰਦਾ ਹੈ।(ਉਨ੍ਹਾਂ ਨੇ ਗੁਰੂ ਦਾ) ਸ਼ਬਦ ਹਿਰਦੇ ਅੰਦਰ ਵਸਾਇਆ ਹੈ, ਕਰਤਾਰ ਨੇ (ਗੁਰਮੁਖਾਂ ਦੇ ਹਿਰਦੇ ਵਿਚ ਗਿਆਨ ਦਾ) ਚਾਨਣ ਕਰ ਦਿਤਾ ਹੈ, (ਜਿਸ ਕਰਕੇ ਉਨ੍ਹਾਂ ਦਾ) ਦੁਖ ਕੱਟਿਆ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਰੱਖਿਆ ਕਰਨ ਵਾਲਾ ਪ੍ਰਭੂ ਅਪਣੀ ਕ੍ਰਿਪਾ ਕਰਕੇ (ਗੁਰਮੁਖਾਂ ਦੀ) ਰੱਖਿਆ ਕਰਦਾ ਹੈ।੧।

ਮਃ ੩ ॥ ਗੁਰ ਕੀ ਸੇਵਾ ਚਾਕਰੀ, ਭੈ ਰਚਿ ਕਾਰ ਕਮਾਇ ॥ ਜੇਹਾ ਸੇਵੈ ਤੇਹੋ ਹੋਵੈ, ਜੇ ਚਲੈ ਤਿਸੈ ਰਜਾਇ ॥ ਨਾਨਕ ਸਭੁ ਕਿਛੁ ਆਪਿ ਹੈ, ਅਵਰੁ ਨ ਦੂਜੀ ਜਾਇ ॥੨॥ (ਜੋ ਮਨੁੱਖ ਪ੍ਰਭੂ ਦੇ) ਭੈ ਵਿਚ ਰਚ ਕੇ ਗੁਰੂ ਦੀ ਕਾਰ ਸੇਵਾ ਤੇ ਨੌਕਰੀ ਕਰਦਾ ਹੈ।(ਉਹ) ਜੇ ਗੁਰੂ ਦੀ ਰਜਾ ਵਿਚ ਚੱਲਦਾ ਹੈ, ਤਾਂ ਜਿਹੋ ਜਿਹਾ ਮਨੋਰਥ ਰੱਖ ਕੇ ਸੇਵਾ ਕਰਦਾ ਹੈ, ਉਹੋ ਜਿਹਾ ਫਲ (ਉਸ ਨੂੰ) ਪ੍ਰਾਪਤ ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਭ ਕੁਛ ਪ੍ਰਭੂ ਆਪ ਹੀ ਹੈ, (ਉਸ ਤੋਂ ਬਿਨਾ) ਹੋਰ ਦੂਜੀ ਜਗ੍ਹਾ ਨਹੀਂ ਹੈ।੨।

ਪਦਾਰਥ = ਸਚੈ–ਸੱਚੇ ਪ੍ਰਭੂ ਨੂੰ।ਭਾਵਦੇ–ਪਿਆਰੇ ਲਗਦੇ ਹਨ।ਦਰਿ–ਦਰਬਾਰ ਵਿਚ।ਮਨਿ–ਮਨ ਵਿਚ।ਕਰਤਾਰਿ–ਕਰਤਾਰ ਨੇ। ਕਿਰਪਾ ਧਾਰਿ–ਕਿਰਪਾ ਕਰਕੇ।੧।ਚਾਕਰੀ–ਨੌਕਰੀ (ਸੇਵਾ)।ਭੈ ਰਚਿ–ਭੈ ਵਿਚ ਰਚ ਕੇ (ਡਰ ਰੱਖ ਕੇ)।ਕਾਰ ਕਮਾਇ–ਕਾਰ ਸੇਵਾ ਕਰਦਾ ਹੈ।ਤਿਸੈ–ਉਸ ਦੀ।ਰਜਾਇ–ਭਾਣੇ ਵਿਚ; ਮਰਜੀ ਅਨੁਸਾਰ।ਅਵਰੁ–ਹੋਰ।ਜਾਇ–ਜਗ੍ਹਾ।੨।

ਪਉੜੀ ॥ ਤੇਰੀ ਵਡਿਆਈ ਤੂ ਹੈ ਜਾਣਦਾ, ਤੁਧੁ ਜੇਵਡੁ ਅਵਰੁ ਨ ਕੋਈ ॥ ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ, ਤੁਧੁ ਜੇਵਡੁ ਤੂ ਹੈ ਹੋਈ ॥ ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ, ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥ ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ, ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ ॥ ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ, ਤੁਧੁ ਸਭਸੈ ਨੋ ਦਾਨੁ ਦਿਤਾ, ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ ॥੩॥ (ਹੇ ਪ੍ਰਭੂ !) ਤੇਰੀ ਵਡਿਆਈ ਤੂੰ ਹੀ ਜਾਣਦਾ ਹੈਂ, (ਕਿਉਂਕਿ) ਤੇਰੇ ਜਿਤਨਾ ਵੱਡਾ ਹੋਰ ਕੋਈ ਨਹੀਂ ਹੈ। ਤੇਰੇ ਜਿਤਨਾ ਵੱਡਾ ਕੋਈ ਹੋਰ ਸਰੀਕ ਹੋਵੇ ਤਾਂ ਆਖੀਏ, ਤੇਰੇ ਜਿਤਨਾ ਵੱਡਾ ਤੂੰ ਹੀ ਹੋ ਸਕਦਾ ਹੈਂ। ਜਿਸ ਮਨੁੱਖ ਨੇ ਤੈਨੂੰ ਸਿਮਰਿਆ ਹੈ, ਉਸ ਨੇ ਸੁਖ ਪਾਇਆ ਹੈ, ਉਸ ਦੀ ਰੀਸ ਹੋਰ ਕੋਈ ਮਨੁੱਖ ਕੀ ਕਰ ਸਕਦਾ ਹੈ? (ਹੇ ਪ੍ਰਭੂ !) ਤੂੰ ਤੋੜਨ ਤੇ ਰਚਨ (ਉਤਪਤੀ ਤੇ ਨਾਸ਼ ਕਰਨ) ਦੀ ਤਾਕਤ ਰੱਖਣ ਵਾਲਾ ਅਤੇ (ਸਭ ਨੂੰ) ਦਾਤਾਂ ਦੇਣ ਵਾਲਾ ਹੈਂ, ਤੇਰੇ ਅੱਗੇ ਸਾਰੀ ਦੁਨੀਆਂ ਹੱਥ ਜੋੜ ਕੇ ਮੰਗਣ ਲਈ ਖੜੀ ਹੋਈ ਹੈ। ਤੇਰੇ ਜਿਤਨਾ ਵੱਡਾ ਦਾਤਾ ਮੈਨੂੰ (ਤਿੰਨਾਂ ਲੋਕਾਂ ਵਿਚ) ਹੋਰ ਕੋਈ ਨਜਰ ਨਹੀਂ ਆਉਂਦਾ, (ਕਿਉਂਕਿ) ਤੈਂ ਖੰਡਾਂ ਬ੍ਰਹਮੰਡਾਂ (ਦੇ ਜੀਵਾਂ ਨੂੰ), ਪਤਾਲ (ਵਿਚ ਰਹਿਣ ਵਾਲੇ ਜੀਵਾਂ ਨੂੰ), ਪੁਰੀਆਂ ਵਿਚ (ਸ਼ਿਵ, ਬ੍ਰਹਮਾ, ਵਿਸ਼ਨੂੰ ਤੇ ਇੰਦ੍ਰ ਆਦਿ ਦੇਵਤਿਆਂ) ਅਤੇ ਸਭ ਲੋਕਾਂ ਵਿਚ ਸਭ ਨੂੰ ਦਾਨ ਦਿਤਾ ਹੈ।੩।

ਪਦਾਰਥ = ਤੁਧੁ ਜੇਵਡੁ–ਤੇਰੇ ਜਿੰਨਾ ਵੱਡਾ। ਅਵਰੁ–ਹੋਰ। ਸਰੀਕੁ–ਬਰਾਬਰੀ ਕਰਨ ਵਾਲਾ; ਪ੍ਰਭੂ ਵਰਗਾ ਕੋਈ ਹੋਰ। ਜਿਨਿ–ਜਿਸ ਨੇ। ਤੂ–ਤੈਨੂੰ। ਸੇਵਿਆ–ਸਿਮਰਿਆ। ਤਿਨਿ–ਉਸ ਨੇ। ਰੀਸ–ਬਰਾਬਰੀ। ਭੰਨਣ–ਤੋੜਨ (ਨਾਸ਼ ਕਰਨ) ਵਾਲਾ। ਘੜਣ–ਰਚਣ ਵਾਲਾ। ਸਮਰਥੁ–ਤਾਕਤ ਵਾਲਾ। ਖਲੀ ਹੋਈ–ਖੜੀ ਹੋਈ ਹੈ। ਸਭਸੈ ਨੋ–ਸਭ ਨੂੰ। ਖੰਡੀ–ਨੌਂ ਖੰਡਾਂ ਵਿਚ। ਵਰਭੰਡੀ–ਬ੍ਰਹਮੰਡਾਂ ਵਿਚ। ਪਾਤਾਲੀ –ਪਤਾਲ ਵਿਚ। ਪੁਰਈ–(ਦੇਵਤਿਆਂ ਦੀਆਂ) ਪੁਰੀਆਂ ਵਿਚ। ਲੋਈ–ਚੌਦਾਂ ਲੋਕਾਂ (ਭਵਨਾਂ) ਵਿਚ।੩।

ਸਲੋਕ ਮਃ ੩ ॥ ਮਨਿ ਪਰਤੀਤਿ ਨ ਆਈਆ, ਸਹਜਿ ਨ ਲਗੋ ਭਾਉ ॥ ਸਬਦੈ ਸਾਦੁ ਨ ਪਾਇਓ, ਮਨ ਹਠਿ ਕਿਆ ਗੁਣ ਗਾਇ ॥ ਨਾਨਕ ਆਇਆ ਸੋ ਪਰਵਾਣੁ ਹੈ, ਜਿ ਗੁਰਮੁਖਿ ਸਚਿ ਸਮਾਇ ॥੧॥ ਜਿਸ ਮਨੁੱਖ ਦੇ ਮਨ ਵਿਚ (ਗੁਰੂ ਉਤੇ) ਭਰੋਸਾ ਨਹੀਂ ਆਇਆ ਅਤੇ ਨਾ ਸਹਿਜ ਅਵਸਥਾ ਪ੍ਰਾਪਤ ਹੋਈ ਤੇ ਨਾ ਹੀ ਪ੍ਰਭੂ ਵਿਚ ਪ੍ਰੇਮ ਲੱਗਾ ਹੈ। ਜੇ ਗੁਰੂ ਦੇ ਸ਼ਬਦ ਦੁਆਰਾ ਅਨੰਦ ਪ੍ਰਾਪਤ ਨਹੀਂ ਕੀਤਾ ਤਾਂ ਮਨ ਦੇ ਹਠ ਕਰਕੇ (ਬਿਨਾ ਰਸ ਦੇ) ਕੀ ਗੁਣ ਗਾਉਂਦਾ ਹੈ? ਨਾਨਕ ਗੁਰੂ ਜੀ ਆਖਦੇ ਹਨ ਕਿ (ਜਗਤ ਵਿਚ) ਉਹ ਮਨੁੱਖ ਅਇਆ (ਜੰਮਿਆ) ਪ੍ਰਵਾਨ ਹੈ, ਜਿਹੜਾ ਗੁਰੂ ਦੁਆਰਾ (ਹਰੀ ਦੇ ਗੁਣ ਗਾ ਕੇ) ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੧।

ਮਃ ੩ ॥ ਆਪਣਾ ਆਪੁ ਨ ਪਛਾਣੈ ਮੂੜਾ, ਅਵਰਾ ਆਖਿ ਦੁਖਾਏ ॥ ਮੁੰਢੈ ਦੀ ਖਸਲਤਿ ਨ ਗਈਆ ਅੰਧੇ, ਵਿਛੁੜਿ ਚੋਟਾ ਖਾਇ ॥ ਸਤਿਗੁਰ ਕੈ ਭੈ ਭੰਨਿ ਨ ਘੜਿਓ, ਰਹੈ ਅੰਕਿ ਸਮਾਏ ॥ (ਮਨ ਦੇ ਹਠ ਵਾਲਾ) ਮੂਰਖ ਮਨੁੱਖ ਆਪਣੇ ਆਪ ਨੂੰ ਨਹੀਂ ਪਛਾਣਦਾ (ਆਤਮਕ ਸੋਝੀ ਤੋਂ ਖਾਲੀ ਹੈ, ਉਹ ਕੁਬੋਲ) ਬੋਲ ਕੇ ਹੋਰਨਾਂ ਦਾ ਮਨ ਦੁਖਾਉਂਦਾ ਹੈ (ਦੂਜਿਆਂ ਵਿਚ ਦੋਸ਼ ਕੱਢਦਾ ਫਿਰਦਾ ਹੈ)। ਅੰਨ੍ਹੇ (ਅਗਿਆਨੀ ਮਨੁੱਖ) ਦੀ ਮੁੱਢ ਦੀ ਪਈ ਬੁਰੀ ਆਦਤ ਗਈ ਨਹੀਂ, (ਉਹ ਰੱਬ ਤੋਂ) ਵਿਛੜ ਕੇ ਚੋਟਾਂ ਖਾਂਦਾ (ਦੁੱਖ ਸਹਿੰਦਾ) ਹੈ। ਸਤਿ ਗੁਰੂ ਦੇ ਭੈ ਨਾਲ (ਮੂਰਖ ਮਨੁੱਖ ਨੇ ਮਨ ਦੇ ਬੁਰੇ ਸੁਭਾਵ ਨੂੰ) ਭੰਨ ਕੇ ਨਵੇਂ ਸਿਰਿਓਂ ਨਹੀਂ ਘੜਿਆ (ਮਨ ਨੂੰ ਸੁਧਾਰਿਆ ਨਹੀਂ, ਜਿਸ ਦੇ ਸੁਧਰਨ ਨਾਲ ਰੱਬ ਦੇ) ਸਰੂਪ ਵਿਚ ਸਮਾਇਆ ਰਹਿੰਦਾ (ਰੱਬ ਨਾਲ ਮਿਲ ਜਾਂਦਾ)।

ਅੰਗ ੫੫੦ = ਅਨਦਿਨੁ ਸਹਸਾ ਕਦੇ ਨ ਚੂਕੈ, ਬਿਨੁ ਸਬਦੈ ਦੁਖੁ ਪਾਏ ॥ ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ, ਨਿਤ ਧੰਧਾ ਕਰਤ ਵਿਹਾਏ ॥ ਚਰਣ ਕਰ ਦੇਖਤ ਸੁਣਿ ਥਕੇ, ਦਿਹ ਮੁਕੇ ਨੇੜੈ ਆਏ ॥ ਸਚਾ ਨਾਮੁ ਨ ਲਗੋ ਮੀਠਾ, ਜਿਤੁ ਨਾਮਿ ਨਵ ਨਿਧਿ ਪਾਏ ॥ ਜੀਵਤੁ ਮਰੈ ਮਰੈ ਫੁਨਿ ਜੀਵੈ, ਤਾਂ ਮੋਖੰਤਰੁ ਪਾਏ ॥ ਧੁਰਿ ਕਰਮੁ ਨ ਪਾਇਓ ਪਰਾਣੀ, ਵਿਣੁ ਕਰਮਾ ਕਿਆ ਪਾਏ ॥ ਗੁਰ ਕਾ ਸਬਦੁ ਸਮਾਲਿ ਤੂ ਮੂੜੇ, ਗਤਿ ਮਤਿ ਸਬਦੇ ਪਾਏ ॥ ਨਾਨਕ ਸਤਿਗੁਰੁ ਤਦ ਹੀ ਪਾਏ, ਜਾਂ ਵਿਚਹੁ ਆਪੁ ਗਵਾਏ ॥੨॥ (ਉਸ ਦਾ) ਸ਼ੱਕ ਹਰ ਰੋਜ ਕਦੇ ਵੀ ਦੂਰ ਨਹੀਂ ਹੁੰਦਾ, (ਉਹ ਗੁਰੂ ਦੇ) ਸ਼ਬਦ ਤੋਂ ਬਿਨਾ ਦੁਖ ਪਾਉਂਦਾ ਹੈ। (ਉਸ ਦੇ) ਅੰਦਰ ਕਾਮ ਕ੍ਰੋਧ ਤੇ ਲੋਭ ਬਲਵਾਨ ਹੋਇਆ ਹੁੰਦਾ ਹੈ, (ਇਨ੍ਹਾਂ ਵਿਕਾਰਾਂ ਵਿਚ ਹੀ ਉਸ ਦਾ ਸਾਰਾ ਜੀਵਨ) ਸਦਾ ਧੰਧਾ ਕਰਦਿਆਂ ਲੰਘ ਜਾਂਦਾ ਹੈ। (ਉਸ ਦੇ) ਪੈਰ ਚਲਦਿਆਂ, ਹੱਥ ਕੰਮ ਕਰਦਿਆਂ, ਅੱਖਾਂ ਦੇਖਦਿਆਂ ਤੇ ਕੰਨ ਸੁਣਦੇ ਥੱਕ (ਕਮਜੋਰ ਹੋ) ਗਏ ਹਨ, (ਉਮਰ ਦੇ) ਦਿਨ ਮੁੱਕ ਗਏ ਹਨ ਅਤੇ ਮੌਤ ਦੇ ਦਿਨ ਨੇੜੇ ਆ ਗਏ ਹਨ। (ਉਸ ਨੂੰ ਰੱਬ ਦਾ) ਸੱਚਾ ਨਾਮ ਮਿੱਠਾ ਨਹੀਂ ਲੱਗਿਆ, ਜਿਸ ਨਾਮ ਸਿਮਰਨ ਦੁਆਰਾ (ਉਹ) ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ) ਪ੍ਰਾਪਤ ਕਰ ਲੈਂਦਾ। (ਜੇ ਕੋਈ ਮਨੁੱਖ) ਜੀਵਤ ਭਾਵ ਤੋਂ ਮਰ ਜਾਵੇ ਤੇ ਮਰ ਕੇ ਫਿਰ (ਆਤਮਕ ਜੀਵਨ) ਜੀਵੇ ਤਾਂ (ਉਹ) ਮੁਕਤੀ ਪਾ ਸਕਦਾ ਹੈ। (ਜਿਸ) ਪਰਾਣੀ ਨੇ ਧੁਰ (ਰੱਬ ਦੇ ਦਰ) ਤੋਂ ਬਖਸ਼ਿਸ਼ ਨਹੀਂ ਪ੍ਰਾਪਤ ਕੀਤੀ, (ਉਹ ਪ੍ਰਾਲਬਧ) ਕਰਮਾਂ ਤੋਂ ਬਿਨਾ ਕੀ ਪ੍ਰਾਪਤ ਸਕਦਾ ਹੈ? ਹੇ ਮੂਰਖ ਮਨੁੱਖ ! ਤੂੰ ਗੁਰੂ ਦਾ ਸ਼ਬਦ (ਹਿਰਦੇ

ਵਿਚ) ਸੰਭਾਲ ਕੇ ਰੱਖ, ਗੁਰੂ ਦੇ ਸ਼ਬਦ ਦੁਆਰਾ ਹੀ ਮੁਕਤੀ ਪ੍ਰਾਪਤ ਕਰਨ ਵਾਲੀ ਅਕਲ ਪਾ ਸਕੇਂਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਤੂੰ ਸਤਿਗੁਰੂ ਨੂੰ ਤਦ ਹੀ ਪਾਏਂਗਾ, ਜਦ ਤੂੰ ਮਨ ਵਿਚੋਂ ਆਪਾ ਭਾਵ ਗਵਾ ਲਵੇਂਗਾ।੨।

ਪਦਾਰਥ = ਮਨਿ–ਮਨ ਵਿਚ। ਪਰਤੀਤਿ–ਭਰੋਸਾ; ਨਿਸਚਾ। ਸਹਜਿ–ਸਹਿਜ ਅਵਸਥਾ; ਪ੍ਰਭੂ ਵਿਚ। ਭਾਉ–ਪ੍ਰੇਮ। ਸਾਦੁ–ਸੁਆਦ; ਰਸ। ਮਨ ਹਠਿ–ਮਨ ਦੇ ਹਠ ਕਰਕੇ (ਅਵਿਦਿਆ ਦੇ ਕਾਰਣ ਜੋ ਗੱਲ ਮਨ ਵਿਚ ਬੈਠ ਗਈ, ਉਸ ਦੇ ਛੱਡਣ ਵਿਚ ਜਿੱਦ ਕਰਨੀ)। ਆਇਆ–ਪੈਦਾ ਹੋਇਆ। ਸੋ–ਉਹ। ਜਿ–ਜਿਹੜਾ। ਗੁਰਮੁਖਿ–ਗੁਰੂ ਦੁਆਰਾ। ਸਚਿ–ਸੱਚ ਸਰੂਪ ਪ੍ਰਭੂ ਵਿਚ। ਸਮਾਇ–ਲੀਨ ਹੋ ਜਾਂਦਾ ਹੈ।੧। ਮੂੜਾ–ਮੂਰਖ। ਅਵਰਾ–ਹੋਰਨਾਂ ਨੂੰ। ਦੁਖਾਏ–ਸਤਾਉਂਦਾ (ਦਿਲ ਦੁਖਾਉਂਦਾ) ਹੈ। ਮੁੰਢੈ ਦੀ–ਮੁੱਢ ਦੀ। ਖਸਲਤਿ–ਆਦਤ; ਸੁਭਾਉ। ਅੰਧੇ–ਅੰਨ੍ਹੇ (ਅਗਿਆਨੀ ਮਨੁੱਖ) ਦੀ। ਭੰਨਿ–ਨਾਸ਼ ਕਰਕੇ। ਨ ਘੜਿਓ–ਨਹੀਂ ਘੜਿਆ (ਸੁਧਾਰਿਆ)। ਅੰਕਿ–ਸਰੂਪ ਵਿਚ। ਰਹੈ ਸਮਾਇ–ਲੀਨ ਰਹਿੰਦਾ। ਅਨਦਿਨੁ–ਹਰ ਰੋਜ। ਸਹਸਾ–ਸ਼ੱਕ; ਭਰਮ। ਅੰਤਰਿ–ਹਿਰਦੇ ਅੰਦਰ। ਸਬਲਾ–ਬਲਵਾਨ। ਨਿਤ–ਸਦਾ। ਵਿਹਾਏ–ਲੰਘਦਾ ਹੈ। ਚਰਣ–ਪੈਰ। ਕਰ–ਹੱਥ। ਸੁਣਿ–ਸੁਣ ਕੇ; ਕੰਨ। ਥਕੇ–ਥੱਕ ਗਏ। ਦਿਹ–ਦਿਨ। ਮੁਕੇ–ਮੁੱਕ ਗਏ। ਨਵ ਨਿਧ–ਨੌਂ ਨਿਧੀਆਂ (ਸਾਰੇ ਖਜਾਨੇ)। ਫੁਨਿ–ਫਿਰ; ਮੁੜ ਕੇ। ਮੋਖੰਤਰੁ–ਮੁਕਤੀ। ਧੁਰਿ–ਧੁਰ (ਰੱਬ ਦੇ ਦਰ) ਤੋਂ। ਕਰਮੁ–ਬਖਸ਼ਿਸ਼। ਪਰਾਣੀ–ਮਨੁੱਖ। ਸਮਾਲਿ–ਸੰਭਾਲ ਕੇ ਰੱਖ। ਗਤਿ–ਮੁਕਤੀ। ਮਤਿ–ਅਕਲ। ਜਾਂ–ਜਦ। ਗਵਾਏ–ਗਵਾ ਲਵੇ।੨।

ਸਾਰੰਸ਼ = ਉਤੋਂ ਉਤੋਂ ਮਨ ਤੇ ਦਬਾ ਪਾ ਕੇ ਕੀਤੀ ਭਗਤ ਪ੍ਰਵਾਨ ਨਹੀਂ ਹੁੰਦੀ, ਮਨ ਵਿਚੋਂ ਹੰਕਾਰ ਗੁਆ ਕੇ ਸ਼ਬਦ ਰਾਹੀਂ ਮਨ ਦਾ ਬੁਰਾ ਸੁਭਾਵ ਬਦਲ ਕੇ ਰੱਬ ਦੇ ਪ੍ਰੇਮ ਵਿਚ ਲੀਨ ਰਹਿਣਾ ਸੱਚੀ ਭਗਤੀ ਹੈ (ਸ਼ਬਦਾਰਥ)।

ਪਉੜੀ ॥ ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ, ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥ ਹਰਿ ਸੁਖ ਦਾਤਾ ਸਭਨਾ ਗਲਾ ਕਾ, ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥ ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ, ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥ ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ, ਸਭਿ ਜਨ ਕੇ ਬੰਧਨ ਤੋੜੀਐ ॥ ਹਰਿ ਕਿਰਪਾ ਤੇ ਹੋਆ ਹਰਿ ਭਗਤੁ ,ਹਰਿ ਭਗਤ ਜਨਾ ਕੈ ਮੁਹਿ ਡਿਠੈ, ਜਗਤੁ ਤਰਿਆ ਸਭੁ ਲੋੜੀਐ ॥੪॥ ਜਿਸ ਮਨੁੱਖ ਦੇ ਚਿਤ ਵਿਚ ਮੇਰਾ ਮਾਲਕ ਪ੍ਰਭੂ ਵਸਿਆ ਹੈ, ਉਸ ਨੂੰ ਕਿਸੇ ਗੱਲ ਦਾ ਫਿਕਰ ਕਿਉਂ ਕਰਨਾ ਚਾਹੀਦਾ ਹੈ? ਹਰੀ ਸਾਰੀਆਂ ਗੱਲਾਂ ਦਾ ਸੁਖ ਦੇਣ ਵਾਲਾ ਹੈ, ਉਸ ਨੂੰ ਸਿਮਰਦਿਆਂ ਇਕ ਨਿਮਖ ਜਾਂ ਇਕ ਘੜੀ ਕਿਸ ਲਈ ਮੂੰਹ ਮੋੜੀਏ? ਜਿਸ ਨੇ ਹਰੀ ਨੂੰ ਸਿਮਰਿਆ ਹੈ, ਉਸ (ਮਨੁੱਖ) ਨੂੰ ਸਾਰੇ ਸੁਖ ਪ੍ਰਾਪਤ ਹੋ ਗਏ ਹਨ, (ਇਸ ਲਈ) ਨਿਤ ਸੰਤ ਜਨਾਂ ਦੀ ਸੰਗਤ ਵਿਚ ਜਾ ਕੇ ਬੈਠੀਏ ਅਤੇ (ਉਨ੍ਹਾਂ ਨਾਲ) ਮੂੰਹ ਜੋੜੀਏ (ਮੇਲ ਜੋਲ ਰਖੀਏ ਜਾਂ ਸਨਮੁਖ ਹੋ ਕੇ ਰਹੀਏ)। ਹਰੀ ਦੇ ਸੇਵਕ ਦੇ ਸਾਰੇ ਦੁਖ, ਭੁੱਖ ਤੇ ਰੋਗ ਦੂਰ ਹੋ ਗਏ ਹਨ, (ਹਰੀ ਦੇ) ਸੇਵਕਾਂ ਦੇ ਸਾਰੇ ਬੰਧਨ ਟੁੱਟ ਗਏ ਹਨ। ਹਰੀ ਦੀ ਕ੍ਰਿਪਾ ਨਾਲ ਹਰੀ ਹਰੀ ਦਾ ਭਗਤ ਹੁੰਦਾ (ਬਣਦਾ) ਹੈ, ਹਰੀ ਦੇ ਭਗਤ ਜਨਾਂ ਦਾ ਮੂੰਹ ਦੇਖਣ (ਦਰਸ਼ਨ ਕਰਨ) ਨਾਲ ਸਾਰਾ ਜਗਤ ਤਰ ਜਾਣਾ ਚਾਹੀਦਾ ਹੈ (ਜਗਤ ਨੂੰ ਭਗਤਾਂ ਜਨਾਂ ਦੀ ਸ਼ਰਣ ਵਿਚ ਆਉਣਾ ਚਾਹੀਦਾ ਹੈ, ਤਾਂ ਕਿ ਉਹ ਭਗਤ ਜਨਾਂ ਦੀ ਸੰਗਤ ਕਰਕੇ ਤਰ ਜਾਵੇ)।੪।

ਪਦਾਰਥ = ਚਿਤਿ–ਚਿੱਤ ਵਿਚ। ਅੰਦੇਸਾ–ਫਿਕਰ। ਗਲੈ ਦਾ–ਗੱਲ ਦਾ। ਲੋੜੀਐ–ਚਾਹੀਦਾ ਹੈ। ਕਿਵ–ਕਿਸ ਲਈ। ਨਿਮਖ–ਅੱਖ ਦੇ ਝਮਕਣ ਜਿਤਨਾ ਸਮਾਂ। ਮੁਹੁ–ਮੂੰਹ। ਮੋੜੀਐ–ਪਰੇ ਕਰੀਏ। ਸਰਬ ਕਲਿਆਣ–ਸਾਰੇ ਸੁਖ। ਨਿਤ–ਸਦਾ। ਜਨ ਕੇ–ਸੇਵਕਾਂ ਦੇ। ਮੁਹਿ ਡਿਠੈ–ਮੂੰਹ ਦੇਖਣ (ਦਰਸ਼ਨ ਕਰਨ) ਨਾਲ। ਤਰਿਆ ਲੋੜੀਐ–ਤਰ ਜਾਣਾ ਚਾਹੀਦਾ ਹੈ।੪।

ਸਲੋਕ ਮਃ ੩ ॥ ਸਾ ਰਸਨਾ ਜਲਿ ਜਾਉ ,ਜਿਨਿ ਹਰਿ ਕਾ ਸੁਆਉ ਨ ਪਾਇਆ ॥ ਨਾਨਕ ਰਸਨਾ ਸਬਦਿ ਰਸਾਇ, ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥ ਉਹ ਜੀਭ ਸੜ ਜਾਵੇ, ਜਿਸ ਜੀਭ ਨੇ ਹਰੀ ਦੇ ਨਾਮ ਦਾ ਸੁਆਦ ਪ੍ਰਾਪਤ ਨਹੀਂ ਕੀਤਾ। ਨਾਨਕ ਗੁਰੂ ਜੀ ਆਖਦੇ ਕਿ ਜਿਸ ਮਨੁੱਖ ਨੇ ਹਰਿ ਹਰਿ ਨਾਮ ਮਨ ਵਿਚ ਵਸਾਇਆ ਹੈ, (ਉਸ ਨੇ ਅਪਣੀ) ਜੀਭ ਸ਼ਬਦ ਵਿਚ ਰਸਾਈ ਹੈ।੧।

ਮਃ ੩ ॥ ਸਾ ਰਸਨਾ ਜਲਿ ਜਾਉ ,ਜਿਨਿ ਹਰਿ ਕਾ ਨਾਉ ਵਿਸਾਰਿਆ ॥ ਨਾਨਕ ਗੁਰਮੁਖਿ ਰਸਨਾ ਹਰਿ ਜਪੈ, ਹਰਿ ਕੈ ਨਾਇ ਪਿਆਰਿਆ ॥੨॥ ਉਹ ਜੀਭ ਸੜ ਜਾਵੇ, ਜਿਸ ਜੀਭ ਨੇ ਹਰੀ ਦਾ ਨਾਮ ਭੁਲਾ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਦੀ ਜੀਭ ਹਰੀ ਨੂੰ ਜਪਦੀ ਹੈ ਅਤੇ (ਉਹ ਗੁਰਮੁਖਿ) ਹਰੀ ਦੇ ਨਾਮ ਨਾਲ ਹੀ ਪਿਆਰ ਕਰਦਾ ਹੈ।੨।

ਪਦਾਰਥ = ਸਾ–ਉਹ। ਰਸਨਾ–ਜੀਭ। ਜਲਿ ਜਾਉ–ਸੜ ਜਾਵੇ। ਸੁਆਉ–ਸੁਆਦ; ਰਸ। ਸਬਦਿ–ਸ਼ਬਦ ਵਿਚ। ਰਸਾਇ–ਰਸਾਈ ਹੈ; ਰਸ ਵਾਲੀ ਕੀਤੀ ਹੈ। ਮੰਨਿ–ਮਨ ਵਿਚ।੧। ਵਿਸਾਰਿਆ–ਭੁਲਾ ਦਿਤਾ ਹੈ। ਨਾਇ–ਨਾਮ ਨਾਲ। ਪਿਆਰਿਆ–ਪਿਆਰ ਕੀਤਾ ਹੈ।੨।

ਪਉੜੀ ॥ ਹਰਿ ਆਪੇ ਠਾਕੁਰੁ ਸੇਵਕੁ ਭਗਤੁ ,ਹਰਿ ਆਪੇ ਕਰੇ ਕਰਾਏ ॥ ਹਰਿ ਆਪੇ ਵੇਖੈ ਵਿਗਸੈ ਆਪੇ, ਜਿਤੁ ਭਾਵੈ ਤਿਤੁ ਲਾਏ ॥ ਹਰਿ ਇਕਨਾ ਮਾਰਗਿ ਪਾਏ ਆਪੇ, ਹਰਿ ਇਕਨਾ ਉਝੜਿ ਪਾਏ ॥ ਹਰਿ ਸਚਾ ਸਾਹਿਬੁ ਸਚੁ ਤਪਾਵਸੁ ,ਕਰਿ ਵੇਖੈ ਚਲਤ ਸਬਾਏ ॥ ਗੁਰ ਪਰਸਾਦਿ ਕਹੈ ਜਨੁ ਨਾਨਕੁ ,ਹਰਿ ਸਚੇ ਕੇ ਗੁਣ ਗਾਏ ॥੫॥ ਹਰੀ ਆਪੇ ਹੀ ਠਾਕੁਰ (ਪੂਜਣ ਯੋਗ) ਹੈ, ਆਪੇ (ਪੂਜਾ ਕਰਨ ਵਾਲਾ) ਸੇਵਕ ਤੇ ਆਪੇ ਭਗਤ ਰੂਪ ਹੈ ਅਤੇ ਹਰੀ ਆਪੇ (ਸਭ ਕੁਝ) ਕਰਦਾ ਹੈ ਤੇ (ਭਗਤਾਂ ਤੋਂ ਭਗਤੀ) ਕਰਾਉਂਦਾ ਹੈ। ਹਰੀ ਆਪੇ (ਸਭ ਨੂੰ) ਦੇਖਦਾ ਹੈ ਤੇ ਖੁਸ਼ ਹੁੰਦਾ ਹੈ, ਜਿਸ ਪਾਸੇ ਚਾਹੁੰਦਾ ਹੈ, ਉਸ ਪਾਸੇ (ਜੀਵਾਂ ਨੂੰ) ਲਾ ਦਿੰਦਾ ਹੈ। ਕਈਆਂ ਨੂੰ ਹਰੀ ਆਪੇ ਸਿੱਧੇ ਰਸਤੇ ਤੇ ਪਾ ਦੇਂਦਾ ਹੈ ਤੇ ਕਈਆਂ ਨੂੰ ਕੁਰਾਹੇ ਪਾ ਦੇਂਦਾ ਹੈ। ਹਰੀ ਸੱਚਾ ਸਾਹਿਬ ਹੈ ਤੇ ਉਸ ਦਾ ਨਿਆਂ ਵੀ ਸੱਚਾ ਹੈ ਅਤੇ ਸਾਰੇ ਕੌਤਕ ਕਰਕੇ ਦੇਖਦਾ ਹੈ। ਦਾਸ ਨਾਨਕ ਗੁਰੂ ਦੀ ਕ੍ਰਿਪਾ ਨਾਲ ਸੱਚੇ ਹਰੀ ਦੇ ਗੁਣ ਗਾ ਕੇ (ਉਪਰੋਕਤ ਬਚਨ) ਆਖਦਾ ਹੈ; ਦਾਸ ਨਾਨਕ ਕਹਿੰਦਾ ਹੈ ਕਿ (ਮਨੁੱਖ) ਗੁਰੂ ਦੀ ਕਿਰਪਾ ਨਾਲ ਹੀ ਹਰੀ ਦੇ ਗੁਣ ਗਾਉਂਦਾ ਹੈ।੫।

ਪਦਾਰਥ = ਵਿਗਸੈ–ਖੁਸ਼ ਹੁੰਦਾ ਹੈ। ਜਿਤੁ–ਜਿਸ ਪਾਸੇ। ਭਾਵੈ–ਚਾਹੁੰਦਾ ਹੈ। ਤਿਤੁ–ਉਸ ਪਾਸੇ। ਇਕਨਾ–ਕਈ ਜੀਵਾਂ ਨੂੰ। ਮਾਰਗਿ–ਸਿੱਧੇ ਰਸਤੇ। ਉਝੜਿ–ਕੁਰਾਹੇ। ਤਪਾਵਸੁ–ਨਿਆਂ। ਚਲਤ–ਕੌਤਕ। ਸਬਾਏ–ਸਾਰੇ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ।੫।

ਸਲੋਕ ਮਃ ੩ ॥ ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸੁ ॥ ਜੇ ਘਰਿ ਘਰਿ ਹੰਢੈ ਮੰਗਦਾ, ਧਿਗੁ ਜੀਵਣੁ ਧਿਗੁ ਵੇਸੁ ॥ ਜੇ ਆਸਾ ਅੰਦੇਸਾ ਤਜਿ ਰਹੈ, ਗੁਰਮੁਖਿ ਭੀਖਿਆ ਨਾਉ ॥ ਤਿਸ ਕੇ ਚਰਨ ਪਖਾਲੀਅਹਿ, ਨਾਨਕ ਹਉ ਬਲਿਹਾਰੈ ਜਾਉ ॥੧॥ ਫਕੀਰੀ ਕੋਈ (ਮਨੁੱਖ ਹੀ) ਜਾਣਦਾ ਹੈ, ਅਸਲ ਫਕੀਰ ਕੋਈ ਵਿਰਲਾ ਹੀ ਹੁੰਦਾ ਹੈ। ਜੇ (ਉਹ ਫਕੀਰ) ਘਰ ਘਰ (ਭਿਖਿਆ) ਮੰਗਦਾ ਫਿਰਦਾ ਹੈ, (ਤਾਂ ਉਸ ਦਾ) ਜੀਵਨ ਫਿਟਕਾਰ ਯੋਗ ਹੈ ਅਤੇ (ਉਸ ਦੇ ਫਕੀਰੀ ਵਾਲੇ) ਪਹਿਰਾਵੇ ਨੂੰ ਵੀ ਲਾਹਣਤ ਹੈ। ਜੇ (ਕੋਈ ਫਕੀਰ ਪਦਾਰਥਾਂ ਦੀ) ਆਸ ਤੇ ਚਿੰਤਾ ਛਡ ਕੇ (ਪ੍ਰਭੂ ਦੇ ਆਸਰੇ) ਰਹੇ ਅਤੇ ਗੁਰੂ ਦੇ ਸਨਮੁਖ ਹੋ ਕੇ ਨਾਮ ਦੀ ਭਿੱਖਿਆ ਮੰਗੇ। ਉਸ (ਫਕੀਰ) ਦੇ ਚਰਨ ਧੋਣੇ ਚਾਹੀਦੇ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ (ਉਸ ਫਕੀਰ ਤੋਂ) ਕੁਰਬਾਨ ਜਾਂਦਾ ਹਾਂ।੧।

ਮਃ ੩ ॥ ਨਾਨਕ ਤਰਵਰੁ ਏਕੁ ਫਲੁ ,ਦੁਇ ਪੰਖੇਰੂ ਆਹਿ ॥ ਆਵਤ ਜਾਤ ਨ ਦੀਸਹੀ, ਨਾ ਪਰ ਪੰਖੀ ਤਾਹਿ ॥ ਬਹੁ ਰੰਗੀ ਰਸ ਭੋਗਿਆ, ਸਬਦਿ ਰਹੈ ਨਿਰਬਾਣੁ ॥ ਹਰਿ ਰਸਿ ਫਲਿ ਰਾਤੇ ਨਾਨਕਾ, ਕਰਮਿ ਸਚਾ ਨੀਸਾਣੁ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ (ਸਰੀਰ ਮਾਨੋ) ਇਕ ਬ੍ਰਿਛ ਹੈ, (ਉਸ ਨਾਲ) ਇਕ ਫਲ (ਹਰਿ ਰਸ) ਲੱਗਾ ਹੈ; ਸੁਖ ਦੁਖ ਰੂਪ ਦੋ ਫਲ ਲਗੇ ਹਨ (ਸੰ.ਸ.; ਫ. ਸ.) ਅਤੇ (ਉਸ ਬ੍ਰਿਛ ਉਤੇ) ਦੋ ਪੰਛੀ (ਜੀਵਾਤਮਾ ਤੇ ਪ੍ਰਮਾਤਮਾ) ਹਨ। (ਪ੍ਰਮਾਤਮਾ ਰੂਪ ਪੰਛੀ) ਆਉਂਦਾ ਜਾਂਦਾ ਦਿਸਦਾ ਨਹੀਂ (ਅਜਨਮਾ ਹੈ) ਅਤੇ ਨਾ ਹੀ ਉਸ ਪੰਛੀ ਦੇ (ਵਾਸ਼ਨਾ ਰੂਪ) ਖੰਭ ਹਨ। (ਪਰ ਜੇ ਜੀਵਾਤਮਾ) ਬਹੁਤ ਤਰ੍ਹਾਂ ਦੇ ਰਸ ਭੋਗਦਾ ਹੋਇਆ (ਗੁਰੂ ਦੇ) ਸ਼ਬਦ ਦੁਆਰਾ (ਰਸਾਂ ਤੋਂ) ਨਿਰਲੇਪ ਰਹੇ। (ਤਾਂ ਉਹ) ਪ੍ਰਮਾਤਮਾ ਦੇ ਨਾਮ ਰਸ ਵਿਚ ਰੰਗਿਆ ਰਹਿੰਦਾ ਹੈ ਅਤੇ ਪ੍ਰਮਾਤਮਾ ਦੀ ਮੇਹਰ ਨਾਲ ਸੱਚਾ ਨਿਸ਼ਾਨ (ਉਸ ਦੇ ਮੱਥੇ ਤੇ ਪੈਂਦਾ) ਹੈ।੨।

ਪਦਾਰਥ = ਦਰਵੇਸੀ–ਫਕੀਰੀ (ਸਾਧੂ ਬ੍ਰਿਤੀ)। ਕੋ–ਕੋਈ। ਦਰਵੇਸੁ–ਫਕੀਰ (ਰੱਬ ਦੇ ਆਸਰੇ ਤੇ ਰਹਿਣ ਵਾਲਾ ਸਾਧੂ)। ਹੰਢੈ–ਫਿਰਦਾ ਹੈ। ਧਿਗੁ–ਫਿਟਕਾਰ ਯੋਗ। ਵੇਸੁ–ਭੇਖ (ਪਹਿਰਾਵਾ)। ਅੰਦੇਸਾ–ਚਿੰਤਾ। ਤਜਿ ਰਹੈ–ਛਡ ਕੇ ਰਹਿੰਦਾ ਹੈ। ਤਿਸ ਕੇ–ਉਸ ਦੇ। ਹਉ–ਮੈਂ। ਪਖਾਲੀਅਹਿ–ਧੋਣੇ ਚਾਹੀਦੇ ਹਨ।੧। ਤਰਵਰੁ–ਬ੍ਰਿਛ। ਦੁਇ–ਦੋ। ਪੰਖੇਰੂ–ਪੰਛੀ। ਆਹਿ–ਹਨ। ਆਵਤ ਜਾਤ–ਆਉਂਦੇ ਜਾਂਦੇ। ਪਰ–ਖੰਭ। ਤਾਹਿ–ਉਸ ਦੇ। ਬਹੁ ਰੰਗੀ–ਬਹੁਤ ਤਰ੍ਹਾਂ ਦੇ। ਰਸ–ਸੁਆਦ। ਨਿਰਬਾਣੁ–ਨਿਰਲੇਪ; ਬੰਧਨ ਰਹਿਤ। ਰਾਤੇ–ਰੰਗਿਆ; ਜੁੜਿਆ ਹੈ। ਕਰਮਿ–ਮੇਹਰ ਨਾਲ। ਨੀਸਾਣੁ–ਚਿੰਨ੍ਹ; ਟਿੱਕਾ।੨।

ਵਿਆਖਿਆ = ਸਰੀਰ ਇਕ ਬ੍ਰਿੱਛ ਵਾਂਗ ਹੈ, ਇਸ ਤੇ ਦੋ ਪੰਛੀ ਜੀਵਾਤਮਾ ਤੇ ਪ੍ਰਮਾਤਮਾ ਹਨ, ਜੋ ਸਦਾ ਲਈ ਸਰੀਰ ਰੂਪ ਬ੍ਰਿਛ ਤੇ ਨਹੀਂ ਬੈਠਦੇ, ਉਡ ਜਾਂਦੇ ਹਨ। ਜਦ ਸਰੀਰ ਮਰ ਜਾਂਦਾ ਹੈ ਤਾਂ ਸਰੀਰ ਵਿਚ ਦੋਵੇਂ ਨਹੀਂ ਰਹਿੰਦੇ। ਸਰੀਰ ਵਿਚ ਹਰਿ ਰਸ ਵੀ ਮੌਜੂਦ ਹੈ, ਜੀਵਾਤਮਾ ਤੇ ਪ੍ਰਮਾਤਮਾ ਵੀ ਹੈ। ਪ੍ਰਮਾਤਮਾ ਤਾਂ ਨਿਰਬਾਣ ਹੈ, ਪਰ ਜੀਵਾਤਮਾ ਨਿਰਬਾਣ ਨਹੀਂ, ਜੋ ਅੰਤਹਕਰਨ (ਮਨ ਬੁਧੀ ਚਿਤ ਤੇ ਹੰਕਾਰ) ਨਾਲ ਮਿਲ ਕੇ ਬਹੁਤ ਤਰ੍ਹਾਂ ਦੇ ਰਸ ਭੋਗਣ ਵਾਲਾ ਹੈ, ਜਿਸ ਕਰਕੇ ਜੀਵਾਤਮਾ ਹਰਿ ਰਸ ਤੋਂ ਵਾਂਝਾ ਰਹਿੰਦਾ ਹੈ। ਪਰ ਜੇ ਮਨੁੱਖੀ ਸਰੀਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਰਸਾਂ ਕਸਾਂ ਦੇ ਸੁਆਦ ਤੋਂ ਨਿਰਲੇਪ ਰਹੇ ਅਤੇ ਹਰਿ ਰਸ ਵਿਚ ਰੰਗਿਆ ਰਹੇ ਤਾਂ ਉਸ ਦੇ ਮੱਥੇ ਤੇ ਪ੍ਰਭੂ ਦੀ ਮੇਹਰ ਨਾਲ ਸੱਚਾ ਨਿਸ਼ਾਨ ਪੈਂਦਾ ਹੈ। ਇਉਂ ਜੀਵਾਤਮਾ ਤੇ ਪ੍ਰਮਾਤਮਾ ਦਾ ਸੰਗਮ ਹੋ ਜਾਂਦਾ ਹੈ।

ਇਸ ਦਾ ਭਾਵ ਗੁਰੂ ਨਾਨਕ ਦੇਵ ਜੀ ਦੀ ਰਚਿਤ ਦਖਣੀ ਓਅੰਕਾਰ ਵਿਚ ੩੩ ਵੀਂ ਪਉੜੀ ਵਿਚੋਂ ਚੰਗੀ ਤਰ੍ਹਾਂ ਖੁਲ੍ਹ ਜਾਂਦਾ ਹੈ = ਤਰਵਰੁ ਕਾਇਆ ਪੰਖਿ ਮਨੁ ,ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ, ਤਿਨ ਕਉ ਫਾਸ ਨ ਰੰਚ। ਉਡਹਿ ਤ ਬੇਗੁਲ

ਬੇਗੁਲੇ, ਤਾਕਹਿ ਚੋਗ ਘਣੀ ॥ ਪੰਖ ਤੁਟੇ ਫਾਹੀ ਪੜੀ, ਅਵਗੁਣਿ ਭੀੜ ਬਣੀ.... ਸਰੀਰ ਮਾਨੋ ਇਕ ਬ੍ਰਿਛ ਹੈ, ਮਨ ਇਸ ਬ੍ਰਿਛ ਤੇ ਬੈਠਾ ਪੰਛੀ ਹੈ, ਪਰ ਇਸ ਸਰੀਰ ਰੂਪ ਬ੍ਰਿਛ ਉਤੇ ਪੰਜ ਇੰਦ੍ਰੇ ਰੂਪ ਪੰਛੀ ਹੋਰ ਵੀ ਹਨ। ਜੇ ਇਹ ਪੰਛੀ ਮਿਲ ਕੇ ਤੱਤ ਰੂਪ ਚੋਗ ਚੁਗਣ, ਤਾਂ ਉਨ੍ਹਾਂ ਨੂੰ ਰੱਤੀ ਮਾਤ੍ਰ ਵੀ ਫਾਹੀ ਨਹੀਂ ਪੈਂਦੀ। ਬਹੁਤੇ ਕਾਹਲੇ ਮਨ ਤੇ ਇੰਦ੍ਰੇ ਰੂਪ ਪੰਛੀ ਬਹੁਤੀ ਚੋਗ ਵੱਲ ਤੱਕਦੇ ਹਨ ਤੇ ਕਾਹਲੀ ਕਾਹਲੀ ਉਡਦੇ ਹਨ (ਚੋਗ ਚੁਗਣ ਵਿਚ ਹੀ ਮਸਤ ਰਹਿੰਦੇ ਹਨ)। ਤਾਂ ਉਨ੍ਹਾਂ ਨੂੰ ਫਾਹੀ ਪੈਂਦੀ ਹੈ ਤੇ ਖੰਭ ਵੀ ਟੁੱਟ ਜਾਂਦੇ ਹਨ ਅਤੇ ਔਗਣਾਂ ਕਰਕੇ ਭੀੜ ਆ ਬਣਦੀ ਹੈ। ਸੱਚੇ ਪ੍ਰਭੂ ਤੋਂ ਬਿਨਾ ਇਸ ਭੀੜ ਤੋਂ ਕਿਵੇਂ ਛੁੱਟਿਆ ਜਾ ਸਕੇਗਾ? (ਅੰਗ ੯੩੪)

ਇਸ ਨਾਲ ਸਬੰਧਤ ਕੁਝ ਹੋਰ ਵੀ ਪ੍ਰਮਾਣ ਹਨ = ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥ ਉਡਹਿ ਨ ਮੂਲੇ ਨ ਆਵਹਿ ਨ ਜਾਹੀ, ਨਿਜ ਘਰਿ ਵਾਸਾ ਪਾਇਆ ॥੧੩॥ (ਅੰਗ ੧੦੬੮)। ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥ ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥੩॥ (ਅੰਗ ੧੧੭੨)।

ਕਬੀਰ ਤਰਵਰ ਰੂਪੀ ਰਾਮੁ ਹੈ, ਫਲ ਰੂਪੀ ਬੈਰਾਗੁ ॥ ਛਾਇਆ ਰੂਪੀ ਸਾਧੁ ਹੈ, ਜਿਨਿ ਤਜਿਆ ਬਾਦੁ ਬਿਬਾਦੁ ॥੨੨੯॥ ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥ ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥੨੩੦॥ (ਅੰਗ ੧੩੭੬)

ਪਉੜੀ ॥ ਆਪੇ ਧਰਤੀ ਆਪੇ ਹੈ ਰਾਹਕੁ ,ਆਪਿ ਜੰਮਾਇ ਪੀਸਾਵੈ ॥ ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ, ਆਪੇ ਹੀ ਬਹਿ ਖਾਵੈ ॥ ਪ੍ਰਭੂ ਆਪੇ ਧਰਤੀ ਰੂਪ ਹੈ, ਆਪੇ (ਧਰਤੀ ਨੂੰ ਵਾਹੁਣ ਵਾਲਾ) ਕਿਰਸਾਨ ਰੂਪ ਹੈ, ਆਪੇ (ਬੀਜੀ ਖੇਤੀ) ਉਗਾ ਕੇ (ਅੰਨ ਨੂੰ ਚੱਕੀ ਵਿਚ) ਪਿਸਾਉਂਦਾ ਹੈ। (ਪੀਸੇ ਆਟੇ ਤੋਂ ਪ੍ਰਭੂ ਲਾਂਗਰੀ ਬਣ ਕੇ ਲੰਗਰ ਵੀ) ਆਪੇ ਪਕਾਉਂਦਾ ਹੈ, ਆਪੇ ਭਾਂਡੇ ਦੇ ਕੇ (ਉਨ੍ਹਾਂ ਵਿਚ ਲੰਗਰ) ਪਰੋਸਦਾ ਹੈ ਅਤੇ ਆਪੇ (ਖਾਣ ਵਾਲਾ ਹੋ ਕੇ) ਖਾਂਦਾ ਹੈ।

ਅੰਗ ੫੫੧ = ਆਪੇ ਜਲੁ ਆਪੇ ਦੇ ਛਿੰਗਾ, ਆਪੇ ਚੁਲੀ ਭਰਾਵੈ ॥ ਆਪੇ ਸੰਗਤਿ ਸਦਿ ਬਹਾਲੈ, ਆਪੇ ਵਿਦਾ ਕਰਾਵੈ ॥ ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ, ਤਿਸ ਨੋ ਹੁਕਮੁ ਮਨਾਵੈ ॥੬॥ ਪ੍ਰਭੂ ਆਪੇ ਜਲ ਦੇਂਦਾ ਹੈ, ਆਪੇ ਡੱਕਾ ਦੇਂਦਾ ਹੈ ਅਤੇ (ਲੰਗਰ ਛਕਣ ਪਿਛੋਂ) ਆਪੇ ਚੁਲੀ ਭਰਾ ਕੇ ਹੱਥ ਸੁੱਚੇ ਕਰਾਉਂਦਾ ਹੈ। ਪ੍ਰਭੂ ਆਪੇ ਸੰਗਤ ਨੂੰ ਸੱਦ ਕੇ ਬਿਠਾਉਂਦਾ ਹੈ ਅਤੇ ਆਪੇ ਵਿਦਾ ਕਰਾਉਂਦਾ ਹੈ। ਜਿਸ ਮਨੁੱਖ ਉਤੇ ਹਰੀ ਆਪੇ ਕ੍ਰਿਪਾਲੂ ਹੁੰਦਾ ਹੈ, ਉਸ ਨੂੰ ਆਪੇ ਅਪਣਾ ਹੁਕਮ ਮਨਾਉਂਦਾ ਹੈ।੬।

ਪਦਾਰਥ = ਰਾਹਕੁ-ਵਾਹੀ ਕਰਨ ਵਾਲਾ ਕਿਰਸਾਨ। ਜੰਮਾਇ-ਉਗਾ (ਪੈਦਾ ਕਰ) ਕੇ। ਪੀਸਾਵੈ-(ਚੱਕੀ ਵਿਚ) ਪਿਹਾਉਂਦਾ ਹੈ। ਪਰੋਸੈ-(ਖਾਣ ਲਈ ਭੋਜਨ) ਅੱਗੇ ਰਖਦਾ ਹੈ। ਛਿੰਗਾ-ਦੰਦਾਂ ਵਿਚ ਫਸਿਆ ਅੰਨ ਕੱਢਣ ਵਾਲਾ ਨੋਕਦਾਰ ਡੱਕਾ (ਤੀਲਾ)।੬।

ਸਲੋਕ ਮਃ ੩ ॥ ਕਰਮ ਧਰਮ ਸਭਿ ਬੰਧਨਾ, ਪਾਪ ਪੁੰਨ ਸਨਬੰਧੁ ॥ ਮਮਤਾ ਮੋਹੁ ਸੁ ਬੰਧਨਾ, ਪੁਤ੍ਰ ਕਲਤ੍ਰ ਸੁ ਧੰਧੁ ॥ ਜਹ ਦੇਖਾ ਤਹ ਜੇਵਰੀ, ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ,ਵਰਤਣਿ ਵਰਤੈ ਅੰਧੁ ॥੧॥ (ਨਾਮ ਸਿਮਰਨ ਛਡ ਕੇ) ਧਾਰਮਕ ਕਰਮ ਕਰਨੇ (ਆਤਮਾ ਲਈ) ਸਭ ਬੰਧਨ ਹਨ, ਕਿਉਂਕਿ ਇਨ੍ਹਾਂ ਨਾਲ ਪਾਪ ਪੁੰਨ ਦਾ ਸਬੰਧ ਹੈ (ਪਾਪ ਦੂਰ ਕਰਨ ਲਈ ਤੇ ਸੁਰਗ ਦੀ ਪ੍ਰਾਪਤੀ ਲਈ ਕਰਮ ਕੀਤੇ ਜਾਂਦੇ ਹਨ, ਜੋ ਹਉਮੈ ਪੈਦਾ ਕਰਦੇ ਹਨ, ਜਿਸ ਕਰਕੇ ਜੰਮਣ ਮਰਨ ਨਹੀਂ ਮਿਟਦਾ। ਧੀਆਂ ਪੁਤ੍ਰਾਂ ਦੀ) ਮਮਤਾ ਤੇ (ਮਾਇਆ ਦਾ) ਮੋਹ ਜੋ ਹੈ, ਉਹ ਵੀ ਬੰਧਨ ਹਨ, ਪੁਤ੍ਰ ਤੇ ਇਸਤ੍ਰੀ ਜੋ ਹਨ, ਉਹ ਇਕ ਝਮੇਲਾ ਹੈ। ਜਿੱਥੇ ਵੀ ਦੇਖਦਾ ਹਾਂ, ਉਥੇ ਫਾਹੀ ਦਿਸਦੀ ਹੈ, (ਇਹ) ਸਾਰਾ ਮਾਇਆ ਦਾ ਹੀ ਸਬੰਧ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦੇ) ਸੱਚੇ ਨਾਮ ਤੋਂ ਬਿਨਾ (ਜਗਤ) ਅੰਨ੍ਹੀ (ਅਗਿਆਨਤਾ ਵਾਲੀ) ਵਰਤਣ ਵਿਚ ਵਰਤ ਰਿਹਾ ਹੈ।੧।

ਮਃ ੪ ॥ ਅੰਧੇ ਚਾਨਣੁ ਤਾ ਥੀਐ, ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ, ਅਗਿਆਨੁ ਅਧੇਰਾ ਜਾਇ ॥ ਸਭੁ ਕਿਛੁ ਦੇਖੈ ਤਿਸੈ ਕਾ, ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ, ਕਰਤਾ ਰਾਖੈ ਲਾਜ ॥੨॥ ਅੰਨ੍ਹੇ (ਅਗਿਆਨੀ ਮਨੁੱਖ) ਨੂੰ ਗਿਆਨ ਦਾ ਚਾਨਣ ਤਾਂ ਹੁੰਦਾ ਹੈ, ਜਦ (ਉਸ ਨੂੰ ਪ੍ਰਭੂ ਦੀ) ਰਜਾ ਨਾਲ ਸਤਿਗੁਰੂ ਮਿਲ ਪਵੇ। (ਸਤਿਗੁਰੂ ਦੇ ਦਿਤੇ ਨਾਮ ਸਿਮਰਨ ਨਾਲ ਫਿਰ ਉਹ ਅਪਣੇ) ਬੰਧਨ ਤੋੜ ਲੈਂਦਾ ਹੈ, ਸੱਚੇ ਹਰੀ ਵਿਚ ਵਸ ਜਾਂਦਾ ਹੈ, (ਇਉਂ ਉਸ ਦਾ) ਅਗਿਆਨਤਾ ਰੂਪ ਹਨ੍ਹੇਰਾ ਦੂਰ ਹੋ ਜਾਂਦਾ ਹੈ। (ਫਿਰ ਉਹ ਗਿਆਨ ਦ੍ਰਿਸਟੀ ਨਾਲ) ਦੇਖਦਾ ਹੈ ਕਿ ਸਭ ਕੁਝ ਉਸ ਪ੍ਰਭੂ ਦਾ ਹੈ, ਜਿਸ ਨੇ ਸਰੀਰ ਬਣਾ ਕੇ (ਸਭ ਜੀਵਾਂ ਨੂੰ) ਪੈਦਾ ਕੀਤਾ ਹੈ। ਹੇ ਨਾਨਕ! ਉਹ ਪੁਰਖ ਕਰਤਾਰ ਦੀ ਸ਼ਰਣ ਵਿਚ ਜਾ ਪੈਂਦਾ ਹੈ ਤੇ ਕਰਤਾਰ (ਉਸ ਦੀ) ਲਾਜ ਰੱਖਦਾ ਹੈ।੨।

ਪਦਾਰਥ = ਕਰਮ ਧਰਮ-ਧਾਰਮਕ ਕਰਮ। ਸਨਬੰਧੁ-ਮੇਲ ਜੋਲ। ਸੁ-ਉਹ। ਕਲਤ੍ਰ-ਇਸਤ੍ਰੀ। ਧੰਧੁ-ਝਮੇਲਾ। ਜਹ-ਜਿੱਥੇ। ਤਹ-ਉਥੇ। ਜੇਵਰੀ-ਫਾਹੀ। ਅੰਧੁ-ਅੰਨ੍ਹੀ; ਅੰਨ੍ਹਾਂ (ਅਗਿਆਨੀ)।੧। ਅੰਧੇ-ਅੰਨ੍ਹੇ (ਅਗਿਆਨੀ) ਨੂੰ। ਤਾ-ਤਦ; ਤਾਂ। ਥੀਐ-ਹੁੰਦਾ ਹੈ। ਜਾ-ਜਦ। ਰਜਾਇ-ਹੁਕਮ ਨਾਲ। ਅਧੇਰਾ-ਹਨ੍ਹੇਰਾ। ਸਾਜਿ-ਬਣਾ ਕੇ। ਕਰਤਾ-ਕਰਤਾਰ। ਲਾਜ-ਇੱਜਤ।੨।

ਪਉੜੀ ॥ ਜਦਹੁ ਆਪੇ ਥਾਟੁ ਕੀਆ ਬਹਿ ਕਰਤੈ, ਤਦਹੁ ਪੁਛਿ ਨ ਸੇਵਕੁ ਬੀਆ ॥ ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ, ਜਾਂ ਅਵਰੁ ਨ ਦੂਜਾ ਕੀਆ ॥ ਫਿਰਿ ਆਪੇ ਜਗਤੁ ਉਪਾਇਆ ਕਰਤੈ, ਦਾਨੁ ਸਭਨਾ ਕਉ ਦੀਆ ॥ ਆਪੇ ਸੇਵ ਬਣਾਈਅਨੁ ਗੁਰਮੁਖਿ, ਆਪੇ ਅੰਮ੍ਰਿਤੁ ਪੀਆ ॥ ਆਪਿ ਨਿਰੰਕਾਰ ਆਕਾਰੁ ਹੈ ਆਪੇ, ਆਪੇ ਕਰੈ ਸੁ ਥੀਆ ॥੭॥ ਜਦੋਂ ਕਰਤਾਰ ਨੇ ਬੈਠ ਕੇ ਆਪ ਸੰਸਾਰ ਰਚਨਾ ਰਚੀ ਸੀ, ਤਦੋਂ (ਉਸ ਨੇ ਰਚਨਾ ਕਿਸੇ) ਦੂਜੇ ਸੇਵਕ ਨੂੰ ਪੁੱਛ (ਸਲਾਹ ਲੈ) ਕੇ ਨਹੀਂ ਸੀ ਰਚੀ (ਕਿਉਂਕਿ ਉਦੋਂ ਉਹ ਆਪ ਹੀ ਸਭ ਕੁਝ ਕਰਨ ਵਾਲਾ ਸੀ)। ਤਦੋਂ (ਕਿਸੇ ਤੋਂ) ਕੋਈ ਕੀ ਲੈਂਦਾ ਸੀ ਤੇ ਕੋਈ (ਕਿਸੇ ਨੂੰ) ਕੀ ਦੇਂਦਾ ਸੀ? ਜਦੋਂ ਕਿ ਉਦੋਂ ਹੋਰ ਕੋਈ ਦੂਜਾ ਪੈਦਾ ਕੀਤਾ ਹੀ ਨਹੀਂ ਸੀ। ਫਿਰ ਕਰਤਾਰ ਨੇ ਆਪੇ (ਅਪਣੇ ਤੋਂ) ਜਗਤ ਨੂੰ ਪੈਦਾ ਕੀਤਾ ਅਤੇ ਸਭਨਾ ਦੇ ਤਾਂਈ (ਪੈਦਾ ਕੀਤੇ ਜੀਵਾਂ ਤੇ ਦੇਵਤਿਆਂ ਨੂੰ) ਦਾਨ ਦਿਤਾ। ਉਸ ਨੇ ਆਪ ਹੀ ਗੁਰੂ ਦੁਆਰਾ (ਅਪਣੀ) ਸੇਵਾ ਭਗਤੀ ਕਰਨੀ ਬਣਾਈ (ਸਿਖਾਈ) ਅਤੇ ਆਪੇ (ਪ੍ਰਭੂ ਨੇ ਸਿੱਖ ਹੋ ਕੇ ਗੁਰੂ ਪਾਸੋਂ ਨਾਮ) ਅੰਮ੍ਰਿਤ ਪੀਤਾ ਹੈ। ਪ੍ਰਭੂ ਆਪ ਹੀ ਨਿਰਾਕਾਰ ਹੈ ਤੇ ਆਪੇ ਅਕਾਰ ਵਾਲਾ ਹੈ ਅਤੇ ਪ੍ਰਭੂ ਆਪੇ ਜੋ ਕੁਝ ਕਰਦਾ ਹੈ ਉਹ ਹੀ ਹੁੰਦਾ ਹੈ।੭।

ਪਦਾਰਥ = ਜਦਹੁ–ਜਦੋਂ। ਥਾਟੁ ਕੀਆ–ਸੰਸਾਰ ਰਚਨਾ ਰਚੀ। ਕਰਤੈ–ਕਰਤਾਰ ਨੇ। ਤਦਹੁ–ਤਦੋਂ। ਕੋ–ਕੋਈ। ਜਾਂ–ਜਦ। ਅਵਰੁ–ਹੋਰ। ਸਭਨਾ ਕਉ–ਸਭ (ਜੀਵਾਂ) ਨੂੰ। ਬਣਾਈਅਨੁ–ਬਣਾਈ ਉਸ ਨੇ। ਗੁਰਮੁਖਿ–ਗੁਰੂ ਦੁਆਰਾ; ਪ੍ਰਭੂ ਨੇ। ਨਿਰੰਕਾਰ–ਅਕਾਰ ਰਹਿਤ (ਪ੍ਰਭੂ ਦਾ ਨਿਰਗੁਣ ਸਰੂਪ)। ਆਕਾਰੁ–(ਪ੍ਰਭੂ ਦਾ) ਸਰਗੁਣ ਸਰੂਪ। ਸੁ–ਉਹ। ਥੀਆ–ਹੁੰਦਾ ਹੈ।੭।

ਸਲੋਕ ਮਃ ੩ ॥ ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ, ਅਨਦਿਨੁ ਸਹਜਿ ਪਿਆਰਿ ॥ ਸਦਾ ਅਨੰਦਿ ਗਾਵਹਿ ਗੁਣ ਸਾਚੇ, ਅਰਧਿ ਉਰਧਿ ਉਰਿ ਧਾਰਿ ॥ ਅੰਤਰਿ ਪ੍ਰੀਤਮੁ ਵਸਿਆ, ਧੁਰਿ ਕਰਮੁ ਲਿਖਿਆ ਕਰਤਾਰਿ ॥ ਨਾਨਕ ਆਪਿ ਮਿਲਾਇਅਨੁ ,ਆਪੇ ਕਿਰਪਾ ਧਾਰਿ ॥੧॥ ਗੁਰਮੁਖ ਜਨ ਹਰ ਰੋਜ ਸੱਚੇ ਪ੍ਰਭੂ ਦੀ ਸਹਿਜ ਅਵਸਥਾ ਵਿਚ ਪਿਆਰ ਨਾਲ ਸੇਵਾ ਭਗਤੀ ਕਰਦੇ ਹਨ। ਹੇਠਾਂ ਉਤੇ (ਲੋਕ ਪ੍ਰਲੋਕ ਵਿਚ ਵਿਆਪਕ ਪ੍ਰਭੂ ਨੂੰ ਉਹ) ਹਿਰਦੇ ਵਿਚ ਧਾਰ ਕੇ ਸਦਾ ਅਨੰਦ ਨਾਲ ਸੱਚੇ ਪ੍ਰਭੂ ਦੇ ਗੁਣ ਗਾਉਂਦੇ ਹਨ। (ਇਸ ਤਰ੍ਹਾਂ ਉਨ੍ਹਾਂ ਦੇ) ਹਿਰਦੇ ਅੰਦਰ ਪਿਆਰਾ ਪ੍ਰਭੂ ਆ ਵਸਿਆ ਹੈ, (ਕਿਉਂਕਿ) ਕਰਤਾਰ ਨੇ (ਉਨ੍ਹਾਂ ਦੇ ਅੰਤਹਕਰਣ ਰੂਪ ਮੱਥੇ ਤੇ ਇਹ) ਬਖਸ਼ਿਸ਼ ਰੂਪ ਲੇਖ ਧੁਰ ਤੋਂ ਲਿਖਿਆ ਹੋਇਆ ਸੀ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੇ ਆਪ ਹੀ ਕ੍ਰਿਪਾ ਧਾਰ ਕੇ (ਉਨ੍ਹਾਂ ਨੂੰ ਅਪਣੇ ਨਾਲ) ਮਿਲਾ ਲਿਆ ਹੈ।੧।

ਮਃ ੩ ॥ ਕਹਿਐ ਕਥਿਐ ਨ ਪਾਈਐ, ਅਨਦਿਨੁ ਰਹੈ ਸਦਾ ਗੁਣ ਗਾਇ ॥ ਵਿਣੁ ਕਰਮੈ ਕਿਨੈ ਨ ਪਾਇਓ, ਭਉਕਿ ਮੁਏ ਬਿਲਲਾਇ ॥ ਗੁਰ ਕੈ ਸਬਦਿ ਮਨੁ ਤਨੁ ਭਿਜੈ, ਆਪਿ ਵਸੈ ਮਨਿ ਆਇ ॥ ਨਾਨਕ ਨਦਰੀ ਪਾਈਐ, ਆਪੇ ਲਏ ਮਿਲਾਇ ॥੨॥ (ਕੇਵਲ ਮੂੰਹ ਜਬਾਨੀ ਗੱਲਾਂ) ਕਹਿਣ ਨਾਲ ਤੇ ਕਥਨ ਕਰਨ ਨਾਲ ਪ੍ਰਭੂ ਨਹੀਂ ਪਾ ਸਕੀਦਾ, (ਪ੍ਰਭੂ ਉਸ ਮਨੁੱਖ ਨੂੰ ਮਿਲਦਾ ਹੈ, ਜੋ) ਹਰ ਰੋਜ ਸਦਾ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ। ਭਾਗਾਂ ਤੋਂ ਬਿਨਾ ਕਿਸੇ (ਮਨੁੱਖ) ਨੇ ਪ੍ਰਭੂ ਨੂੰ ਨਹੀਂ ਪਾਇਆ, (ਭਾਵੇਂ ਕਈ ਲੋਕ ਕੁੱਤੇ ਵਾਂਗ) ਭੌਂਕ ਕੇ ਤੇ ਵਿਰਲਾਪ ਕਰਦੇ ਮਰ ਗਏ ਹਨ। (ਪਰ ਜਦੋਂ) ਗੁਰੂ ਦੇ ਸ਼ਬਦ ਦੁਆਰਾ ਮਨ ਤੇ ਤਨ ਭਿੱਜਦਾ ਹੈ, ਤਾਂ ਪ੍ਰਭੂ ਆਪੇ ਮਨ ਵਿਚ ਆ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਉਸ ਦੀ) ਮੇਹਰ ਦੀ ਨਜਰ ਨਾਲ ਪਾਈਦਾ ਹੈ, (ਫਿਰ ਉਹ) ਆਪੇ ਅਪਣੇ ਨਾਲ (ਮਨੁੱਖ ਨੂੰ) ਮਿਲਾ ਲੈਂਦਾ ਹੈ।੨।

ਪਦਾਰਥ = ਅਨਦਿਨੁ–ਹਰ ਰੋਜ। ਸਹਜਿ–ਸਹਿਜ ਅਵਸਥਾ ਵਿਚ। ਪਿਆਰਿ–ਪਿਆਰ ਨਾਲ। ਅਰਧਿ ਉਰਧਿ–ਹੇਠਾਂ ਉਤੇ (ਜਮੀਨ ਤੇ ਅਸਮਾਨ ਵਿਚ; ਲੋਕ ਪ੍ਰਲੋਕ ਵਿਚ)। ਉਰਿ ਧਾਰਿ–ਹਿਰਦੇ ਵਿਚ ਟਿਕਾ ਕੇ। ਅੰਤਰਿ–ਹਿਰਦ ਅੰਦਰ। ਕਰਮੁ–ਬਖਸ਼ਿਸ਼। ਧੁਰਿ–ਧੁਰ ਤੋਂ। ਕਰਤਾਰਿ–ਕਰਤਾਰ ਨੇ। ਮਿਲਾਇਅਨੁ–ਮਿਲਾ ਲਿਆ ਉਸ ਨੇ। ਧਾਰਿ–ਕਰ ਕੇ।੧। ਕਹਿਐ–ਕਹਿਣ ਨਾਲ। ਕਥਿਐ–ਕਥਨ ਕਰਨ ਨਾਲ। ਵਿਣੁ ਕਰਮੈ–ਭਾਗਾਂ ਤੋਂ ਬਿਨਾ; ਬਿਨਾ ਬਖਸ਼ਿਸ਼ ਦੇ। ਕਿਨੈ–ਕਿਸੇ ਨੇ। ਭਉਕਿ–ਭੌਂਕ (ਬੋਲ) ਕੇ। ਬਿਲਲਾਇ–ਵਿਰਲਾਪ ਕਰਕੇ। ਮੁਏ–ਮਰ ਗਏ। ਭਿਜੈ–ਭਿੱਜਦਾ (ਦ੍ਰਵੀ ਭੂਤ ਹੁੰਦਾ) ਹੈ। ਮਨਿ–ਮਨ ਵਿਚ। ਨਦਰੀ–ਮੇਹਰ ਦੀ ਨਜਰ ਨਾਲ।੨।

ਪਉੜੀ ॥ ਆਪੇ ਵੇਦ ਪੁਰਾਣ ਸਭਿ ਸਾਸਤ, ਆਪਿ ਕਥੈ ਆਪਿ ਭੀਜੈ ॥ ਆਪੇ ਹੀ ਬਹਿ ਪੂਜੇ ਕਰਤਾ, ਆਪਿ ਪਰਪੰਚੁ ਕਰੀਜੈ ॥ ਆਪਿ ਪਰਵਿਰਤਿ ਆਪਿ ਨਿਰਵਿਰਤੀ, ਆਪੇ ਅਕਥੁ ਕਥੀਜੈ ॥ ਆਪੇ ਪੁੰਨੁ ਸਭੁ ਆਪਿ ਕਰਾਏ, ਆਪਿ ਅਲਿਪਤੁ ਵਰਤੀਜੈ ॥ ਆਪੇ ਸੁਖੁ ਦੁਖੁ ਦੇਵੈ ਕਰਤਾ, ਆਪੇ ਬਖਸ ਕਰੀਜੈ ॥੮॥ ਪ੍ਰਭੂ ਆਪੇ ਸਾਰੇ ਵੇਦ, ਪੁਰਾਣ ਤੇ ਸ਼ਾਸਤ੍ਰ ਰੂਪ ਹੈ, ਆਪ (ਬਕਤਾ ਰੂਪ ਹੋ ਕੇ) ਕਥਨ ਕਰਦਾ ਹੈ ਤੇ ਆਪ ਹੀ (ਸ੍ਰੋਤਾ ਰੂਪ ਵਿਚ ਸੁਣ ਕੇ) ਭਿੱਜਦਾ ਹੈ। ਆਪ ਹੀ (ਪੁਜਾਰੀ ਰੂਪ ਵਿਚ) ਬੈਠ ਕੇ ਪੂਜਾ ਕਰਦਾ ਹੈ ਅਤੇ ਕਰਤਾਰ ਆਪ ਹੀ ਜਗਤ ਪਸਾਰਾ ਰਚਦਾ ਹੈ। ਪ੍ਰਭੂ ਆਪ ਹੀ ਸੰਸਾਰੀ ਬਿਰਤੀ ਵਾਲਾ (ਗ੍ਰਿਹਸਤੀ ਰੂਪ) ਹੈ ਤੇ ਆਪ ਹੀ

ਤਿਆਗ ਬਿਰਤੀ ਵਾਲਾ ਹੈ ਅਤੇ ਆਪੇ ਕਥਨ ਕਰਨ ਤੋਂ ਰਹਿਤ ਹੈ ਤੇ ਆਪੇ (ਗੁਰੂ ਰੂਪ ਹੋ ਕੇ ਆਪਣੇ ਆਪ ਨੂੰ) ਕਥਨ ਕਰਦਾ ਹੈ।ਆਪੇ ਪੁੰਨ ਰੂਪ ਹੈ ਤੇ ਆਪੇ (ਜੀਵਾਂ ਪਾਸੋਂ) ਸਾਰੇ ਪੁੰਨ ਕਰਾਉਂਦਾ ਹੈ ਅਤੇ ਆਪੇ (ਪਾਪ ਪੁੰਨ ਤੋਂ) ਨਿਰਲੇਪ ਹੋ ਕੇ ਵਰਤਦਾ ਹੈ। ਕਰਤਾਰ (ਆਪੇ ਜੀਵਾਂ ਦੇ ਕਰਮਾਂ ਅਨੁਸਾਰ ਉਨ੍ਹਾਂ ਨੂੰ) ਸੁਖ ਤੇ ਦੁਖ ਦੇਂਦਾ ਹੈ ਅਤੇ ਆਪੇ (ਜੀਵਾਂ ਤੇ) ਬਖਸ਼ਿਸ਼ ਕਰਦਾ ਹੈ।੮।

ਪਦਾਰਥ = ਕਥੈ-ਕਥਨ ਕਰਦਾ ਹੈ।ਭੀਜੈ-ਭਿਜਦਾ (ਪਸੀਜਦਾ) ਹੈ।ਬਹਿ-ਬੈਠ ਕੇ।ਕਰਤਾ-ਕਰਤਾਰ।ਪਰਪੰਚੁ-ਜਗਤ ਪਸਾਰਾ। ਕਰੀਜੈ-ਰਚਦਾ ਹੈ।ਪਰਵਿਰਤਿ-ਸੰਸਾਰੀ ਬਿਰਤੀ ਵਾਲਾ (ਗ੍ਰਿਹਸਤੀ)।ਨਿਰਵਿਰਤੀ-ਤਿਆਗ ਬਿਰਤੀ ਵਾਲਾ।ਅਕਥੁ-ਕਥਨ ਕਰਨ ਤੋਂ ਰਹਿਤ।ਕਥੀਜੈ-ਕਥਨ ਕਰਦਾ ਹੈ।ਅਲਿਪਤੁ-ਨਿਰਲੇਪ।ਵਰਤੀਜੈ-ਵਰਤਦਾ ਹੈ।ਕਰੀਜੈ-ਕਰਦਾ ਹੈ।੮।

ਉਥਾਨਕਾ = ਬਿਆਸ ਨਦੀ ਵਿਚੋਂ ਜਦ ਸਿਖ ਪਾਣੀ ਦੇ ਘੜੇ ਭਰਨ ਜਾਇਆ ਕਰਦੇ ਸਨ ਤਾਂ ਮੁਸਲਮਾਨ ਸ਼ੇਖਾਂ ਦੇ ਮੁੰਡੇ ਗੁਲੇਲਿਆਂ ਨਾਲ ਘੜੇ ਭੰਨ ਦਿਆ ਕਰਦੇ ਸਨ।ਸਿੱਖਾਂ ਨੇ ਗੁਰੂ ਅਮਰਦਾਸ ਜੀ ਕੋਲ ਸ਼ਿਕਾਇਤ ਕੀਤੀ, ਸਿੱਖਾਂ ਨੂੰ ਗੁਰੂ ਜੀ ਨੇ ਕਿਹਾ ਕਿ ਮਸ਼ਕਾਂ ਵਿਚ ਪਾਣੀ ਲੈ ਆਇਆ ਕਰੋ।ਫਿਰ ਸ਼ੇਖਾਂ ਦੇ ਮੁੰਡੇ ਤੀਰਾਂ ਚਲਾ ਕੇ ਮਸ਼ਕਾਂ ਵਿਚ ਛੇਕ ਕਰ ਦੇਂਦੇ ਸਨ।ਫਿਰ ਸਿੱਖਾਂ ਨੇ ਬੇਨਤੀ ਕੀਤੀ ਕਿ ਹੁਣ ਵੀ ਉਹ ਤੀਰਾਂ ਨਾਲ ਮਸ਼ਕਾਂ ਵਿਚ ਛੇਕ ਕਰ ਦੇਂਦੇ ਹਨ।ਗੁਰੂ ਜੀ ਨੇ ਗਾਗਰਾਂ ਵਿਚ ਪਾਣੀ ਲਿਆਉਣ ਲਈ ਕਿਹਾ, ਤਾਂ ਉਹ ਫਿਰ ਵੀ ਨਹੀਂ ਹਟੇ, ਫਿਰ ਇੱਟਾਂ ਰੋੜੇ ਮਾਰਨ ਲਗ ਗਏ।ਫਿਰ ਸ਼ਿਕਾਇਤ ਕਰਨ ਤੇ ਇਕ ਦਿਨ ਦਰਿਆਂ ਦੇ ਕੰਢੇ ਤੇ ਸੈਰ ਕਰਦਿਆ ਸ਼ੇਖਾਂ ਦਾ ਮੁਖੀ ਗੁਰੂ ਜੀ ਨੂੰ ਮਿਲ ਪਿਆ, ਗੁਰੂ ਜੀ ਨੇ ਇਸ ਸ਼ਬਦ ਦੁਆਰਾ ਸ਼ੇਖਾਂ ਨੂੰ ਉਪਦੇਸ਼ ਦਿਤਾ।

ਸਲੋਕ ਮਃ ੩ ॥ ਸੇਖਾ ਅੰਦਰਹੁ ਜੋਰੁ ਛਡਿ ਤੂ ,ਭਉ ਕਰਿ ਝਲੁ ਗਵਾਇ ॥ ਗੁਰ ਕੈ ਭੈ ਕੇਤੇ ਨਿਸਤਰੇ, ਭੈ ਵਿਚਿ ਨਿਰਭਉ ਪਾਇ ॥ ਮਨੁ ਕਠੋਰੁ ਸਬਦਿ ਭੇਦਿ ਤੂੰ ,ਸਾਂਤਿ ਵਸੈ ਮਨਿ ਆਇ ॥ ਸਾਂਤੀ ਵਿਚਿ ਕਾਰ ਕਮਾਵਣੀ, ਸਾ ਖਸਮੁ ਪਾਏ ਥਾਇ ॥ ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ, ਪੁਛਹੁ ਗਿਆਨੀ ਜਾਇ ॥੧॥ ਹੇ ਸ਼ੇਖ! ਤੂੰ (ਅਪਣੇ ਮਨ ਦੇ) ਅੰਦਰੋਂ ਜੋਰ ਛਡ ਦੇ, ਰੱਬ ਦਾ ਭੈ ਧਾਰਨ ਕਰ ਕੇ ਝੱਲਪੁਣਾ ਦੂਰ ਕਰ ਦੇ।ਗੁਰੂ ਦਾ ਭੈ ਧਾਰਨ ਕਰਕੇ ਕਿਤਨੇ ਹੀ ਲੋਕ ਤਰ ਗਏ ਹਨ, (ਤੂੰ ਵੀ ਗੁਰੂ ਪ੍ਰਮੇਸ਼ਰ ਦੇ) ਭੈ ਵਿਚ ਰਹਿ ਕੇ ਨਿਰਭਉ ਪ੍ਰਭੂ ਪਾ ਲੈ।(ਤੂੰ ਅਪਣੇ) ਕਠੋਰ ਮਨ ਨੂੰ ਗੁਰੂ ਦੇ ਸ਼ਬਦ ਦੁਆਰਾ ਵਿੰਨ੍ਹ ਲੈ, (ਤਾਂ ਕਿ ਤੇਰੇ) ਮਨ ਵਿਚ ਸ਼ਾਂਤੀ ਆ ਕੇ ਵਸ ਜਾਵੇ।(ਕਿਉਂਕਿ ਜੋ) ਸ਼ਾਂਤੀ ਵਿਚ ਕੰਮ ਕੀਤਾ ਜਾਂਦਾ ਹੈ, ਉਹ ਮਾਲਕ ਪ੍ਰਭੂ ਥਾਂਇ ਪਾਉਂਦਾ (ਪ੍ਰਵਾਨ ਕਰਦਾ) ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਸ਼ੇਖ!) ਕਾਮ ਕ੍ਰੋਧ ਆਦਿ ਵਿਕਾਰਾਂ ਵਿਚ ਰਹਿ ਕੇ ਕਿਸੇ ਮਨੁੱਖ ਨੇ ਪ੍ਰਭੂ ਨੂੰ ਨਹੀਂ ਪਾਇਆ, ਭਾਵੇਂ ਗਿਆਨ ਵਾਨ ਲੋਕਾਂ ਕੋਲੋਂ ਜਾ ਕੇ ਪੁੱਛ ਲਵੋ।੧।

ਨੋਟ = ਇਸੇ ਸ਼ੇਖ ਨੂੰ ੬੪੬ ਅੰਗ ਉਤੇ ਸੋਰਠ ਦੀ ਵਾਰ ਦੀ ੧੧ ਵੀਂ ਪਉੜੀ ਦੇ ਪਹਿਲੇ ਸਲੋਕ ਦੁਆਰਾ ਵੀ ਉਪਦੇਸ਼ ਦਿਤਾ ਹੈ।

ਅੰਗ ੫੫੨ = ਮਃ ੩ ॥ ਮਨਮੁਖ ਮਾਇਆ ਮੋਹੁ ਹੈ, ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ, ਕੂੜੁ ਕਰੇ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ, ਅੰਤੇ ਹੋਇ ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ, ਅੰਤਰਿ ਲੋਭੁ ਵਿਕਾਰੁ ॥ ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨ ਪਵੈ, ਦਰਗਹਿ ਹੋਇ ਖੁਆਰੁ ॥੨॥ ਮਨਮੁਖ ਨੂੰ ਮਾਇਆ ਦਾ ਮੋਹ ਹੁੰਦਾ ਹੈ, (ਜਿਸ ਕਰਕੇ ਉਸ ਦਾ) ਪ੍ਰਭੂ ਦੇ ਨਾਮ ਵਿਚ ਪਿਆਰ ਨਹੀਂ ਲਗਦਾ।(ਉਹ) ਝੂਠ ਕਮਾਉਂਦਾ ਹੈ, ਝੂਠ ਨੂੰ ਹੀ ਇਕੱਠਾ ਕਰਦਾ ਹੈ ਅਤੇ ਭੋਜਨ ਵੀ ਝੂਠ ਨੂੰ ਹੀ ਕਰਦਾ (ਬਣਾਉਂਦਾ) ਹੈ।ਵਿਹੁ ਰੂਪ ਮਾਇਆ ਤੇ (ਹੋਰ) ਧਨ ਪਦਾਰਥ ਇਕੱਠਾ ਕਰਕੇ (ਮਨਮੁਖ) ਮਰ ਜਾਂਦਾ ਹੈ ਅਤੇ ਅੰਤ ਨੂੰ ਸਭ ਸੁਆਹ ਹੋ (ਬਿਅਰਥ) ਜਾਂਦਾ ਹੈ।(ਉਹ ਦਿਖਾਵੇ ਦੇ) ਸੁੱਚ ਸੰਜਮ ਆਦਿ ਧਾਰਮਕ ਕਰਮ ਵੀ ਕਰਦਾ ਹੈ, (ਪਰ ਮਨ ਦੇ) ਅੰਦਰ ਲੋਭ ਰੂਪ ਵਿਕਾਰ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮਨਮੁਖ ਜਿਹੜਾ ਵੀ ਕਰਮ ਕਰਦਾ ਹੈ, ਉਹ ਥਾਂ ਨਹੀਂ ਪੈਂਦਾ (ਪ੍ਰਵਾਨ ਨਹੀਂ ਹੁੰਦਾ, ਉਹ) ਦਰਗਾਹ ਵਿਚ ਜਾ ਕੇ ਖੱਜਲ ਖੁਆਰ ਹੁੰਦਾ ਹੈ।੨।

ਪਦਾਰਥ = ਸੇਖਾ-ਹੇ ਸ਼ੇਖ!।ਅੰਦਰਹੁ-(ਮਨ ਦੇ) ਅੰਦਰੋਂ।ਜੋਰੁ-ਬਲ (ਮਨ ਦੇ ਹਠ ਜਾਂ ਹੰਕਾਰ ਜਾਂ ਹਕੂਮਤ ਦਾ)।ਭਉ ਕਰਿ-ਭੈ ਧਾਰਨ ਕਰਕੇ।ਝਲੁ-ਪਾਗਲ ਪੁਣੇ ਦੀ ਲਹਿਰ।ਗਵਾਇ-ਦੂਰ ਕਰ।ਕੇਤੇ-ਕਿਤਨੇ (ਬਹੁਤ) ਹੀ।ਨਿਸਤਰੇ-ਤਰ ਗਏ।ਨਿਰਭਉ-ਭੈ ਰਹਿਤ ਪ੍ਰਭੂ।ਭੇਦਿ-ਵਿੰਨ੍ਹ (ਨਰਮ ਕਰ) ਲੈ।ਮਨਿ-ਮਨ ਵਿਚ।ਕਾਰ ਕਮਾਵਣੀ-ਕੰਮ ਕੀਤਾ ਜਾਂਦਾ ਹੈ।ਸਾ-ਉਹ।ਪਾਏ ਥਾਇ-ਥਾਂ ਪਾਉਂਦਾ (ਪ੍ਰਵਾਨ ਕਰਦਾ) ਹੈ।ਕਾਮਿ-ਕਾਮ ਵਾਸ਼ਨਾ ਵਿਚ ਰਿਹਾਂ।ਕਿਨੈ-ਕਿਸੇ ਨੇ।੧।ਸੰਗ੍ਰਹੈ-ਇਕੱਠਾ ਕਰਦਾ ਹੈ।ਆਹਾਰੁ-ਭੋਜਨ।ਬਿਖੁ-ਵਿਹੁ।ਸੰਚਿ-ਇਕੱਠਾ ਕਰਕੇ।ਅੰਤੇ-ਅੰਤ ਵੇਲੇ।ਛਾਰੁ-ਸੁਆਹ।ਸੁਚ-ਸੁੱਚਮਤਾ।ਸੰਜਮ-ਇੰਦ੍ਰੀਆਂ ਨੂੰ ਕਾਬੂ ਰੱਖਣ ਦੇ ਸਾਧਨ।ਅੰਤਰਿ-(ਮਨ ਦੇ) ਅੰਦਰ।ਜਿ-ਜਿਹੜਾ।ਸੁ-ਉਹ।ਖੁਆਰੁ-ਖੱਜਲ ਖੁਆਰ (ਬੇ ਇੱਜਤ; ਦੁਖੀ)।੨।॥

ਪਉੜੀ ॥ ਆਪੇ ਖਾਣੀ ਆਪੇ ਬਾਣੀ, ਆਪੇ ਖੰਡ ਵਰਭੰਡ ਕਰੇ ॥ ਆਪਿ ਸਮੁੰਦੁ ਆਪਿ ਹੈ ਸਾਗਰੁ , ਆਪੇ ਹੀ ਵਿਚਿ ਰਤਨ ਧਰੇ ॥ ਆਪਿ ਲਹਾਏ ਕਰੇ ਜਿਸੁ ਕਿਰਪਾ, ਜਿਸ ਨੋ ਗੁਰਮੁਖਿ ਕਰੇ ਹਰੇ ॥ ਆਪੇ ਭਉਜਲੁ ਆਪਿ ਹੈ ਬੋਹਿਥਾ, ਆਪੇ ਖੇਵਟੁ ਆਪਿ ਤਰੇ ॥ ਆਪੇ ਕਰੇ ਕਰਾਏ ਕਰਤਾ, ਅਵਰੁ ਨ ਦੂਜਾ ਤੁਝੈ ਸਰੇ ॥੯॥ (ਪ੍ਰਭੂ ਨੇ ਧਰਤੀ ਦੇ) ਖੰਡ ਤੇ ਬ੍ਰਹਮੰਡ ਆਪੇ ਰਚੇ ਹਨ, (ਇਨ੍ਹਾਂ ਵਿਚ ਉਸ ਨੇ ਜੀਵਾਂ ਦੀਆਂ) ਆਪੇ ਚਾਰ ਖਾਣੀਆਂ ਤੇ ਆਪੇ ਚਾਰ ਬਾਣੀਆਂ ਬਣਾਈਆਂ ਹਨ। ਪ੍ਰਭੂ ਆਪ ਹੀ ਸਮੁੰਦਰ ਸਾਗਰ ਰੂਪ ਹੈ ਤੇ ਆਪੇ (ਸਮੁੰਦਰ) ਵਿਚ ਰਤਨ ਧਰੇ ਹਨ (ਆਪੇ ਗੁਰੂ ਰੂਪ ਸਮੁੰਦਰ ਹੈ ਆਪੇ ਗੁਰੂ ਵਿਚ ਸ਼ੁੱਭ ਗੁਣ ਰੂਪ ਰਤਨ ਰੱਖਦਾ ਹੈ)। ਜਿਸ ਮਨੁੱਖ ਉਤੇ (ਪ੍ਰਭੂ) ਕ੍ਰਿਪਾ ਕਰਦਾ ਹੈ ਅਤੇ ਜਿਸ ਨੂੰ ਹਰੀ ਗੁਰਮੁਖ ਬਣਾਉਂਦਾ ਹੈ, (ਉਸ ਨੂੰ ਇਹ ਰਤਨ) ਆਪ ਹੀ ਪ੍ਰਾਪਤ ਕਰਾ ਦੇਂਦਾ ਹੈ। ਹਰੀ ਆਪੇ ਭਵਜਲ ਰੂਪ ਹੈ, ਆਪੇ ਨਾਮ ਰੂਪ ਜਹਾਜ ਹੈ, ਆਪੇ ਗੁਰੂ ਰੂਪ ਮਲਾਹ ਹੈ ਤੇ ਆਪੇ ਸਿੱਖ ਰੂਪ ਹੋ ਕੇ ਤਰਦਾ ਹੈ। ਕਰਤਾਰ ਆਪੇ (ਸਭ ਕੁਛ) ਕਰਦਾ ਤੇ ਕਰਾਉਂਦਾ ਹੈ, (ਹੇ ਪ੍ਰਭੂ !) ਤੇਰੇ ਬਰਾਬਰ ਦਾ ਹੋਰ ਕੋਈ ਦੂਜਾ ਨਹੀਂ।੯।

ਪਦਾਰਥ = ਖਾਣੀ–(ਜੀਵ ਜੰਤ ਪੈਦਾ ਕਰਨ ਵਾਲੀਆਂ) ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ)। ਬਾਣੀ–(ਚਾਰ) ਬੋਲੀਆਂ (ਪਰਾ, ਪਸੰਤੀ, ਮਧਮਾ ਤੇ ਬੈਖਰੀ)। ਖੰਡ–ਧਰਤੀ ਦੇ ਹਿੱਸੇ। ਵਰਭੰਡ–ਜਗਤ। ਕਰੇ–ਰਚੇ ਹਨ। ਧਰੇ–ਰੱਖੇ ਹਨ। ਲਹਾਏ–ਪ੍ਰਾਪਤ ਕਰਾਉਂਦਾ ਹੈ। ਕਰੇ–ਬਣਾਉਂਦਾ ਹੈ। ਹਰੇ–ਹਰੀ। ਭਉਜਲੁ–ਸੰਸਾਰ ਸਮੁੰਦਰ। ਬੋਹਿਥਾ–ਜਹਾਜ। ਖੇਵਟੁ–ਮਲਾਹ। ਤਰੇ–ਤਰਦਾ ਹੈ। ਕਰਤਾ–ਕਰਤਾਰ। ਅਵਰੁ–ਹੋਰ। ਤੁਝੈ ਸਰੇ–ਤੇਰੇ ਬਰਾਬਰ ਦਾ।੯।

ਸਲੋਕ ਮਃ ੩ ॥ ਸਤਿਗੁਰ ਕੀ ਸੇਵਾ ਸਫਲ ਹੈ, ਜੇ ਕੋ ਕਰੇ ਚਿਤੁ ਲਾਇ ॥ ਨਾਮੁ ਪਦਾਰਥੁ ਪਾਈਐ, ਅਚਿੰਤੁ ਵਸੈ ਮਨਿ ਆਇ ॥ ਜਨਮ ਮਰਨ ਦੁਖੁ ਕਟੀਐ, ਹਉਮੈ ਮਮਤਾ ਜਾਇ ॥ ਉਤਮ ਪਦਵੀ ਪਾਈਐ, ਸਚੇ ਰਹੈ ਸਮਾਇ ॥ ਨਾਨਕ ਪੂਰਬਿ ਜਿਨ ਕਉ ਲਿਖਿਆ, ਤਿਨਾ ਸਤਿਗੁਰੁ ਮਿਲਿਆ ਆਇ ॥੧॥ ਜੇ ਕੋਈ ਮਨੁੱਖ ਚਿਤ ਲਾ ਕੇ ਸਤਿਗੁਰੂ ਦੀ ਸੇਵਾ ਕਰੇ ਤਾਂ (ਉਹ ਸੇਵਾ) ਸਫਲ ਹੈ।(ਸੇਵਾ ਕਰਕੇ) ਨਾਮ ਪਦਾਰਥ ਪਾ ਲਈਦਾ ਹੈ ਅਤੇ ਚਿੰਤਾ ਤੇ ਯਤਨ ਕੀਤੇ ਬਿਨਾ (ਸੁਤੇ ਸਿੱਧ) ਪ੍ਰਭੂ ਮਨ ਵਿਚ ਆ ਵਸਦਾ ਹੈ। (ਇਸ ਨਾਲ) ਜਨਮ ਮਰਨ ਦਾ ਦੁਖ ਵੀ ਕੱਟਿਆ ਜਾਂਦਾ ਹੈ ਅਤੇ ਹਉਮੈ ਤੇ ਮਮਤਾ ਦੂਰ ਹੋ ਜਾਂਦੀ ਹੈ।(ਅਜੇਹੇ ਮਨੁੱਖ ਨੂੰ) ਉਤਮ ਪਦਵੀ ਪ੍ਰਾਪਤ ਹੋ ਜਾਂਦੀ ਹੈ ਅਤੇ (ਉਹ) ਸੱਚੇ ਪ੍ਰਭੂ ਵਿਚ ਲੀਨ ਹੋਇਆ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਦੇ ਭਾਗਾਂ ਵਿਚ ਪਹਿਲਾਂ ਤੋਂ ਲਿਖਿਆ ਹੋਇਆ ਹੈ, ਉਨ੍ਹਾਂ ਨੂੰ ਸਤਿਗੁਰੂ ਆ ਮਿਲਿਆ ਹੈ।੧।

ਮਃ ੩ ॥ ਨਾਮਿ ਰਤਾ ਸਤਿਗੁਰੂ ਹੈ, ਕਲਿਜੁਗ ਬੋਹਿਥੁ ਹੋਇ ॥ ਗੁਰਮੁਖਿ ਹੋਵੈ ਸੁ ਪਾਰਿ ਪਵੈ, ਜਿਨਾ ਅੰਦਰਿ ਸਚਾ ਸੋਇ ॥ ਨਾਮੁ ਸਮ੍ਾਲੇ ਨਾਮੁ ਸੰਗ੍ਰਹੈ, ਨਾਮੇ ਹੀ ਪਤਿ ਹੋਇ ॥ ਨਾਨਕ ਸਤਿਗੁਰੁ ਪਾਇਆ, ਕਰਮਿ ਪਰਾਪਤਿ ਹੋਇ ॥੨॥ ਸਤਿਗੁਰੂ ਪ੍ਰਭੂ ਦੇ ਨਾਮ ਰੰਗ ਵਿਚ ਰੰਗਿਆ ਹੁੰਦਾ ਹੈ, (ਉਹ) ਕਲਜੁਗ ਦੇ ਜੀਵਾਂ ਨੂੰ ਤਾਰਨ ਲਈ ਜਹਾਜ ਹੈ। ਜੋ ਗੁਰਮੁਖ ਹੁੰਦਾ ਹੈ, ਉਹ (ਸੰਸਾਰ ਸਮੁੰਦਰ ਤੋਂ) ਪਾਰ ਪੈਂਦਾ ਹੈ, (ਗੁਰਮੁਖ ਉਹ ਹੁੰਦੇ ਹਨ) ਜਿਨ੍ਹਾਂ ਪੁਰਖਾਂ ਦੇ ਹਿਰਦੇ ਅੰਦਰ ਉਹ ਸੱਚਾ ਪ੍ਰਭੂ ਵਸਦਾ ਹੈ।(ਜਿਹੜਾ ਮਨੁੱਖ) ਨਾਮ ਸਿਮਰਦਾ ਹੈ, ਨਾਮ ਧਨ ਜਮ੍ਹਾ ਕਰਦਾ ਹੈ, (ਉਸ ਦੀ) ਇੱਜਤ ਨਾਮ ਕਰਕੇ ਹੀ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਨੇ) ਸਤਿਗੁਰੂ ਤੋਂ ਨਾਮ ਪਾਇਆ ਹੈ, (ਪਰ ਸਤਿਗੁਰੂ) ਪ੍ਰਭੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ।੨।

ਪਦਾਰਥ = ਜੇ ਕੋ–ਜੇ ਕੋਈ (ਮਨੁੱਖ)। ਅਚਿੰਤੁ–ਚਿੰਤਾ ਕੀਤੇ ਬਿਨਾ; ਚਿੰਤਾ ਰਹਿਤ ਪ੍ਰਭੂ। ਮਨਿ–ਮਨ ਵਿਚ। ਰਹੈ ਸਮਾਇ–ਲੀਨ ਰਹਿੰਦਾ ਹੈ। ਪੂਰਬਿ–ਪਹਿਲਾਂ ਤੋਂ।੧। ਰਤਾ–ਰੰਗਿਆ ਹੋਇਆ; ਪ੍ਰੀਤਵਾਨ। ਬੋਹਿਥੁ–ਜਹਾਜ। ਸੁ–ਉਹ। ਸੋਇ–ਉਹ। ਪਾਰਿ ਪਵੈ–ਪਾਰ ਪੈਂਦਾ (ਤਰਦਾ) ਹੈ। ਸਮਾਲੇ–ਸਿਮਰਦਾ ਹੈ। ਸੰਗ੍ਰਹੈ–ਜਮ੍ਹਾ ਕਰਦਾ ਹੈ। ਪਤਿ–ਇੱਜਤ। ਕਰਮਿ–ਬਖਸ਼ਿਸ਼ ਨਾਲ।੨।

ਪਉੜੀ ॥ ਆਪੇ ਪਾਰਸੁ ਆਪਿ ਧਾਤੁ ਹੈ, ਆਪਿ ਕੀਤੋਨੁ ਕੰਚਨੁ ॥ ਆਪੇ ਠਾਕੁਰੁ ਸੇਵਕੁ ਆਪੇ, ਆਪੇ ਹੀ ਪਾਪ ਖੰਡਨੁ ॥ ਆਪੇ ਸਭਿ ਘਟ ਭੋਗਵੈ ਸੁਆਮੀ, ਆਪੇ ਹੀ ਸਭੁ ਅੰਜਨੁ ॥ ਆਪਿ ਬਿਬੇਕੁ ਆਪਿ ਸਭੁ ਬੇਤਾ, ਆਪੇ ਗੁਰਮੁਖਿ ਭੰਜਨੁ ॥ ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ, ਤੂ ਹਰਿ ਸੁਖ ਦਾਤਾ ਵਡਨੁ ॥੧੦॥ ਪ੍ਰਭੂ ਆਪੇ ਪਾਰਸ ਹੈ, ਆਪੇ ਧਾਤ ਹੈ ਅਤੇ ਉਸ ਨੇ ਆਪ ਹੀ (ਧਾਤ ਨੂੰ) ਸੋਨਾ ਬਣਾਇਆ ਹੈ।(ਉਹ) ਆਪੇ ਸੁਆਮੀ ਰੂਪ ਹੈ, ਆਪੇ ਸੇਵਕ ਰੂਪ ਹੈ ਅਤੇ ਆਪੇ (ਸੇਵਕਾਂ ਦੇ) ਪਾਪ ਨਾਸ਼ ਕਰਨ ਵਾਲਾ ਹੈ। ਉਹ ਸੁਆਮੀ ਆਪੇ ਸਾਰੇ (ਜੀਵਾਂ ਦੇ) ਸਰੀਰਾਂ ਵਿਚ ਵਿਆਪਕ ਹੋ ਕੇ (ਮਾਇਕ ਪਦਾਰਥ) ਭੋਗਦਾ ਹੈ ਅਤੇ ਮਾਇਆ ਰੂਪ ਸਭ ਆਪੇ ਹੈ। ਪ੍ਰਭੂ ਆਪੇ ਗਿਆਨ ਰੂਪ ਹੈ, ਆਪੇ ਸਭ ਨੂੰ ਜਾਨਣ ਵਾਲਾ ਹੈ ਤੇ ਆਪੇ ਗੁਰੂ ਦੁਆਰਾ (ਮਾਇਕ ਬੰਧਨ) ਤੋੜਨ ਵਾਲਾ ਹੈ। ਹੇ ਕਰਤਾਰ ! ਦਾਸ ਨਾਨਕ ਤੈਨੂੰ ਸਲਾਹੁੰਦਾ ਹੋਇਆ ਰੱਜਦਾ ਨਹੀਂ, ਹੇ ਹਰੀ ! ਤੂੰ ਸਭ ਤੋਂ ਵੱਡਾ ਸੁੱਖ ਦਾਤਾ ਹੈਂ।੧੦।

ਪਦਾਰਥ = ਪਾਰਸੁ-ਇਕ ਪੱਥਰ (ਜੋ ਲੋਹੇ ਤਾਂਬੇ ਆਦਿ ਧਾਤ ਨੂੰ ਸੋਨਾ ਬਣਾਉਂਦਾ ਹੈ)।ਕੀਤੋਨੁ-ਕੀਤਾ (ਬਣਾਇਆ) ਉਸ ਨੇ।ਕੰਚਨੁ -ਸੋਨਾ।ਖੰਡਨੁ-ਨਾਸ਼ ਕਰਨ ਵਾਲਾ।ਘਟ-(ਜੀਵਾਂ ਦੇ) ਸਰੀਰ।ਅੰਜਨੁ-ਮਾਇਆ।ਭੋਗਵੈ-ਭੋਗਦਾ ਹੈ।ਬਿਬੇਕੁ-ਗਿਆਨ।ਬੇਤਾ- ਜਾਨਣ ਵਾਲਾ।ਭੰਜਨੁ-ਨਾਸ਼ ਕਰਨ ਵਾਲਾ।ਤੁਧੁ-ਤੈਨੂੰ।ਕਰਤੇ-ਹੇ ਕਰਤਾਰ!।ਵਡਨੁ-ਵੱਡਾ।੧੦।

ਸਲੋਕ ਮਃ ੪ ॥ ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ, ਜੇਤੇ ਕਰਮ ਕਮਾਹਿ ॥ ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ, ਮਰਿ ਜੰਮਹਿ ਆਵਹਿ ਜਾਹਿ ॥ ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ, ਨਾਮੁ ਨ ਵਸੈ ਮਨਿ ਆਇ ॥ ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ, ਮੁਹਿ ਕਾਲੈ ਉਠਿ ਜਾਹਿ ॥੧॥ ਸਤਿਗੁਰੂ ਦੀ ਸੇਵਾ ਕੀਤੇ ਬਿਨਾ ਜਿਤਨੇ ਕਰਮ ਕਮਾਏ ਜਾਂਦੇ ਹਨ, (ਉਹ ਕਰਮ) ਜੀਵ ਦੇ ਲਈ ਬੰਧਨ ਰੂਪ ਹਨ।ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਜੀਵ ਦਰਗਾਹ ਵਿਚ ਪੱਕਾ) ਟਿਕਾਣਾ ਨਹੀ ਪ੍ਰਾਪਤ ਕਰ ਸਕਦੇ, ਉਹ ਮਰ ਕੇ ਜੰਮਦੇ ਤੇ ਆਉਂਦੇ ਜਾਂਦੇ ਰਹਿੰਦੇ ਹਨ।ਸਤਿਗੁਰੂ ਦੀ ਸੇਵਾ ਕੀਤੇ ਬਿਨਾ ਜੋ ਬੋਲਣਾ ਹੈ, (ਉਹ ਸਭ) ਫਿੱਕਾ ਹੈ ਅਤੇ (ਬੋਲਣ ਵਾਲੇ ਦੇ) ਮਨ ਵਿਚ ਨਾਮ ਆ ਕੇ ਨਹੀਂ ਵਸਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਲੋਕ) ਮੂੰਹ ਕਾਲਾ ਕਰਾ ਕੇ (ਬੇਇੱਜਤ ਹੋ ਕੇ ਸੰਸਾਰ ਵਿਚੋਂ) ਉਠ ਕੇ ਚਲੇ ਜਾਂਦੇ ਹਨ ਅਤੇ ਜਮ ਪੁਰੀ ਵਿਚ ਬੰਨ੍ਹ ਕੇ ਮਾਰੇ ਜਾਂਦੇ ਹਨ।੧।

ਮਃ ੩ ॥ ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ, ਹਰਿ ਨਾਮੇ ਲਗੈ ਪਿਆਰੁ ॥ ਨਾਨਕ ਜਨਮੁ ਸਵਾਰਨਿ ਆਪਣਾ, ਕੁਲ ਕਾ ਕਰਨਿ ਉਧਾਰੁ ॥੨॥ ਕਈ (ਜਿਹੜੇ ਗੁਰਸਿੱਖ) ਸਤਿਗੁਰੂ ਦੀ ਸੇਵਾ ਨੌਕਰਾਂ ਵਾਂਗ ਕਰਦੇ ਹਨ, (ਉਨ੍ਹਾਂ ਦਾ) ਹਰੀ ਦੇ ਨਾਮ ਨਾਲ ਪਿਆਰ ਲਗ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਗੁਰਸਿੱਖ) ਅਪਣਾ ਜਨਮ ਸਵਾਰ ਲੈਂਦੇ ਹਨ ਅਤੇ (ਨਾਮ ਸਿਮਰ ਕੇ ਅਪਣੀ) ਕੁਲ ਦਾ ਵੀ ਉਧਾਰ ਕਰ ਲੈਂਦੇ ਹਨ।੨।

ਪਦਾਰਥ = ਜੀਅ ਕੇ-ਜੀਵਾਂ ਦੇ।ਜੇਤੇ-ਜਿਤਨੇ।ਠਵਰ-ਟਿਕਾਣਾ।ਨ ਪਾਵਹੀ-ਪ੍ਰਾਪਤ ਨਹੀਂ ਕਰ ਸਕਦੇ।ਆਵਹਿ ਜਾਹਿ-ਆਉਂਦੇ ਜਾਂਦੇ (ਬਾਰ ਬਾਰ ਜੰਮਦੇ ਮਰਦੇ ਹਨ)।ਜਮ ਪੁਰਿ-ਨਰਕ ਵਿਚ।ਬਧੇ-ਬੰਨ੍ਹ ਕੇ।ਮੁਹਿ ਕਾਲੈ-ਮੂੰਹ ਕਾਲਾ ਕਰਾ ਕੇ।੧।ਇਕਿ-ਕਈ; ਕੋਈ।ਚਾਕਰੀ-ਨੌਕਰੀ।ਸਵਾਰਨਿ-ਸੁਧਾਰ ਲੈਂਦੇ ਹਨ।ਕੁਲ-ਖਾਨਦਾਨ ਦਾ।ਕਰਨਿ ਉਧਾਰੁ-ਨਿਸਤਾਰਾ ਕਰ ਲੈਂਦੇ ਹਨ।੨।

ਪਉੜੀ ॥ ਆਪੇ ਚਾਟਸਾਲ ਆਪਿ ਹੈ ਪਾਧਾ, ਆਪੇ ਚਾਟੜੇ ਪੜਣ ਕਉ ਆਣੇ ॥ ਆਪੇ ਪਿਤਾ ਮਾਤਾ ਹੈ ਆਪੇ, ਆਪੇ ਬਾਲਕ ਕਰੇ ਸਿਆਣੇ ॥ ਇਕਥੈ ਪੜਿ ਬੁਝੈ ਸਭੁ ਆਪੇ, ਇਕ ਥੈ ਆਪੇ ਕਰੇ ਇਆਣੇ ॥ ਇਕਨਾ ਅੰਦਰਿ ਮਹਲਿ ਬੁਲਾਏ, ਜਾ ਆਪਿ ਤੇਰੈ ਮਨਿ ਸਚੇ ਭਾਣੇ ॥ ਪ੍ਰਭੂ ਆਪੇ ਪਾਠਸ਼ਾਲਾ ਰੂਪ ਹੈ, ਆਪ ਹੀ (ਪੜ੍ਹਾਉਣ ਵਾਲਾ) ਪਾਧਾ ਹੈ ਅਤੇ ਆਪੇ ਹੀ ਵਿਦਿਆਰਥੀ ਪੜ੍ਹਨ ਵਾਸਤੇ ਲਿਆਉਂਦਾ ਹੈ; ਪ੍ਰਭੂ ਆਪੇ ਸਤਸੰਗਤ ਰੂਪ ਹੈ, ਆਪੇ ਗੁਰੂ ਰੂਪ ਪਾਂਧਾ ਹੈ ਅਤੇ ਆਪੇ ਸਿੱਖਾਂ ਨੂੰ ਸਤਸੰਗਤ ਰੂਪ ਸਕੂਲ ਵਿਚ ਪੜ੍ਹਨ ਵਾਸਤੇ ਲਿਆਉਂਦਾ ਹੈ।(ਉਹ) ਆਪੇ ਪਿਤਾ ਰੂਪ ਹੈ ਆਪੇ ਮਾਤਾ ਰੂਪ ਹੈ ਅਤੇ ਆਪੇ ਬੱਚਿਆਂ ਨੂੰ ਸਿਆਣੇ ਕਰਦਾ ਹੈ; ਪਾਲ ਕੇ ਵੱਡਾ ਕਰਦਾ ਹੈ।ਇਕ ਜਗ੍ਹਾ (ਉਹ ਪ੍ਰਭੂ) ਆਪੇ ਪੜ੍ਹ ਕੇ ਸਭ ਸਮਝਦਾ ਹੈ ਅਤੇ ਇਕ ਜਗ੍ਹਾ ਆਪੇ ਅਣਜਾਣ ਕਰ (ਬਣਾ) ਦਿੰਦਾ ਹੈ।ਇਕਨਾਂ ਨੂੰ ਤੂੰ ਮਹਿਲ ਅੰਦਰ ਬੁਲਾ ਲੈਂਦਾ ਹੈਂ, ਹੇ ਸੱਚੇ ਪ੍ਰਭੂ! ਜਦ ਉਹ ਆਪੇ ਤੇਰੇ ਮਨ ਵਿਚ ਭਾ ਜਾਂਦੇ ਹਨ।

ਅੰਗ ੫੫੩ = ਜਿਨਾ ਆਪੇ ਗੁਰਮੁਖਿ ਦੇ ਵਡਿਆਈ, ਸੇ ਜਨ ਸਚੀ ਦਰਗਹ ਜਾਣੇ ॥੧੧॥ ਉਹ ਪੁਰਖ ਸੱਚੀ ਦਰਗਾਹ ਵਿਚ ਜਾਣੇ (ਸਤਿਕਾਰੇ) ਜਾਂਦੇ ਹਨ, ਜਿਨ੍ਹਾਂ ਨੂੰ ਪ੍ਰਭੂ ਆਪੇ ਗੁਰੂ ਦੁਆਰਾ (ਨਾਮ ਦੀ) ਵਡਿਆਈ ਦੇਂਦਾ ਹੈ।੧੧।

ਪਦਾਰਥ = ਚਾਟਸਾਲ-ਪਾਠਸ਼ਾਲਾ (ਸਕੂਲ)।ਪਾਧਾ-ਅਧਿਆਪਕ।ਚਾਟੜੇ-ਵਿਦਿਆਰਥੀ।ਕਉ-ਨੂੰ; ਵਾਸਤੇ।ਆਣੇ-ਲਿਆਉਂਦਾ ਹੈ।ਕਰੇ ਸਿਆਣੇ-ਬੁੱਧੀਵਾਨ ਬਣਾ ਦੇਂਦਾ ਹੈ; ਪਾਲ ਕੇ ਵੱਡਾ ਕਰਦਾ ਹੈ।ਇਕਥੈ-ਇਕ ਜਗ੍ਹਾ।ਇਆਣੇ-ਅਣਜਾਣ।ਇਕਨਾ-ਕਈਆਂ ਨੂੰ।ਜਾ-ਜਦ।ਭਾਣੇ-ਭਾਉਂਦੇ (ਚੰਗੇ ਲਗਦੇ) ਹਨ।ਗੁਰਮੁਖਿ-ਗੁਰੂ ਦੁਆਰਾ।ਦੇ-ਦੇਂਦਾ ਹੈ।ਸੇ ਜਨ-ਉਹ ਪੁਰਖ।੧੧।

ਉਥਾਨਕਾ = ਅਗਲਾ ਸਲੋਕ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਪ੍ਰਤੀ ਉਚਾਰਿਆ ਹੈ, ਇਸ ਲਈ 'ਸਲੋਕੁ ਮਰਦਾਨਾ ੧' ਲਿਖਿਆ ਹੈ (ਸੰ.ਸ.)।ਵਾਰ ਬਿਹਾਗੜਾ ਵਿਚ ਭਾਈ ਮਰਦਾਨੇ ਦੇ ਨਾਮ ਪੁਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸਲੋਕ ਦੇਖੀਦੇ ਹਨ (ਮ.ਕੋ.)।ਇਥੇ ਸਲੋਕ ਮਰਦਾਨਾ ੧ ਲਿਖਿਆ ਹੋਣ ਕਰਕੇ ਸੰਭਾਵਨਾ ਪੈਦਾ ਹੁੰਦਾ ਹੈ ਕਿ ਇਹ ਤਿੰਨੇ ਸਲੋਕ ਭਾਈ ਮਰਦਾਨਾ ਜੀ ਦੇ ਰਚੇ ਹੋਏ ਹੋਣ।ਪਰ ਸਲੋਕਾਂ ਦੇ ਅਖੀਰ ਵਿਚ ਨਾਨਕ ਪਦ ਹੋਣ ਕਰਕੇ ਇਹ ਸਲੋਕ ਗੁਰੂ ਨਾਨਕ ਦੇਵ ਜੀ ਦੇ ਰਚੇ ਸਿੱਧ ਹੁੰਦੇ ਹਨ। ਭਾਈ ਮਰਦਾਨਾ ਜੀ ਗੁਰੂ ਜੀ ਦੀ ਸੰਗਤ ਕਰਕੇ ਗੁਰੂ ਰੂਪ ਹੋ ਗਿਆ ਸੀ।ਉਸ ਦੀ ਸ਼ਰਾਬ ਬਾਰੇ ਗੁਰੂ ਜੀ ਨਾਲ ਜਾਂ ਕਿਸੇ ਹੋਰ ਸ਼ਰਾਬੀ ਨਾਲ ਜੋ ਗਲਬਾਤ ਹੋਈ ਹੋਣੀ ਹੈ, ਉਹ ਗਲਬਾਤ ਸਿਖਿਆ ਦਾਇਕ ਹੋਣ ਕਰਕੇ ਗੁਰੂ ਜੀ ਨੇ ਸਲੋਕਾਂ ਵਿਚ ਰਚ ਦਿਤੀ ਹੈ ।ਜਿਵੇਂ ੪੮੭ ਅੰਗ ਤੇ ਆਸਾ ਰਾਗ ਵਿਚ ਭਗਤ ਧੰਨੇ ਜੀ ਦਾ ਸ਼ਬਦ 'ਮਹਲਾ ੫' ਦੇ ਸਿਰਲੇਖ ਹੇਠ ਲਿਖਿਆ ਮਿਲਦਾ ਹੈ, ਪਰ

ਅਖੀਰ ਵਿਚ ਨਾਮ ਧੰਨਾ ਜੀ ਦਾ ਆਉਂਦਾ ਹੈ। ਇਸੇ ਤਰ੍ਹਾਂ ੧੨੫੩ ਅੰਗ ਤੇ 'ਸਾਰੰਗ ਮਹਲਾ ੫ ਸੂਰਦਾਸ' ਵਾਲੇ ਸ਼ਬਦ ਵਿਚ ਅਖੀਰ ਤੇ ਨਾਮ ਸੂਰਦਾਸ ਜੀ ਦਾ ਹੈ। ਇਸੇ ਤਰ੍ਹਾਂ ਭਾਈ ਮਰਦਾਨਾ ਜੀ ਦੇ ਉਤਮ ਵਿਚਾਰਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਇਨਾਂ ਤਿੰਨਾਂ ਸਲੋਕਾਂ ਵਿਚ ਕਲਮ ਬੰਦ ਕੀਤਾ ਹੈ। ਤਿੰਨੇ ਸਲੋਕ ਭਾਈ ਮਰਦਾਨਾ ਜੀ ਦੇ ਨਾਮ ਦੇ ਸਿਰਲੇਖ ਹੇਠ ਲਿਖੇ ਹੋਏ ਹਨ ਅਤੇ ਅਖੀਰ ਵਿਚ ਮੋਹਰ ਨਾਨਕ ਪਦ ਦੀ ਲਗਾਈ ਹੈ।

ਸਲੋਕੁ ਮਰਦਾਨਾ ੧ ॥ ਕਲਿ ਕਲਵਾਲੀ ਕਾਮੁ ਮਦੁ ,ਮਨੂਆ ਪੀਵਣਹਾਰੁ ॥ ਕ੍ਰੋਧ ਕਟੋਰੀ ਮੋਹਿ ਭਰੀ, ਪੀਲਾਵਾ ਅਹੰਕਾਰੁ ॥ ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰੁ ॥ ਕਰਣੀ ਲਾਹਣਿ ਸਤੁ ਗੁੜੁ, ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ ਕਰਿ ਸੀਲੁ ਘਿਉ ,ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ, ਖਾਧੈ ਜਾਹਿ ਬਿਕਾਰ ॥੧॥ ਕਲਜੁਗ ਮਾਨੋ (ਸ਼ਰਾਬ ਕੱਢਣ ਵਾਲੀ) ਮੱਟੀ ਹੈ, (ਉਸ ਵਿਚ) ਕਾਮ ਰੂਪ ਸ਼ਰਾਬ ਹੈ ਅਤੇ ਮਨ (ਇਸ ਸ਼ਰਾਬ ਨੂੰ) ਪੀਣ ਵਾਲਾ ਹੈ। ਕ੍ਰੋਧ ਦੀ ਕਟੋਰੀ ਹੈ, ਜੋ ਮੋਹ ਨੇ ਭਰੀ ਹੈ ਅਤੇ ਹੰਕਾਰ (ਮਜਲਸ ਵਿਚ ਸ਼ਰਾਬ) ਪਿਲਾਉਣ ਵਾਲਾ ਹੈ (ਮੋਹ ਸ਼ਰਾਬ ਦੀ ਕਟੋਰੀ ਭਰ ਕੇ ਦਿੰਦਾ ਹੈ ਤੇ ਹੰਕਾਰ ਵਰਤਾਉਣ ਵਾਲਾ ਹੈ। ਇਹ) ਮਹਫਲ ਝੂਠੇ ਲੋਭ ਦੀ ਹੈ, (ਜੋ ਸ਼ਰਾਬ) ਪੀ ਪੀ ਕੇ ਖੁਆਰ ਹੁੰਦੀ ਹੈ। (ਹੁਣ ਉਪਰ ਦੱਸੇ ਝੂਠੇ ਨਸ਼ੇ ਦੀ ਜਗ੍ਹਾ ਸੱਚੇ ਨਸ਼ੇ ਦਾ ਵਰਨਣ ਕਰਦੇ ਹਨ) ਸ਼ੁੱਭ ਕਰਨੀ ਦੀ ਮੱਟੀ ਬਣਾਓ, (ਉਸ ਵਿਚ) ਸੱਚ ਦਾ ਗੁੜ ਪਾਓ, (ਇਉਂ) ਸੱਚਾ ਨਾਮ ਅਸਲੀ ਸ਼ਰਾਬ ਬਣਾਓ। ਚੰਗੇ ਗੁਣ ਰੋਟੀਆਂ, ਸ਼ਾਂਤ ਸੁਭਾਵ ਨੂੰ ਘਿਓ ਅਤੇ ਸ਼ਰਮ ਹਯਾ ਨੂੰ ਮਾਸ ਰੂਪ ਭੋਜਨ ਬਣਾਓ। ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹਾ ਸੱਚਾ ਨਸ਼ਾ ਤੇ ਭੋਜਨ) ਗੁਰੂ ਦੁਆਰਾ ਪਾਈਦਾ ਹੈ, (ਜਿਸ ਦੇ) ਖਾਣ ਨਾਲ (ਮਨ ਦੇ ਸਾਰੇ) ਬਿਕਾਰ ਦੂਰ ਹੋ ਜਾਂਦੇ ਹਨ।੧।

ਮਰਦਾਨਾ ੧ ॥ ਕਾਇਆ ਲਾਹਣਿ ਆਪੁ ਮਦੁ ,ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ, ਪੀਲਾਏ ਜਮਕਾਲੁ ॥ ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥ ਗਿਆਨੁ ਗੁੜੁ ਸਾਲਾਹ ਮੰਡੇ, ਭਉ ਮਾਸੁ ਆਹਾਰੁ ॥ ਨਾਨਕ ਇਹੁ ਭੋਜਨੁ ਸਚੁ ਹੈ, ਸਚੁ ਨਾਮੁ ਆਧਾਰੁ ॥੨॥ ਮਨੁੱਖੀ ਸਰੀਰ ਸ਼ਰਾਬ ਕੱਢਣ ਵਾਲੀ ਮੱਟੀ ਹੈ, (ਇਸ ਵਿਚ) ਹਉਮੈ ਰੂਪ ਸ਼ਰਾਬ ਹੈ ਅਤੇ (ਪਦਾਰਥਾਂ ਦੀ) ਤ੍ਰਿਸ਼ਨਾ ਦੀ ਦੌੜ ਮਾਨੋ ਮਜਲਸ ਹੈ। ਝੂਠ ਨਾਲ ਭਰੀ ਹੋਈ ਵਾਸ਼ਨਾ ਕਟੋਰੀ ਹੈ ਅਤੇ ਜਮਕਾਲ (ਇਹ ਸ਼ਰਾਬ) ਪਿਆਉਂਦਾ ਹੈ (ਮੰਦ ਕਰਮਾਂ ਦੇ ਕਾਰਣ ਜੀਵ ਜਮ ਦੇ ਵਸ ਪੈਂਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਸ਼ਰਾਬ ਦੇ ਪੀਣ ਨਾਲ ਬਹੁਤੇ ਵਿਕਾਰ ਕਮਾਏ ਜਾਂਦੇ ਹਨ। (ਅੱਗੇ ਵਿਕਾਰ ਦੂਰ ਕਰਨ ਵਾਲੀ ਸ਼ਰਾਬ ਬਣਾਉਣ ਦੀ ਜਾਚ ਅਤੇ ਇਸ ਦੇ ਗੁਣ ਦਸਦੇ ਹਨ। ਪ੍ਰਭੂ ਦਾ) ਗਿਆਨ ਗੁੜ ਹੋਵੇ, (ਸ਼ਰਾਬ ਨਾਲ ਖਾਣ ਵਾਸਤੇ ਪ੍ਰਭੂ ਦੀ) ਸਿਫਤ ਸਲਾਹ ਰੋਟੀਆਂ ਹੋਣ, (ਪ੍ਰਭੂ ਦਾ) ਡਰ ਮਾਸ ਰੂਪ ਭੋਜਨ ਹੋਵੇ। ਨਾਨਕ ਗੁਰੂ ਜੀ ਆਖਦੇ ਹਨ ਕਿ ਇਹ ਸੱਚਾ ਭੋਜਨ ਹੈ, (ਇਹੋ) ਸੱਚਾ ਨਾਮ (ਜੀਵਨ ਦਾ) ਆਸਰਾ ਹੈ।੨।

ਪਦਾਰਥ = ਕਲਿ–ਕਲਜੁਗ। ਕਲਵਾਲੀ–ਸ਼ਰਾਬ ਕੱਢਣ ਵਾਲੀ ਮੱਟੀ। ਮਦੁ–ਸ਼ਰਾਬ। ਮਨੂਆ–ਮਨੁੱਖੀ ਮਨ। ਕਟੋਰੀ–ਪਿਆਲੀ। ਮੋਹਿ ਭਰੀ–ਮੋਹ ਨੇ ਭਰੀ ਹੈ; ਮੋਹ ਨਾਲ ਭਰੀ ਹੈ। ਪੀਲਾਵਾ–ਪਿਲਾਉਣ ਵਾਲਾ। ਮਜਲਸ–(ਸ਼ਰਾਬੀਆਂ ਦੀ) ਸਭਾ। ਲਬ–ਲੋਭ। ਕਰਣੀ–ਸ਼ੁੱਭ ਕਰਣੀ। ਲਾਹਣਿ–ਮੱਟੀ; ਪਾਣੀ ਵਿਚ ਸੱਕ ਤੇ ਗੁੜ ਰਲਾ ਕੇ ਮੱਟੀ ਵਿਚ ਰੱਖਿਆ ਮਸਾਲਾ। ਸਤੁ–ਸੱਚ। ਸਰਾ–ਸ਼ਰਾਬ। ਕਰਿ–ਬਣਾ। ਸਾਰੁ–ਅਸਲੀ; ਸ੍ਰੇਸਟ। ਮੰਡੇ–ਪਤਲੀਆਂ ਵੱਡੀਆਂ ਰੋਟੀਆਂ। ਸੀਲ–ਸ਼ਾਂਤ ਸੁਭਾਵ; ਭਲਮਾਣਸੀ। ਸਰਮੁ–ਸ਼ਰਮ। ਆਹਾਰੁ–ਭੋਜਨ। ਖਾਧੈ–ਖਾਣ ਨਾਲ। ਗੁਰਮੁਖਿ–ਗੁਰੂ ਦੁਆਰਾ।੧। ਕਾਇਆ–ਸਰੀਰ। ਆਪੁ–ਹਉਮੈ (ਆਪਾ ਭਾਵ)। ਧਾਤੁ–ਦੌੜ ਭੱਜ। ਮਨਸਾ –ਵਾਸ਼ਨਾ। ਕੂੜਿ–ਝੂਠ ਨਾਲ। ਪੀਲਾਏ–ਪਿਆਉਂਦਾ ਹੈ। ਜਮ ਕਾਲੁ–ਕਾਲ ਕਰਨ ਵਾਲਾ ਜਮ (ਮੌਤ ਦਾ ਦੂਤ)। ਇਤੁ–ਇਸ। ਪੀਤੈ–ਪੀਣ ਨਾਲ। ਖਟੀਅਹਿ–ਕਮਾਏ ਜਾਂਦੇ ਹਨ। ਸਾਲਾਹ–ਸਿਫਤ ਸਲਾਹ। ਭਉ–ਡਰ। ਆਧਾਰੁ–ਆਸਰਾ।੨।

ਕਾਂਯਾਂ ਲਾਹਣਿ ਆਪੁ ਮਦੁ ,ਅੰਮ੍ਰਿਤ ਤਿਸ ਕੀ ਧਾਰ ॥ ਸਤਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅੰਮ੍ਰਿਤ ਭਰੀ, ਪੀ ਪੀ ਕਟਹਿ ਬਿਕਾਰ ॥੩॥ (ਗਿਆਨ ਦੇ ਗੁੜ ਤੋਂ ਸੱਚੀ ਸ਼ਰਾਬ ਬਣਾਉਣ ਦਾ ਤਰੀਕਾ) ਸਰੀਰ ਮੱਟੀ ਹੋਵੇ, ਅਪਨੇ ਆਪ ਦੀ ਸੋਝੀ (ਉਸ ਵਿਚ) ਸ਼ਰਾਬ ਹੋਵੇ, (ਮਨੁੱਖ ਨੂੰ ਉਸ ਦੇ ਅਨੰਦ ਦੀ) ਧਾਰ ਅਮਰ ਕਰਨ ਵਾਲੀ ਹੈ। (ਕੂੜ ਦੀ ਮਹਫਲ ਦੀ ਥਾਂ) ਸਤਸੰਗਤ ਨਾਲ ਮਿਲਾਪ ਹੋ ਜਾਵੇ, (ਪ੍ਰਭੂ ਨਾਲ ਲਗੀ) ਲਿਵ ਦੀ ਪਿਆਲੀ (ਨਾਮ ਰੂਪ) ਅੰਮ੍ਰਿਤ ਦੀ ਭਰੀ ਹੋਈ ਹੋਵੇ, (ਜਿਸ ਨੂੰ ਗੁਰਮੁਖ ਬਾਰ ਬਾਰ) ਪੀ ਪੀ ਕੇ ਬਿਕਾਰ ਕੱਟ ਲੈਂਦੇ ਹਨ (ਇਸ ਸੱਚੀ ਸ਼ਰਾਬ ਦਾ ਨਸ਼ਾ ਸਦਾ ਰਹਿਣ ਵਾਲਾ ਹੈ)।੩ ।

ਪਉੜੀ ॥ ਆਪੇ ਸੁਰਿ ਨਰ ਗਣ ਗੰਧਰਬਾ, ਆਪੇ ਖਟ ਦਟਸਨ ਕੀ ਬਾਣੀ ॥ ਆਪੇ ਸਿਵ ਸੰਕਰ ਮਹੇਸਾ, ਆਪੇ ਗੁਰਮੁਖਿ ਅਕਥ ਕਹਾਣੀ ॥ ਆਪੇ ਜੋਗੀ ਆਪੇ ਭੋਗੀ, ਆਪੇ ਸੰਨਿਆਸੀ ਫਿਰੈ ਬਿਬਾਣੀ ॥ ਆਪੈ ਨਾਲਿ ਗੋਸਟਿ ਆਪਿ ਉਪਦੇਸੈ, ਆਪੇ ਸੁਘੜੁ ਸਰੂਪੁ ਸਿਆਣੀ ॥ ਆਪਣਾ ਚੋਜੁ ਕਰਿ ਵੇਖੈ ਆਪੇ, ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥ ਪ੍ਰਭੂ ਆਪੇ ਦੇਵਤਾ ਤੇ ਆਪੇ ਮਨੁੱਖ

ਰੂਪ ਹੈ, ਆਪੇ (ਦੇਵਤਿਆਂ ਦੇ) ਸੇਵਕ ਰੂਪ ਤੇ ਆਪੇ (ਦੇਵਤਿਆਂ ਦੇ) ਗਵੱਈਏ ਰੂਪ ਹੈ, ਆਪੇ ਛੇ ਸ਼ਾਸ਼ਤਰਾਂ ਦੀ ਰਚਨਾ ਹੈ; ਛੇ ਸ਼ਾਸ਼ਤ੍ਰਾਂ ਦੀ ਬਾਣੀ ਰੂਪ ਹੈ। ਪ੍ਰਭੂ ਆਪੇ ਸ਼ਿਵ, ਸ਼ੰਕਰ ਤੇ ਮਹੇਸ਼ ਰੂਪ ਹੈ, ਆਪੇ ਗੁਰੂ ਰੂਪ ਹੈ ਅਤੇ ਆਪੇ ਅਕੱਥ ਕਥਾ ਰੂਪ ਹੈ। ਆਪੇ ਪ੍ਰਭੂ ਜੋਗੀ ਰੂਪ ਹੈ, ਆਪੇ ਭੋਗੀ ਰੂਪ ਹੈ ਅਤੇ ਆਪੇ ਸੰਨਿਆਸੀ ਰੂਪ ਹੋ ਕੇ ਬੀਆਬਾਨ ਉਜਾੜ ਵਿਚ ਫਿਰਦਾ ਹੈ। ਆਪੇ ਅਪਣੇ ਨਾਲ ਚਰਚਾ ਕਰਦਾ ਹੈ, ਆਪੇ (ਗੁਰੂ ਰੂਪ ਹੋ ਕੇ ਗਿਆਨ ਦਾ) ਉਪਦੇਸ ਦੇਂਦਾ ਹੈ ਅਤੇ ਆਪੇ ਸੁਚੱਜਾ ਹੈ, ਸੁੰਦਰ ਸਰੂਪ ਤੇ ਸਿਆਣੀ ਮੱਤ ਵਾਲਾ ਹੈ। ਆਪੇ ਅਪਣਾ (ਸੰਸਾਰ ਰੂਪ) ਕੌਤਕ ਕਰਕੇ ਦੇਖਦਾ ਹੈ ਅਤੇ ਆਪੇ ਸਾਰੇ ਜੀਵਾਂ ਦਾ ਜਾਨਣਹਾਰ ਹੈ।੧੨।

ਪਦਾਰਥ = ਕਾਂਯਾਂ–ਸਰੀਰ। ਲਾਹਨਿ–ਮੱਟੀ (ਘੜਾ)। ਆਪੁ–ਅਪਣੇ ਆਪ ਦੀ ਸੋਝੀ (ਨਿਜ ਸਰੂਪ ਦਾ ਗਿਆਨ)। ਸਿਉ–ਨਾਲ। ਅੰਮ੍ਰਿਤ–ਅਮਰ ਕਰਨ ਵਾਲੀ। ਲਿਵ–ਧਿਆਨ।੩। ਪਉੜੀ। ਸੁਰਿ–ਦੇਵਤਾ। ਨਰ–ਮਨੁੱਖ। ਗਣ–ਦੇਵਤਿਆਂ ਦੇ ਸੇਵਕ। ਗੰਧਰਬਾ–ਦੇਵਤਿਆਂ ਦੇ ਗਵੱਈਏ। ਖਟ ਦਰਸਨ–ਛੇ ਸ਼ਾਸਤ੍ਰ। ਬਾਣੀ–ਰਚਨਾ। ਸਿਵ ਸੰਕਰ ਮਹੇਸਾ–ਸ਼ਿਵ ਜੀ ਦੇ ਨਾਮ। ਗੁਰਮੁਖਿ–ਗੁਰੂ। ਅਕਥ ਕਹਾਣੀ–ਨਾ ਕਥੇ ਜਾਣ ਵਾਲੀ ਕਥਾ। ਜੋਗੀ–ਜੋਗ ਸਾਧਨਾ ਕਰਨ ਵਾਲਾ ਮਨੁੱਖ। ਭੋਗੀ–ਭੋਗਾਂ ਦਾ ਅਨੰਦ ਮਾਨਣ ਵਾਲਾ ਗ੍ਰਿਹਸਤੀ। ਸੰਨਿਆਸੀ–ਗ੍ਰਿਸਤ ਦਾ ਤਿਆਗੀ ਸਾਧੂ। ਬਿਬਾਣੀ–ਸੁੰਨਾ ਜੰਗਲ (ਬੀਆਬਾਨ); ਰੇਗਿਸਤਾਨ। ਗੋਸਟਿ–ਚਰਚਾ। ਸੁਘੜੁ–ਸੁਚੱਜਾ। ਸਰੂਪੁ–ਸੁੰਦਰ ਰੂਪ ਵਾਲਾ। ਸਿਆਣੀ–ਸਿਆਣੀ ਮੱਤ ਵਾਲਾ। ਚੋਜੁ–ਕੌਤਕ। ਜਾਣੀ–ਜਾਨਣ ਵਾਲਾ।੧੨।

ਸਲੋਕੁ ਮਃ ੩ ॥ ਏਹਾ ਸੰਧਿਆ ਪਰਵਾਣੁ ਹੈ, ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥ ਹਰਿ ਸਿਉ ਪ੍ਰੀਤਿ ਊਪਜੈ, ਮਾਇਆ ਮੋਹੁ ਜਲਾਵੈ ॥ ਗੁਰ ਪਰਸਾਦੀ ਦੁਬਿਧਾ ਮਰੈ, ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥ ਨਾਨਕ ਸੰਧਿਆ ਕਰੈ ਮਨਮੁਖੀ, ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥ ਇਹੋ ਸੰਧਿਆ ਪ੍ਰਵਾਨ ਹੈ, ਜਿਸ ਦੇ ਕਰਨ ਨਾਲ ਮੇਰਾ ਹਰੀ ਪ੍ਰਭੂ ਚਿਤ ਆਵੇ। ਅਤੇ ਹਰੀ ਨਾਲ ਪ੍ਰੇਮ ਪੈਦਾ ਹੋ ਜਾਵੇ ਤੇ ਮਾਇਆ ਦਾ ਮੋਹ ਜਲਾ ਦੇਵੇ।(ਜਿਸ ਮਨੁੱਖ ਦੀ) ਗੁਰੂ ਦੀ ਕ੍ਰਿਪਾ ਨਾਲ ਦੁਬਿਧਾ ਮਰ ਜਾਂਦੀ ਹੈ ਤੇ ਮਨ ਟਿਕ ਜਾਂਦਾ ਹੈ, (ਉਹ ਇਸ ਤਰ੍ਹਾਂ ਦੀ) ਸੰਧਿਆ ਦਾ ਵਿਚਾਰ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮਨਮੁਖ ਸੰਧਿਆ ਤਾਂ ਕਰਦਾ ਹੈ, (ਪਰ ਉਸ ਦਾ) ਮਨ ਨਹੀਂ ਟਿਕਦਾ, (ਇਸ ਕਰਕੇ ਉਹ) ਮਰਦਾ ਜੰਮਦਾ ਤੇ ਖੁਆਰ ਹੁੰਦਾ ਰਹਿੰਦਾ ਹੈ।੧।

ਮਃ ੩ ॥ ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ, ਮੇਰੀ ਪਿਆਸ ਨ ਜਾਇ ॥ ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ, ਪਿਰੁ ਪਾਇਆ ਘਰਿ ਆਇ ॥੨॥ ਮੈਂ ਪਿਆਰਾ ਪ੍ਰਭੂ ,ਪਿਆਰਾ ਪ੍ਰਭੂ ਕਰਦੀ ਸਾਰਾ ਜਗਤ ਫਿਰੀ ਹਾਂ, (ਪਰ ਪ੍ਰਭੂ ਪ੍ਰਾਪਤੀ ਦੀ) ਮੇਰੀ ਪਿਆਸ ਜਾਂਦੀ (ਬੁਝਦੀ) ਨਹੀਂ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੇ ਮਿਲਣ ਨਾਲ ਮੇਰੀ ਪਿਆਸ ਦੂਰ ਹੋ ਗਈ ਹੈ, (ਕਿਉਂਕਿ ਗੁਰੂ ਦੀ ਕ੍ਰਿਪਾ ਨਾਲ ਮੈਂ) ਹਿਰਦੇ ਘਰ ਵਿਚ ਆ (ਅੰਤਰ ਮੁਖੀ ਹੋ) ਕੇ ਪਤੀ ਪ੍ਰਭੂ ਨੂੰ ਪਾ ਲਿਆ ਹੈ।੨।

ਪਦਾਰਥ = ਸੰਧਿਆ–(ਸ਼ਾਸਤ੍ਰਾਂ ਅਨੁਸਾਰ ਸਵੇਰੇ, ਦੁਪਹਿਰ ਤੇ ਸ਼ਾਮ ਵੇਲੇ ਕੀਤੇ ਜਾਣ ਵਾਲਾ) ਪਾਠ ਪੂਜਾ। ਹਰਿ ਸਿਉ–ਹਰੀ ਨਾਲ। ਜਲਾਵੈ–ਸਾੜ ਦੇਵੇ। ਦੁਬਿਧਾ–ਦੁਚਿੱਤਾ ਪਣ। ਅਸਥਿਰੁ–ਟਿਕ ਜਾਂਦਾ ਹੈ। ਜੀਉ–ਮਨ।੧। ਪ੍ਰਿਉ ਪ੍ਰਿਉ–ਪਿਆਰਾ ਪਿਆਰਾ; ਪਤੀ ਪਤੀ। ਫਿਰੀ–ਘੁੰਮ ਲਈ। ਘਰਿ ਆਇ–ਹਿਰਦੇ ਘਰ ਵਿਚ ਆ (ਅੰਤਰ ਮੁਖੀ ਹੋ) ਕੇ।੨।

ਪਉੜੀ ॥ ਆਪੇ ਤੰਤੁ ਪਰਮ ਤੰਤੁ ਸਭੁ ਆਪੇ, ਆਪੇ ਠਾਕੁਰੁ ਦਾਸੁ ਭਇਆ ॥ ਆਪੇ ਦਸ ਅਠ ਵਰਨ ਉਪਾਇਅਨੁ ,ਆਪਿ ਬ੍ਰਹਮੁ ਆਪਿ ਰਾਜੁ ਲਇਆ ॥ ਆਪੇ ਮਾਰੇ ਆਪੇ ਛੋਡੈ, ਆਪੇ ਬਖਸੇ ਕਰੇ ਦਇਆ ॥ ਆਪਿ ਅਭੁਲੁ ਨ ਭੁਲੈ ਕਬਹੀ, ਸਭੁ ਸਚੁ ਤਪਾਵਸੁ ਸਚੁ ਥਿਆ ॥ ਆਪੇ ਜਿਨਾ ਬੁਝਾਏ ਗੁਰਮੁਖਿ, ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥ ਪ੍ਰਭੂ ਆਪ ਹੀ ਤੱਤ (ਜੀਵ ਰੂਪ) ਹੈ, ਆਪੇ ਸਭ (ਤੱਤਾਂ ਦਾ) ਪਰਮ ਤੱਤ (ਪ੍ਰਮਾਤਮਾ ਰੂਪ) ਹੈ ਅਤੇ ਆਪੇ ਮਾਲਕ ਹੈ ਤੇ ਆਪੇ ਸੇਵਕ ਹੋਇਆ ਹੈ। ਉਸ ਨੇ ਆਪੇ ਅਠਾਰਾਂ ਵਰਨ ਪੈਦਾ ਕੀਤੇ ਹਨ, ਆਪ ਹੀ ਬ੍ਰਹਮ ਹੈ ਤੇ ਆਪ ਹੀ (ਸਾਰੀ ਸ੍ਰਿਸਟੀ ਦਾ) ਰਾਜ ਲਿਆ ਹੋਇਆ ਹੈ (ਸਭ ਉਤੇ ਰਾਜ ਕਰ ਰਿਹਾ ਹੈ)। ਪ੍ਰਭੂ ਆਪ ਹੀ (ਕਾਲ ਰੂਪ ਹੋ ਕੇ ਜੀਵਾਂ ਨੂੰ) ਮਾਰਦਾ ਹੈ ਤੇ ਆਪੇ ਛਡ (ਜੀਵਾਂ ਨੂੰ ਮੁਕਤ ਕਰ) ਦਿੰਦਾ ਹੈ ਅਤੇ ਆਪੇ ਦਇਆ ਕਰਕੇ (ਜੀਵਾਂ ਦੀਆਂ ਭੁੱਲਾਂ) ਬਖਸ਼ ਦਿੰਦਾ ਹੈ।(ਪਰ ਉਹ) ਆਪ ਅਭੁੱਲ ਹੈ, ਕਦੇ ਭੁੱਲਦਾ ਨਹੀਂ, (ਉਸ ਦਾ) ਸਾਰਾ ਨਿਆਂ ਸੱਚਾ ਹੈ ਅਤੇ (ਉਹ ਜੋ ਕਰਦਾ ਹੈ) ਸੱਚ ਹੀ ਹੁੰਦਾ ਹੈ। ਜਿਨ੍ਹਾਂ ਪੁਰਖਾਂ ਨੂੰ ਗੁਰੂ ਦੁਆਰਾ ਉਹ ਆਪੇ ਸਮਝਾਉਂਦਾ (ਬ੍ਰਹਮ ਗਿਆਨ ਦੇਂਦਾ) ਹੈ, ਉਨ੍ਹਾਂ ਦੇ ਹਿਰਦੇ ਅੰਦਰੋਂ ਦੁਐਤ ਭਾਵ ਤੇ ਭਰਮ ਦੂਰ ਹੋ ਗਿਆ ਹੈ।੧੩।

ਪਦਾਰਥ = ਤੰਤੁ–ਜੀਵਾਤਮਾ। ਪਰਮ ਤੰਤੁ–ਪ੍ਰਮਾਤਮਾ। ਠਾਕੁਰੁ–ਮਾਲਕ। ਭਇਆ–ਹੋਇਆ। ਉਪਾਇਅਨੁ–ਪੈਦਾ ਕੀਤੇ ਹਨ ਉਸ ਨੇ । ਅਭੁਲੁ–ਭੁੱਲਣ ਰਹਿਤ। ਕਬ ਹੀ–ਕਦੇ ਵੀ। ਤਪਾਵਸੁ–ਨਿਆਂ। ਥਿਆ–ਹੁੰਦਾ ਹੈ। ਦੂਜਾ–ਦੁਐਤ ਭਾਵ।੧੩।

ਦਸ ਅਠ ਵਰਨ = ੧੮ ਵਰਨ (ਹਿੰਦੂ ਮੱਤ ਦੀਆਂ ਸਿਮ੍ਰਿਤੀਆਂ ਅਨੁਸਾਰ = ਬ੍ਰਹਮਣ, ਖਤ੍ਰੀ, ਵੈਸ਼ ਤੇ ਸ਼ੂਦਰ ਚਾਰ ਸ਼ੁੱਧ ਵਰਨ ਹਨ। ਬ੍ਰਾਹਮਣ ਦੀ ਉਲਾਦ ਛਤ੍ਰਾਣੀ ਤੋਂ, ਵੈਸ਼ਣੀ ਤੋਂ ਤੇ ਸ਼ੂਦਰਨੀ ਤੋਂ, ਛਤ੍ਰੀ ਦੀ ਉਲਾਦ ਵੈਸ਼ਣੀ ਤੋਂ, ਸ਼ੂਦ੍ਰਾਂ ਤੋਂ ਵੈਸ਼ਣੀ ਦੀ ਉਲਾਦ, ਇਹ ਛੇ ਵਰਨ ਅਨੁਲੋਮਜ ਕਹੇ ਜਾਂਦੇ ਹਨ। ਵੈਸ਼ਣੀ ਤੋਂ ਸੂਦ੍ਰ ਦੀ ਉਲਾਦ, ਛਤ੍ਰਾਣੀ ਤੋਂ ਸ਼ੂਦ੍ਰ ਦੀ ਸੰਤਾਨ, ਬ੍ਰਾਹਮਣੀ ਤੋਂ ਸ਼ੂਦ੍ਰ ਦੀ ਉਲਾਦ, ਛਤ੍ਰਾਣੀ ਤੋਂ ਵੈਸ਼ ਦੀ ਉਲਾਦ, ਬ੍ਰਾਹਮਣੀ ਤੋਂ ਛਤ੍ਰੀ ਦੀ ਸੰਤਾਨ ਇਹ ਛੇ ਪ੍ਰਤੀਲੋਮਜ ਕਹੀਦੇ ਹਨ। ਬਿਨਾ ਵਿਆਹੀ ਕੰਨਿਆ ਦੇ ਗਰਭ ਤੋਂ ਪੈਦਾ ਹੋਈ ਸੰਤਾਨ ਕਾਨੀਨ ਤੇ ਅੰਤਜ ਕਹੇ ਜਾਂਦੇ ਹਨ (ਮ.ਕੋ.)।

ਸਲੋਕੁ ਮਃ ੫ ॥ ਹਰਿ ਨਾਮੁ ਨ ਸਿਮਰਹਿ ਸਾਧ ਸੰਗਿ, ਤੈ ਤਨਿ ਉਡੈ ਖੇਹ ॥ ਜਿਨਿ ਕੀਤੀ ਤਿਸੈ ਨ ਜਾਣਈ, ਨਾਨਕ ਫਿਟੁ ਅਲੂਣੀ ਦੇਹ ॥੧॥ (ਜੋ ਮਨੁੱਖ) ਸਾਧ ਸੰਗਤ ਵਿਚ (ਮਿਲ ਕੇ) ਹਰੀ ਦਾ ਨਾਮ ਨਹੀਂ ਸਿਮਰਦੇ, ਉਨ੍ਹਾਂ ਦੇ ਸਰੀਰ ਉਤੇ ਖੇਹ ਉਡਦੀ (ਲਾਹਣਤਾਂ ਰੂਪ ਮਿੱਟੀ ਪੈਂਦੀ) ਹੈ; ਉਹ ਸਰੀਰ ਖੇਹ ਵਾਂਗ ਉਡ ਜਾਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਪ੍ਰਭੂ ਨੇ (ਇਹ ਦੇਹ ਪੈਦਾ) ਕੀਤੀ ਹੈ, ਉਸ ਨੂੰ (ਮਨੁੱਖ) ਜਾਣਦਾ ਨਹੀਂ, (ਇਸ ਕਰਕੇ ਉਸ ਦੀ) ਬੇ ਸੁਆਦੀ (ਨਾਮ ਰਸ ਤੋਂ ਖਾਲੀ) ਦੇਹ ਨੂੰ ਫਿਟਕਾਰ ਹੈ।੧।

ਅੰਗ ੫੫੪ = ਮਃ ੫ ॥ ਘਟਿ ਵਸਹਿ ਚਰਣਾਰਬਿੰਦ, ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ, ਤਿਸੁ ਦੇਹੀ ਕਉ ਪਾਲਿ ॥੨॥ (ਜਿਸ ਮਨੁੱਖ ਦੇ) ਹਿਰਦੇ ਵਿਚ ਪ੍ਰਭੂ ਦੇ ਪਵਿਤ੍ਰ ਚਰਨ ਕਮਲ ਵਸਦੇ ਹੋਣ ਅਤੇ ਜੀਭ ਪ੍ਰਭੂ ਦੇ ਨਾਮ ਨੂੰ ਜਪਦੀ ਹੋਵੇ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦੇਹ ਨੂੰ ਪਾਲ, (ਜਿਸ ਦੇਹ ਦੁਆਰਾ) ਉਹ ਪ੍ਰਭੂ ਸਿਮਰਿਆ ਜਾਂਦਾ ਹੈ।੨।

ਪਦਾਰਥ = ਤੈ ਤਨਿ–ਉਨ੍ਹਾਂ ਦੇ ਸਰੀਰ ਉਤੇ। ਖੇਹ–ਮਿੱਟੀ; ਸੁਆਹ। ਜਿਨਿ–ਜਿਸ ਨੇ। ਕੀਤੀ–ਪੈਦਾ ਕੀਤੀ। ਫਿਟੁ–ਫਿਟਕਾਰ। ਅਲੂਣੀ–ਬੇਸੁਆਦੀ; ਫਿੱਕੀ (ਨਾਮ ਰਸ ਜਾਂ ਪ੍ਰੇਮ ਰਸ ਤੋਂ ਰਹਿਤ)। ਦੇਹ–ਸਰੀਰ।੧। ਘਟਿ–ਹਿਰਦੇ ਵਿਚ। ਚਰਣਾਰਬਿੰਦ–(ਚਰਣ+ ਅਰਬਿੰਦ) ਚਰਨ ਕਮਲ। ਰਸਨਾ–ਜੀਭ। ਗੁਪਾਲ–ਪ੍ਰਿਥਵੀ ਪਾਲਕ ਪ੍ਰਭੂ। ਸੋ–ਉਹ। ਕਉ–ਨੂੰ। ਪਾਲਿ–ਪਾਲਣਾ ਪੋਸਣਾ ਕਰ।੨।

ਪਉੜੀ ॥ ਆਪੇ ਅਠਸਠਿ ਤੀਰਥ ਕਰਤਾ, ਆਪਿ ਕਰੇ ਇਸਨਾਨੁ ॥ ਆਪੇ ਸੰਜਮਿ ਵਰਤੈ ਸ੍ਵਾਮੀ, ਆਪਿ ਜਪਾਇਹਿ ਨਾਮੁ ॥ ਆਪਿ ਦਇਆਲੁ ਹੋਇ ਭਉ ਖੰਡਨੁ ,ਆਪਿ ਕਰੈ ਸਭੁ ਦਾਨੁ ॥ ਜਿਸ ਨੋ ਗੁਰਮੁਖਿ ਆਪਿ ਬੁਝਾਏ, ਸੋ ਸਦ ਹੀ ਦਰਗਹਿ ਪਾਏ ਮਾਨੁ ॥ ਜਿਸ ਦੀ ਪੈਜ ਰਖੈ ਹਰਿ ਸੁਆਮੀ, ਸੋ ਸਚਾ ਹਰਿ ਜਾਨੁ ॥੧੪॥ ਕਰਤਾਰ ਆਪੇ ਅਠਾਹਠ ਤੀਰਥ ਰੂਪ ਹੈ ਅਤੇ ਆਪੇ (ਯਾਤਰੂ ਹੋ ਕੇ ਤੀਰਥਾਂ ਤੇ) ਇਸ਼ਨਾਨ ਕਰਦਾ ਹੈ। ਮਾਲਕ ਪ੍ਰਭੂ ਆਪੇ ਸੰਜਮ ਵਿਚ ਵਰਤਦਾ ਹੈ ਅਤੇ ਆਪੇ (ਗੁਰੂ ਰੂਪ ਹੋ ਕੇ) ਨਾਮ ਜਪਾਉਂਦਾ ਹੈ। ਆਪੇ ਦਿਆਲੂ ਹੋ ਕੇ (ਹਰ ਪ੍ਰਕਾਰ ਦਾ) ਡਰ ਨਾਸ਼ ਕਰਨ ਵਾਲਾ ਹੈ ਅਤੇ ਆਪੇ ਸਭ (ਜੀਵਾਂ) ਨੂੰ ਦਾਨ ਕਰਦਾ ਹੈ। ਜਿਸ ਮਨੁੱਖ ਨੂੰ (ਪ੍ਰਭੂ) ਆਪੇ ਗੁਰੂ ਦੁਆਰਾ ਬੁਝਾ (ਗਿਆਨ) ਦੇਂਦਾ ਹੈ, ਉਹ ਸਦਾ ਹੀ ਰੱਬ ਦੀ ਦਰਗਾਹ ਵਿਚ ਆਦਰ ਪਾਉਂਦਾ ਹੈ। ਹਰੀ ਮਾਲਕ ਜਿਸ (ਮਨੁੱਖ) ਦੀ ਲਾਜ ਰਖਦਾ ਹੈ, ਉਹ ਹਰੀ ਦਾ ਸੱਚਾ ਸੇਵਕ ਹੈ; ਉਹ ਸੱਚੇ ਹਰੀ ਨੂੰ ਜਾਣ ਲੈਂਦਾ ਹੈ।੧੪।

ਪਦਾਰਥ = ਅਠਸਠਿ–ਅਠਾਹਠ। ਸੰਜਮਿ–ਪ੍ਰਹੇਜ ਨਾਲ। ਭਉ ਖੰਡਨੁ–ਡਰ ਨਾਸ਼ ਕਰਨ ਵਾਲਾ। ਗੁਰਮੁਖਿ–ਗੁਰੂ ਦੁਆਰਾ। ਬੁਝਾਏ– ਗਿਆਨ ਬਖਸਦਾ ਹੈ। ਸੋ–ਉਹ। ਸਦ ਹੀ–ਸਦਾ ਹੀ। ਮਾਨੁ–ਆਦਰ। ਪੈਜ–ਇੱਜਤ। ਜਾਨੁ–(ਜਨ) ਸੇਵਕ; ਜਾਣ ਲੈਂਦਾ ਹੈ।੧੪।

ਸਲੋਕੁ ਮਃ ੩ ॥ ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ, ਅੰਧੇ ਕਰਮ ਕਮਾਇ ॥ ਸਬਦੈ ਸਿਉ ਚਿਤੁ ਨ ਲਾਵਈ, ਜਿਤੁ ਸੁਖੁ ਵਸੈ ਮਨਿ ਆਇ ॥ ਤਾਮਸਿ ਲਗਾ ਸਦਾ ਫਿਰੈ, ਅਹਿਨਿਸਿ ਜਲਤੁ ਬਿਹਾਇ ॥ ਜੋ ਤਿਸੁ ਭਾਵੈ ਸੋ ਥੀਐ, ਕਹਣਾ ਕਿਛੂ ਨ ਜਾਇ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਨੂੰ ਮਿਲੇ ਬਿਨਾ ਜਗਤ ਅੰਨ੍ਹਾਂ (ਅਗਿਆਨੀ) ਹੈ ਅਤੇ ਅੰਨ੍ਹੇ (ਅਗਿਆਨਤਾ ਵਾਲੇ) ਕਰਮ ਕਰਦਾ ਹੈ। (ਇਹ ਸਤਿਗੁਰੂ ਦੇ) ਸਬਦ ਨਾਲ ਅਪਣੇ ਚਿਤ ਨੂੰ ਨਹੀਂ ਜੋੜਦਾ, ਜਿਸ ਕਰਕੇ (ਇਸ ਦੇ) ਮਨ ਵਿਚ ਸੁਖ ਆ ਕੇ ਵਸ ਜਾਵੇ। (ਉਹ) ਸਦਾ ਤਮੋ ਗੁਣ ਵਿਚ ਲੱਗਾ ਫਿਰਦਾ ਹੈ ਤੇ ਦਿਨ ਰਾਤ (ਸਾਰੀ ਉਮਰ ਕ੍ਰੋਧ ਵਿਚ) ਸੜਦਿਆਂ ਹੀ ਗੁਜਾਰਦਾ ਹੈ। (ਪਰ) ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ, (ਇਸ ਲਈ) ਕੁਛ ਕਿਹਾ ਨਹੀਂ ਜਾ ਸਕਦਾ।੧।

ਮਃ ੩ ॥ ਸਤਿਗੁਰੂ ਫੁਰਮਾਇਆ, ਕਾਰੀ ਏਹ ਕਰੇਹੁ ॥ ਗੁਰੂ ਦੁਆਰੈ ਹੋਇ ਕੈ, ਸਾਹਿਬੁ ਸੰਮਾਲੇਹੁ ॥ ਸਾਹਿਬੁ ਸਦਾ ਹਜੂਰਿ ਹੈ, ਭਰਮੈ ਕੈ ਛਉੜ ਕਟਿ ਕੈ, ਅੰਤਰਿ ਜੋਤਿ ਧਰੇਹੁ ॥ ਹਰਿ ਕਾ ਨਾਮੁ ਅੰਮ੍ਰਿਤੁ ਹੈ, ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ,ਸੰਜਮੁ ਸਚਾ ਨੇਹੁ ॥ ਨਾਨਕ ਐਥੈ ਸੁਖੈ ਅੰਦਰਿ ਰਖਸੀ, ਅਗੈ ਹਰਿ ਸਿਉ ਕੇਲ ਕਰੇਹੁ ॥੨॥ (ਹੇ ਭਾਈ!) ਸਤਿਗੁਰੂ ਨੇ ਫੁਰਮਾਇਆ ਹੈ ਕਿ ਇਹ ਦਾਰੂ ਕਰੋ; ਇਹ ਕੰਮ ਕਰੋ। ਗੁਰੂ ਦੇ ਦਰ ਤੋਂ (ਸਨਮੁਖ) ਹੋ ਕੇ ਮਾਲਕ ਪ੍ਰਭੂ ਨੂੰ ਯਾਦ ਕਰੋ। ਮਾਲਕ ਪ੍ਰਭੂ ਸਦਾ (ਤੁਹਾਡੇ) ਅੰਗ ਸੰਗ ਹੈ, ਭਰਮ ਦਾ ਜਾਲਾ ਕੱਟ ਕੇ (ਉਸ ਦੀ) ਜੋਤ (ਅਪਣੇ) ਹਿਰਦੇ ਅੰਦਰ ਟਿਕਾ ਲਵੋ। ਹਰੀ ਦਾ ਨਾਮ ਅੰਮ੍ਰਿਤ ਹੈ, ਇਹ ਦਾਰੂ ਲਗਾ ਲਵੋ (ਵਰਤੋ)। ਸਤਿਗੁਰੂ ਦਾ ਭਾਣਾ ਅਪਣੇ ਚਿਤ ਵਿਚ ਰੱਖੋ ਅਤੇ ਸੱਚਾ ਪ੍ਰੇਮ ਰੂਪ ਰਹਿਣੀ ਰੱਖੋ;

(ਇਸ ਦਾਰੂ ਵਿਚ) ਸੱਚੇ ਹਰੀ ਦਾ ਪ੍ਰੇਮ ਪਥ ਪ੍ਰਹੇਜ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਸਤਿਗੁਰੂ) ਇਥੇ (ਇਸ ਸੰਸਾਰ ਵਿਚ ਤੁਹਾਨੂੰ) ਸੁਖ ਦੇ ਅੰਦਰ ਰੱਖੇਗਾ ਅਤੇ ਅੱਗੇ (ਪ੍ਰਲੋਕ ਵਿਚ ਵੀ ਤੁਸੀਂ) ਹਰੀ ਨਾਲ ਖੇਲ ਕਰੋਗੇ (ਅਨੰਦ ਮਾਣੋਗੇ)।੨।

ਪਦਾਰਥ = ਬਿਨੁ ਭੇਟੇ–ਬਿਨਾ ਮਿਲੇ। ਜਗੁ–ਜਗਤ। ਅੰਧੁ–ਅੰਨ੍ਹਾ (ਅਗਿਆਨੀ)। ਅੰਧੇ–ਅੰਨ੍ਹੇ (ਅਗਿਆਨਤਾ ਵਾਲੇ)। ਸਬਦੈ ਸਿਉ–ਸ਼ਬਦ ਨਾਲ। ਮਨਿ–ਮਨ ਵਿਚ। ਤਾਮਸਿ–ਤਮੋ ਗੁਣ ਵਿਚ। ਅਹਿ ਨਿਸਿ–ਦਿਨ ਰਾਤ। ਜਲਤੁ–ਜਲਦਿਆਂ। ਬਿਹਾਇ–ਗੁਜਾਰਦਾ ਹੈ। ਭਾਵੈ–ਚੰਗਾ ਲਗਦਾ ਹੈ। ਸੋ–ਉਹ। ਥੀਐ–ਹੁੰਦਾ ਹੈ।੧। ਕਾਰੀ–ਦਵਾਈ; ਕੰਮ। ਕਰੇਹੁ–ਕਰੋ। ਸਮਾਲੇਹੁ–ਯਾਦ ਕਰੋ। ਹਜੂਰਿ–ਅੰਗ ਸੰਗ। ਛਉੜ–(ਅੱਖਾਂ ਦੀ ਨਜਰ ਨੂੰ ਰੋਕਣ ਵਾਲਾ) ਜਾਲਾ। ਅੰਤਰਿ–ਹਿਰਦੇ ਅੰਦਰ। ਧਰੇਹੁ–ਟਿਕਾ ਲਵੋ। ਸੰਜਮੁ–ਰਹਿਣੀ; ਪਥ ਪ੍ਰਹੇਜ। ਨੇਹੁ–ਪ੍ਰੇਮ। ਐਥੈ–ਇਥੇ (ਇਸ ਸੰਸਾਰ ਵਿਚ)। ਅਗੈ–ਅੱਗੇ ਪ੍ਰਲੋਕ ਵਿਚ। ਕੇਲ ਕਰੇਹੁ–ਖੇਲ ਕਰੋਗੇ (ਅਨੰਦ ਮਾਣੋਗੇ)।੨।

ਪਉੜੀ ॥ ਆਪੇ ਭਾਰ ਅਠਾਰਹ ਬਣਸਪਤਿ, ਆਪੇ ਹੀ ਫਲ ਲਾਏ ॥ ਆਪੇ ਮਾਲੀ ਆਪਿ ਸਭੁ ਸਿੰਚੈ, ਆਪੇ ਹੀ ਮੁਹਿ ਪਾਏ ॥ ਆਪੇ ਕਰਤਾ ਆਪੇ ਭੁਗਤਾ, ਆਪੇ ਦੇਇ ਦਿਵਾਏ ॥ ਆਪੇ ਸਾਹਿਬੁ ਆਪੇ ਹੈ ਰਾਖਾ, ਆਪੇ ਰਹਿਆ ਸਮਾਏ ॥ ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ, ਜਿਸ ਨੋ ਤਿਲੁ ਨ ਤਮਾਏ ॥੧੫॥ ਪ੍ਰਭੂ ਆਪੇ ਅਠਾਰਾਂ ਭਾਰ (ਸਾਰੀ) ਬਨਸਪਤੀ ਰੂਪ ਹੈ ਅਤੇ ਆਪੇ (ਉਸ ਨੂੰ) ਫਲ ਲਾਉਂਦਾ ਹੈ। ਆਪੇ (ਬਨਸਪਤੀ ਨੂੰ ਸੰਭਾਲਣ ਵਾਲਾ) ਮਾਲੀ ਹੈ, ਆਪੇ ਸਾਰੀ (ਬਨਸਪਤੀ) ਨੂੰ ਚੇਤਨ ਸੱਤਾ ਰੂਪ ਪਾਣੀ ਨਾਲ ਸਿੰਜਦਾ ਹੈ ਅਤੇ ਆਪੇ (ਉਸ ਦੇ) ਫਲ ਮੂੰਹ ਵਿਚ ਪਾਉਂਦਾ ਹੈ। ਆਪੇ (ਸਾਰੀ ਬਨਸਪਤੀ ਦਾ) ਰਚਨਹਾਰ ਹੈ, ਆਪੇ ਭੋਗਣ (ਫਲ ਖਾਣ) ਵਾਲਾ ਹੈ ਅਤੇ ਆਪੇ ਦੇਂਦਾ ਹੈ ਤੇ ਆਪੇ (ਜਿਨ੍ਹਾਂ ਨੂੰ ਦੇਂਦਾ ਹੈ, ਅੱਗੇ ਉਨ੍ਹਾਂ ਤੋਂ ਹੋਰਨਾਂ ਨੂੰ) ਦਿਵਾਉਂਦਾ ਹੈ। ਆਪੇ (ਬਨਸਪਤੀ ਦਾ) ਮਾਲਕ ਹੈ ਤੇ ਆਪੇ (ਇਸ ਦੀ) ਰੱਖਿਆ ਕਰਨ ਵਾਲਾ ਹੈ ਅਤੇ ਆਪੇ ਸਾਰੀ (ਬਨਸਪਤੀ ਵਿਚ) ਵਿਚ ਸਮਾ ਰਿਹਾ ਹੈ। ਦਾਸ ਨਾਨਕ ਰਚਨਹਾਰ ਹਰੀ ਦੀ ਵਡਿਆਈ ਉਚਾਰਦਾ ਹੈ, ਜਿਸ ਨੂੰ ਤਿਲ ਜਿੰਨਾ ਵੀ ਕੋਈ ਲਾਲਚ ਨਹੀਂ।੧੫।

ਪਦਾਰਥ = ਭਾਰ ਅਠਾਰਹ–ਪੁਰਾਣਾ ਵਿਚਾਰ ਹੈ ਕਿ ਜੇ ਹਰ ਕਿਸਮ ਦੇ ਬ੍ਰਿਛ ਦਾ ਇਕ ਇਕ ਪੱਤਾ ਲਾਹ ਕੇ ਇਕੱਠਾ ਕੀਤਾ ਜਾਵੇ, ਤਾਂ ਕੁਲ ੧੮ ਭਾਰ ਹੋ ਜਾਂਦੇ ਹਨ (ਇਕ ਭਾਰ ੫ ਮਣ ਕੱਚੇ ਦਾ ਹੁੰਦਾ ਹੈ)। ਸਿੰਚੈ–ਪਾਣੀ ਦੇਂਦਾ ਹੈ। ਮੁਹਿ–ਮੂੰਹ ਵਿਚ। ਕਰਤਾ–ਰਚਨ ਹਾਰ। ਭੁਗਤਾ–ਖਾਣ ਵਾਲਾ (ਅਨੰਦ ਮਾਨਣ ਵਾਲਾ)। ਸਾਹਿਬੁ–ਮਾਲਕ। ਰਹਿਆ ਸਮਾਏ–ਵਿਆਪਕ ਹੋ ਰਿਹਾ ਹੈ। ਜਨੁ ਨਾਨਕ–ਦਾਸ ਨਾਨਕ। ਤਿਲੁ–ਤਿਲ ਮਾਤ੍ਰ (ਬਹੁਤ ਥੋੜੀ)। ਤਮਾਏ–ਲਾਲਚ।੧੫।

ਸਲੋਕ ਮਃ ੩ ॥ ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥ ਨਾਨਕ ਨਦਰੀ ਸਚੁ ਮਦੁ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ, ਮਹਲੀ ਪਾਵੈ ਥਾਉ ॥੧॥ (ਸ਼ਰਾਬ ਖਾਨੇ ਵਿਚ ਸ਼ਰਾਬ ਦਾ) ਭਰਿਆ ਭਾਂਡਾ ਇਕ ਮਨੁੱਖ (ਸ਼ਰਾਬ ਵੇਚਣ ਲਈ) ਲੈ ਆਇਆ ਤੇ ਦੂਜਾ ਮਨੁੱਖ ਆਇਆ (ਤਾਂ ਉਸ ਨੇ ਪੀਣ ਲਈ ਸ਼ਰਾਬ ਦਾ) ਪਿਆਲਾ ਭਰ ਲਿਆ। ਜਿਸ ਸ਼ਰਾਬ ਦੇ ਪੀਣ ਨਾਲ ਮੱਤ ਦੂਰ ਹੋ ਜਾਂਦੀ ਹੈ ਅਤੇ ਪਾਗਲਪੁਣਾ (ਪੀਣ ਵਾਲੇ ਮਨੁੱਖ) ਵਿਚ ਆ ਪੈਂਦਾ ਹੈ। (ਸ਼ਰਾਬ ਪੀ ਕੇ ਮਨੁੱਖ) ਆਪਣਾ ਪਰਾਇਆ ਨਹੀਂ ਪਛਾਣ ਸਕਦਾ ਅਤੇ ਮਾਲਕ ਪ੍ਰਭੂ ਵੱਲੋਂ ਵੀ ਧੱਕੇ ਖਾਂਦਾ ਹੈ। (ਫਿਰ) ਜਿਸ ਸ਼ਰਾਬ ਦੇ ਪੀਣ ਨਾਲ ਖਸਮ ਭੁੱਲ ਜਾਂਦਾ ਹੈ ਅਤੇ (ਮਨੁੱਖ ਨੂੰ ਰੱਬ ਦੀ) ਦਰਗਾਹ ਵਿਚ ਵੀ ਸਜਾ ਮਿਲਦੀ ਹੈ। ਜਿਥੋਂ ਤਕ ਵਸ ਚੱਲੇ, (ਇਹੋ ਜਿਹਾ) ਝੂਠਾ ਮਦ ਕਦੇ ਨਹੀਂ ਪੀਣਾ ਚਾਹੀਦਾ। (ਅੱਗੇ ਸੱਚਾ ਨਸ਼ਾ ਦਸਦੇ ਹਨ) ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਸਤਿਗੁਰੂ ਆ ਮਿਲਦਾ ਹੈ, (ਉਸ ਨੂੰ ਗੁਰੂ ਦੀ) ਮੇਹਰ ਭਰੀ ਨਜਰ ਨਾਲ ਸੱਚਾ ਨਸ਼ਾ ਪ੍ਰਾਪਤ ਹੁੰਦਾ ਹੈ। (ਫਿਰ ਉਹ ਮਨੁੱਖ ਸੱਚੇ ਨਾਮ ਦਾ ਨਸ਼ਾ ਪੀ ਕੇ) ਸਦਾ ਮਾਲਕ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ ਅਤੇ (ਪ੍ਰਭੂ ਦੇ) ਮਹਿਲ ਵਿਚ ਟਿਕਾਣਾ ਪਾ ਲੈਂਦਾ ਹੈ।੧।

ਮਃ ੩ ॥ ਇਹੁ ਜਗਤੁ ਜੀਵਤੁ ਮਰੈ, ਜਾ ਇਸਨੋ ਸੋਝੀ ਹੋਇ ॥ ਜਾ ਤਿਨ੍ਹਿ ਸਵਾਲਿਆ ਤਾ ਸਵਿ ਰਹਿਆ, ਜਗਾਏ ਤਾ ਸੁਧਿ ਹੋਇ ॥ ਨਾਨਕ ਨਦਰਿ ਕਰੇ ਜੇ ਆਪਣੀ, ਸਤਿਗੁਰੁ ਮੇਲੈ ਸੋਇ ॥ ਗੁਰ ਪ੍ਰਸਾਦਿ ਜੀਵਤੁ ਮਰੈ, ਤਾ ਫਿਰਿ ਮਰਣੁ ਨ ਹੋਇ ॥੨॥ ਇਹ ਜਗਤ (ਸੰਸਾਰੀ ਜੀਵ) ਜੀਵਤ ਭਾਵ ਤੋਂ ਉਦੋਂ ਮਰਦਾ ਹੈ, ਜਦ ਇਸ ਨੂੰ ਸੋਝੀ (ਪ੍ਰਭੂ ਦੀ ਸਮਝ ਪ੍ਰਾਪਤ) ਹੁੰਦੀ ਹੈ। ਜਦ (ਇਸ ਨੂੰ) ਉਸ ਪ੍ਰਭੂ ਨੇ ਸੁਲਾਇਆ ਹੈ ਤਾਂ ਹੀ (ਅਗਿਆਨਤਾ ਦੀ ਨੀਂਦ ਵਿਚ) ਸੌਂ ਰਿਹਾ ਹੈ, (ਜੇ ਪ੍ਰਭੂ ਇਸ ਸੁੱਤੇ ਪਏ ਜਗਤ ਨੂੰ ਗਿਆਨ ਅਵਸਥਾ ਵਿਚ) ਜਗਾਵੇ ਤਾਂ ਹੋਸ਼ ਪ੍ਰਾਪਤ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ (ਪ੍ਰਭੂ) ਅਪਣੀ ਮੇਹਰ ਦੀ ਨਜਰ ਕਰੇ ਤਾਂ

ਉਹ (ਪ੍ਰਭੂ ਜਗਤ ਨੂੰ) ਸਤਿਗੁਰੂ ਮਿਲਾ ਦਿੰਦਾ ਹੈ।(ਜਦ ਨਾਮ ਜਪ ਕੇ ਇਹ ਜਗਤ) ਗੁਰੂ ਦੀ ਕ੍ਰਿਪਾ ਨਾਲ ਜੀਵਤ ਭਾਵ ਤੋਂ ਮਰਦਾ ਹੈ ਤਾਂ ਮੁੜ ਕੇ (ਇਸ ਨੂੰ) ਮੌਤ ਨਹੀਂ ਹੁੰਦੀ (ਮੁਕਤ ਹੋ ਜਾਂਦਾ ਹੈ)।੨।

ਪਦਾਰਥ = ਮਾਣਸੁ–ਮਨੁੱਖ।ਭਰਿਆ–ਭਰਿਆ ਹੋਇਆ।ਆਣਿਆ–ਲੈ ਆਇਆ।ਜਿਤੁ ਪੀਤੈ–ਜਿਸ ਨੂੰ ਪੀਣ ਨਾਲ।ਮਤਿ–ਅਕਲ।ਬਰਲੁ–ਪਾਗਲ ਪੁਣਾ।ਖਸਮਹੁ–ਮਾਲਕ ਵੱਲੋਂ।ਮਦੁ–ਨਸ਼ਾ।ਮੂਲਿ–ਕਦੇ ਵੀ।ਨ ਪੀਚਈ–ਨਹੀਂ ਪੀਣਾ ਚਾਹੀਦਾ।ਜੇ ਕਾ–ਜਿਥੋਂ ਤਕ।ਪਾਰਿ ਵਸਾਇ–ਵਸ ਚੱਲੇ।ਨਦਰੀ–ਮੇਹਰ ਦੀ ਨਜਰ ਨਾਲ।ਰੰਗਿ ਰਹੈ–ਪ੍ਰੇਮ ਰੰਗ ਵਿਚ ਰਹਿੰਦਾ ਹੈ।ਮਹਲੀ–(ਪ੍ਰਭੂ ਦੇ) ਮਹਿਲਾਂ ਵਿਚ।੧।ਜਾ–ਜਦ।ਸੋਝੀ–ਸਮਝ (ਗਿਆਨ)।ਤਿਨਿ–ਉਸ ਪ੍ਰਭੂ ਨੇ।ਸਵਾਲਿਆ–ਸੁਲਾਇਆ ਹੈ।ਤਾ–ਤਾਂ।ਸਵਿ ਰਹਿਆ–ਸੌਂ ਰਿਹਾ ਹੈ।ਸੁਧਿ–ਹੋਸ਼; ਸਮਝ।ਸੋਇ–ਉਹ (ਪ੍ਰਭੂ)।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਫਿਰਿ–ਮੁੜ ਦੁਬਾਰਾ।ਮਰਣੁ–ਮੌਤ।੨।

ਪਉੜੀ ॥ ਜਿਸ ਦਾ ਕੀਤਾ ਸਭੁ ਕਿਛੁ ਹੋਵੈ, ਤਿਸ ਨੋ ਪਰਵਾਹ ਨਹੀ ਕਿਸੈ ਕੇਰੀ ॥ ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ, ਸਭ ਮੁਹਤਾਜੀ ਕਢੈ ਤੇਰੀ ॥ ਜਿਸ ਪ੍ਰਭੂ ਦਾ ਕੀਤਾ ਸਭ ਕੁਛ ਹੁੰਦਾ ਹੈ, ਉਸ ਪ੍ਰਭੂ ਨੂੰ ਕਿਸੇ (ਹੋਰ ਦੂਜੇ) ਦੀ ਪ੍ਰਵਾਹ ਨਹੀਂ।ਹੇ ਹਰਿ ਜੀ! ਤੇਰਾ ਦਿਤਾ ਦਾਨ ਸਭ ਕੋਈ ਖਾਂਦਾ ਹੈ ਅਤੇ ਸਾਰੇ ਤੇਰੀ ਮੁਹਤਾਜੀ ਕਢਦੇ ਹਨ (ਖੁਸ਼ਾਮਦ ਕਰਦੇ ਹਨ)।

ਅੰਗ ੫੫੫ = ਜਿ ਤੁਧਨੋ ਸਾਲਾਹੇ ਸੁ ਸਭੁ ਕਿਛੁ ਪਾਵੈ, ਜਿਸ ਨੋ ਕਿਰਪਾ ਨਿਰੰਜਨ ਕੇਰੀ ॥ ਸੋਈ ਸਾਹੁ ਸਚਾ ਵਣਜਾਰਾ, ਜਿਨਿ ਵਖਰੁ ਲਦਿਆ ਹਰਿ ਨਾਮੁ ਧਨੁ ਤੇਰੀ ॥ ਸਭਿ ਤਿਸੈ ਨੋ ਸਾਲਾਹਿਹੁ ਸੰਤਹੁ ,ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ ॥੧੬॥ ਜਿਹੜਾ (ਮਨੁੱਖ) ਤੈਨੂੰ ਸਲਾਹੁੰਦਾ ਹੈ, ਉਹ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ, (ਪਰ ਸਲਾਹੁੰਦਾ ਉਹ ਹੈ) ਜਿਸ ਉਤੇ ਮਾਇਆ ਰਹਿਤ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ।ਉਹ ਮਨੁੱਖ ਹੀ ਸੱਚਾ ਸ਼ਾਹ ਹੈ ਤੇ ਸੱਚਾ ਵਣਜਾਰਾ ਹੈ, ਜਿਸ ਨੇ ਹਰੀ ਨਾਮ ਰੂਪ ਧਨ ਤੇ ਸੌਦਾ ਲੱਦਿਆ ਹੈ (ਹਿਰਦੇ ਵਿਚ ਧਾਰ ਲਿਆ ਹੈ)।ਹੇ ਸੰਤ ਜਨੋਂ! (ਤੁਸੀਂ) ਸਾਰੇ ਉਸੇ ਪ੍ਰਭੂ ਨੂੰ ਸਲਾਹੁਣਾ ਕਰੋ, ਜਿਸ ਨੇ ਦੁਐਤ ਭਾਵ ਦੀ ਢੇਰੀ ਢਾਹ ਕੇ ਦੂਰ ਕਰ ਦਿਤੀ ਹੈ।੧੬।

ਪਦਾਰਥ = ਕਿਸੈ ਕੇਰੀ–ਕਿਸੇ ਦੀ।ਸਭੁ ਕੋ–ਸਭ ਕੋਈ।ਮੁਹਤਾਜੀ ਕਢੈ–ਖੁਸ਼ਾਮਦ ਕਰਦੇ ਹਨ।ਜਿ–ਜਿਹੜਾ।ਤੁਧੁ ਨੋ–ਤੈਨੂੰ।ਸੁ–ਉਹ।ਨਿਰੰਜਨ–ਮਾਇਆ ਰਹਿਤ ਪ੍ਰਭੂ।ਸੋਈ–ਉਹ ਹੀ।ਸਾਹੁ–ਸ਼ਾਹੂਕਾਰ।ਵਣਜਾਰਾ–ਵਪਾਰੀ।ਵਖਰੁ–ਸੌਦਾ।ਤਿਸੈ ਨੋ–ਉਸੇ ਨੂੰ।ਦੂਜੇ ਭਾਵ ਕੀ–ਹਰੀ ਨੂੰ ਛਡ ਕੇ ਦੂਜੇ ਦੇ ਪਿਆਰ ਦੀ।ਮਾਰਿ–ਮਾਰ (ਢਾਹ) ਕੇ।ਵਿਡਾਰੀ–ਦੂਰ ਕਰ ਦਿਤੀ।੧੬।

ਸਲੋਕ ॥ ਕਬੀਰਾ ਮਰਤਾ ਮਰਤਾ ਜਗੁ ਮੁਆ, ਮਰਿ ਭਿ ਨ ਜਾਨੈ ਕੋਇ ॥ ਐਸੀ ਮਰਨੀ ਜੋ ਮਰੈ, ਬਹੁਰਿ ਨ ਮਰਨਾ ਹੋਇ ॥੧॥ ਕਬੀਰ ਜੀ ਕਹਿੰਦੇ ਹਨ ਕਿ ਮਰਦਾ ਮਰਦਾ ਸਾਰਾ ਜਗਤ ਮਰ ਗਿਆ ਹੈ, (ਪਰ ਜੀਵਤ ਭਾਵ ਤੋਂ) ਮਰਨਾ ਕੋਈ ਵੀ ਨਹੀਂ ਜਾਣਦਾ।ਐਸੀ (ਜੀਵਤ ਭਾਵ ਤੋਂ ਮਰਨ ਵਾਲੀ) ਮਰਨੀ ਜੋ ਮਨੁੱਖ ਮਰਦਾ ਹੈ, ਮੁੜ ਕੇ (ਉਸ ਦਾ ਦੁਬਾਰਾ) ਮਰਨਾ ਨਹੀਂ ਹੁੰਦਾ (ਉਹ ਅਮਰ ਹੋ ਜਾਂਦਾ ਹੈ)।੧। ਅੰਗ ੧੩੬੬ ਤੇ ਕਬੀਰ ਜੀ ਦੇ ਸਲੋਕਾਂ ਵਿਚ ਇਹ ੨੯ ਵਾਂ ਸਲੋਕ ਹੈ।

ਮਃ ੩ ॥ ਕਿਆ ਜਾਨਾ ਕਿਵ ਮਰਹਗੇ, ਕੈਸਾ ਮਰਣਾ ਹੋਇ ॥ ਜੇ ਕਰਿ ਸਾਹਿਬੁ ਮਨਹੁ ਨ ਵੀਸਰੈ, ਤਾ ਸਹਿਲਾ ਮਰਣਾ ਹੋਇ ॥ ਮਰਣੈ ਤੇ ਜਗਤੁ ਡਰੈ, ਜੀਵਿਆ ਲੋੜੈ ਸਭੁ ਕੋਇ ॥ ਗੁਰ ਪਰਸਾਦੀ ਜੀਵਤੁ ਮਰੈ, ਹੁਕਮੈ ਬੂਝੈ ਸੋਇ ॥ ਨਾਨਕ ਐਸੀ ਮਰਨੀ ਜੋ ਮਰੈ, ਤਾਂ ਸਦ ਜੀਵਣੁ ਹੋਇ ॥੨॥ ਕੀ ਜਾਣੀਏ (ਕਿ ਅਸੀਂ) ਕਿਸ ਤਰ੍ਹਾਂ ਮਰਾਂਗੇ ਅਤੇ ਕਿਹੋ ਜਿਹਾ ਮਰਨਾ ਹੋਵੇਗਾ? (ਪਰ) ਜੇ ਕਰ ਮਾਲਕ ਪ੍ਰਭੂ ਮਨ ਤੋਂ ਨਾ ਭੁੱਲੇ ਤਾਂ ਮਰਨਾ ਸੌਖਾ ਹੋਵੇਗਾ।ਮਰਨ ਤੋਂ ਸਾਰਾ ਜਗਤ ਡਰਦਾ ਹੈ ਅਤੇ ਸਭ ਕੋਈ ਜਿਉਣਾ ਲੋੜਦਾ ਹੈ।(ਪਰ ਜੋ ਮਨੁੱਖ) ਗੁਰੂ ਦੀ ਕਿਰਪਾ ਨਾਲ ਜੀਵਤ ਭਾਵ ਤੋਂ ਮਰਦਾ ਹੈ, ਉਹ (ਮਨੁੱਖ ਪ੍ਰਭੂ ਦੇ) ਹੁਕਮ ਨੂੰ ਸਮਝਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਐਸੀ ਮੌਤੇ (ਜੀਵਤ ਭਾਵ ਤੋਂ) ਮਰਦਾ ਹੈ, ਤਾਂ (ਉਸ ਨੂੰ) ਸਦੀਵੀ ਜੀਵਨ ਪ੍ਰਾਪਤ ਹੋ ਜਾਂਦਾ ਹੈ।੨।

ਪਦਾਰਥ = ਮੁਆ–ਮਰ ਗਿਆ।ਐਸੀ–ਇਹੋ ਜਿਹੀ।ਮਰਨੀ–ਮੌਤੇ।ਬਹੁਰਿ–ਮੁੜ ਕੇ।੧।ਕਿਵ–ਕਿਸ ਤਰ੍ਹਾਂ।ਤਾ–ਤਾਂ।ਸਹਿਲਾ–ਸੌਖਾ; ਸਫਲਾ।ਲੋੜੈ–ਚਾਹੁੰਦਾ ਹੈ।ਸੋਇ–ਉਹ।ਸਦ ਜੀਵਣੁ–ਸਦੀਵੀ ਜੀਵਨ (ਅਮਰ ਪਦਵੀ)।੨।

ਪਉੜੀ ॥ ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ, ਤਾ ਆਪਣਾਂ ਨਾਉ ਹਰਿ ਆਪਿ ਜਪਾਵੈ ॥ ਆਪੇ ਸਤਿਗੁਰੁ ਮੇਲਿ ਸੁਖੁ ਦੇਵੈ, ਆਪਣਾਂ ਸੇਵਕੁ ਆਪਿ ਹਰਿ ਭਾਵੈ ॥ ਆਪਣਿਆ ਸੇਵਕਾ ਕੀ ਆਪਿ ਪੈਜ ਰਖੈ, ਆਪਣਿਆ ਭਗਤਾ ਕੀ ਪੈਰੀ ਪਾਵੈ ॥ ਧਰਮਰਾਇ ਹੈ ਹਰਿ ਕਾ ਕੀਆ, ਹਰਿ ਜਨ ਸੇਵਕ ਨੇੜਿ ਨ ਆਵੈ ॥ ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ, ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥ ਜਦੋਂ ਪ੍ਰਭੂ ਆਪ ਕ੍ਰਿਪਾਲ ਹੁੰਦਾ ਹੈ ਤਾਂ ਮਾਲਕ ਹਰੀ (ਗੁਰੂ ਰੂਪ ਹੋ ਕੇ) ਆਪਣਾ ਨਾਮ (ਜੀਵਾਂ ਤੋਂ) ਆਪੇ ਜਪਾ ਲੈਂਦਾ ਹੈ।(ਉਹ) ਆਪੇ ਸਤਿਗੁਰੂ ਮਿਲਾ ਕੇ (ਅਪਣੇ ਸੇਵਕਾਂ ਨੂੰ) ਸੁਖ ਦੇਂਦਾ ਹੈ, (ਕਿਉਂਕਿ) ਹਰੀ ਨੂੰ ਅਪਣਾ ਸੇਵਕ ਆਪ ਹੀ

ਚੰਗਾ ਲਗਦਾ ਹੈ। ਅਪਣਿਆਂ ਸੇਵਕਾਂ ਦੀ ਹਰੀ ਆਪੇ ਪੈਜ ਰਖਦਾ ਹੈ ਅਤੇ (ਹੰਕਾਰੀਆਂ ਨੂੰ ਵੀ) ਅਪਣੇ ਭਗਤਾਂ ਦੇ ਪੈਰੀਂ ਪਾਉਂਦਾ ਹੈ। (ਜੀਵਾਂ ਦੇ ਕਰਮਾਂ ਦਾ ਲੇਖਾ ਕਰਨ ਵਾਸਤੇ) ਧਰਮਰਾਜ ਹਰੀ ਦਾ ਹੀ ਬਣਾਇਆ ਹੋਇਆ ਹੈ, (ਪਰ ਉਹ) ਹਰੀ ਦੇ ਸੇਵਕ ਜਨਾਂ ਦੇ ਨੇੜੇ ਨਹੀਂ ਆਉਂਦਾ; ਧਰਮਰਾਜ ਹਰੀ ਦਾ ਦਾਸ ਹੈ, (ਉਹ) ਹਰੀ ਦੇ ਸੇਵਕਾਂ ਦੇ ਨੇੜੇ ਨਹੀਂ ਆਉਂਦਾ। ਜੋ (ਮਨੁਖ) ਹਰੀ ਦਾ ਪਿਆਰਾ ਹੈ, ਉਹ ਸਭਨਾਂ ਦਾ ਪਿਆਰਾ ਹੁੰਦਾ ਹੈ (ਸਾਰੇ ਲੋਕ ਉਸ ਨੂੰ ਪਿਆਰ ਕਰਦੇ ਹਨ ਤੇ ਧਰਮਰਾਜ ਵੀ ਉਸ ਨੂੰ ਪਿਆਰ ਕਰਦਾ ਹੈ, ਹਰੀ ਦੇ ਦਾਸਾਂ ਤੋਂ ਬਿਨਾਂ) ਹੋਰ ਕਿੰਨੀ ਦੁਨੀਆਂ ਖਪ ਖਪ ਕੇ ਆਉਂਦੀ ਜਾਂਦੀ (ਜੰਮਦੀ ਮਰਦੀ) ਰਹਿੰਦੀ ਹੈ।੧੭।

ਪਦਾਰਥ = ਜਾ–ਜਦ। ਤਾ–ਤਾਂ। ਭਾਵੈ–ਚੰਗਾ ਲਗਦਾ ਹੈ। ਪੈਜ–ਇੱਜਤ। ਪੈਰੀ–ਪੈਰਾਂ ਵਿਚ। ਕੀਆ–ਪੈਦਾ ਕੀਤਾ ਹੋਇਆ। ਸੋ–ਉਹ। ਕੇਤੀ–ਕਿਤਨੀ (ਬਹੁਤ)। ਝਖਿ ਝਖਿ–ਖਪ ਖਪ (ਸੇਵਕਾਂ ਦੇ ਵਿਰੁੱਧ ਬਕਵਾਸ ਕਰ) ਕੇ। ਆਵੈ ਜਾਵੈ–ਜੰਮਦੀ ਮਰਦੀ ਹੈ।੧੭।

ਸਲੋਕ ਮਃ ੩ ॥ ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ, ਰਾਮੁ ਨ ਪਾਇਆ ਜਾਇ ॥ ਅਗਮੁ ਅਗੋਚਰੁ ਅਤਿ ਵਡਾ, ਅਤੁਲੁ ਨ ਤੁਲਿਆ ਜਾਇ ॥ ਕੀਮਤਿ ਕਿਨੈ ਨ ਪਾਈਆ, ਕਿਤੈ ਨ ਲਇਆ ਜਾਇ ॥ ਗੁਰ ਕੈ ਸਬਦਿ ਭੇਦਿਆ, ਇਨ ਬਿਧਿ ਵਸਿਆ ਮਨਿ ਆਇ ॥ ਨਾਨਕ ਆਪਿ ਅਮੇਉ ਹੈ, ਗੁਰ ਕਿਰਪਾ ਤੇ ਰਹਿਆ ਸਮਾਇ ॥ ਆਪੇ ਮਿਲਿਆ ਮਿਲਿ ਰਹਿਆ, ਆਪੇ ਮਿਲਿਆ ਆਇ ॥੧॥ (ਦਿਖਾਵੇ ਲਈ ਤਾਂ) ਸਾਰਾ ਜਗਤ ਰਾਮ ਰਾਮ ਉਚਾਰਨ ਕਰਦਾ ਫਿਰਦਾ ਹੈ, (ਪਰ ਇਸ ਤਰ੍ਹਾਂ) ਰਾਮ ਨਹੀਂ ਪਾਇਆ ਜਾ ਸਕਦਾ। (ਕਿਉਂਕਿ ਉਹ ਰਾਮ) ਮਨ ਦੀ ਪਹੁੰਚ ਤੋਂ ਪਰੇ ਤੇ ਇੰਦ੍ਰੀਆਂ ਦੀ ਵੀ ਪਹੁੰਚ ਤੋਂ ਪਰੇ ਹੈ, ਅਤਿਅੰਤ ਵੱਡਾ ਹੈ, ਅਤੁੱਲ ਹੈ ਤੇ ਤੋਲਿਆ ਨਹੀਂ ਜਾ ਸਕਦਾ (ਅੰਦਾਜੇ ਤੋਂ ਬਾਹਰ ਹੈ। ਉਸ ਦੀ) ਕੀਮਤ ਕਿਸੇ ਨੇ ਨਹੀਂ ਪਾਈ ਅਤੇ ਕਿਸੇ ਥਾਂ ਤੋਂ (ਮੁੱਲ ਦੇ ਕੇ) ਨਹੀਂ ਲਿਆ ਜਾ ਸਕਦਾ (ਦਿਖਾਵੇ ਦੇ ਅਤੇ ਹਉਮੈ ਅਧੀਨ ਕੀਤੇ ਕਰਮਾਂ ਨਾਲ ਨਹੀਂ ਪ੍ਰਾਪਤ ਕੀਤਾ ਜਾ ਸਕਦਾ। ਫਿਰ ਕਿਵੇਂ ਮਿਲਦਾ ਹੈ? ਜਿਸ ਮਨੁੱਖ ਨੇ ਅਪਣੇ ਮਨ ਨੂੰ) ਗੁਰੂ ਦੇ ਸ਼ਬਦ ਨਾਲ ਵਿੰਨ੍ਹ (ਮਾਰ) ਲਿਆ ਹੈ, (ਉਸ ਦੇ) ਮਨ ਵਿਚ ਇਸ ਤਰੀਕੇ ਨਾਲ (ਉਹ ਰਾਮ) ਆ ਵਸਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਪ੍ਰਭੂ) ਆਪ ਮਿਣਤੀ ਤੋਂ ਰਹਿਤ ਹੈ, (ਪਰ) ਗੁਰੂ ਦੀ ਕ੍ਰਿਪਾ ਨਾਲ (ਜਾਣਿਆ ਜਾਂਦਾ ਹੈ ਕਿ ਉਹ ਸਭ ਜੀਵਾਂ ਦੀ ਆਤਮਾ ਵਿਚ) ਸਮਾ ਰਿਹਾ ਹੈ। (ਜਿਹੜਾ ਮਨੁੱਖ ਅਪਣੇ) ਆਪੇ (ਆਤਮਾ) ਨਾਲ ਮਿਲਿਆ ਹੈ, (ਉਸ ਨੂੰ ਪ੍ਰਭੂ) ਆਪੇ ਆ ਕੇ ਮਿਲਿਆ ਹੈ, (ਫਿਰ) ਮਿਲਿਆ ਹੀ ਰਹਿੰਦਾ ਹੈ (ਵਿਛੜਦਾ ਨਹੀਂ)।੧।

ਮਃ ੩ ॥ ਏ ਮਨ ਇਹੁ ਧਨੁ ਨਾਮੁ ਹੈ, ਜਿਤੁ ਸਦਾ ਸਦਾ ਸੁਖੁ ਹੋਇ ॥ ਤੋਟਾ ਮੂਲਿ ਨ ਆਵਈ, ਲਾਹਾ ਸਦ ਹੀ ਹੋਇ ॥ ਖਾਧੈ ਖਰਚਿਐ ਤੋਟਿ ਨ ਆਵਈ, ਸਦਾ ਸਦਾ ਓਹੁ ਦੇਇ ॥ ਸਹਸਾ ਮੂਲਿ ਨ ਹੋਵਈ, ਹਾਣਤ ਕਦੇ ਨ ਹੋਇ ॥ ਨਾਨਕ ਗੁਰਮੁਖਿ ਪਾਈਐ, ਜਾ ਕਉ ਨਦਰਿ ਕਰੇਇ ॥੨॥ ਹੇ ਮਨ! ਇਹ ਧਨ ਨਾਮ ਹੀ ਹੈ, ਜਿਸ (ਨਾਮ ਧਨ) ਕਰਕੇ ਮਨੁੱਖ ਨੂੰ ਸਦਾ ਸੁਖ ਹੁੰਦਾ ਹੈ। (ਇਸ ਧਨ ਵਿਚ) ਘਾਟਾ ਬਿਲਕੁਲ ਨਹੀਂ ਆਉਂਦਾ, ਸਦਾ ਲਾਭ ਹੀ ਹੁੰਦਾ ਹੈ। (ਇਸ ਧਨ ਨੂੰ) ਖਾਧੇ ਖਰਚਿਆਂ (ਆਪ ਜਪਦਿਆਂ ਤੇ ਦੂਜਿਆਂ ਨੂੰ ਜਪਾਉਂਦਿਆਂ ਕਦੇ) ਤੋਟਾ ਨਹੀਂ ਆਉਂਦਾ, (ਕਿਉਂਕਿ) ਉਹ ਦਾਤਾਰ ਪਭੂ (ਇਹ ਧਨ ਅਪਣੇ ਸੇਵਕਾਂ ਨੂੰ) ਸਦਾ ਹੀ ਸਦਾ ਦੇਈ ਜਾਂਦਾ ਹੈ। (ਇਸ ਧਨ ਦੇ ਚੋਰੀ ਹੋਣਾ ਦਾ) ਬਿਲਕੁਲ ਫਿਕਰ ਨਹੀਂ ਹੁੰਦਾ ਅਤੇ ਨਾ ਹੀ ਕਦੇ ਨੁਕਸਾਨ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਹ ਧਨ) ਗੁਰੂ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, (ਪ੍ਰਾਪਤ ਉਹ ਮਨੁੱਖ ਕਰਦਾ ਹੈ) ਜਿਸ ਉਤੇ (ਪ੍ਰਭੂ ਮੇਹਰ ਦੀ) ਨਜਰ ਕਰਦਾ ਹੈ।੨।

ਪਦਾਰਥ = ਰਾਮੁ–(ਸਾਰੀ ਸ੍ਰਿਸਟੀ ਵਿਚ ਵਿਆਪਕ ਹੋ ਰਿਹਾ) ਵਾਹਿਗੁਰੂ। ਕਰਤਾ ਫਿਰੈ–(ਮੂੰਹੋਂ) ਉਚਾਰਦਾ ਫਿਰਦਾ ਹੈ। ਅਗਮੁ–ਮਨ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਅਤਿ–ਅਤਿਅੰਤ। ਅਤੁਲੁ–ਤੋਲਣ ਤੋਂ ਰਹਿਤ। ਕਿਤੈ–ਕਿਸੇ ਥਾਂ ਤੋਂ। ਭੇਦਿਆ–ਵਿੰਨ੍ਹ (ਮਨ ਮਾਰ) ਲਿਆ। ਇਨ ਬਿਧਿ–ਇਸ ਤਰੀਕੇ ਨਾਲ। ਮਨਿ–ਮਨ ਵਿਚ। ਅਮੇਉ–ਮਿਣਤੀ ਤੋਂ ਰਹਿਤ। ਰਹਿਆ ਸਮਾਇ–ਵਿਆਪਕ ਹੋ ਰਿਹਾ ਹੈ।੧। ਏ ਮਨ–ਹੇ ਮਨ!। ਜਿਤੁ–ਜਿਸ ਕਰਕੇ। ਤੋਟਾ–ਘਾਟਾ। ਮੂਲਿ–ਬਿਲਕੁਲ; ਉਕਾ ਹੀ। ਦੇਇ–ਦੇਂਦਾ ਹੈ। ਸਹਸਾ–ਫਿਕਰ; ਸ਼ੱਕ; ਭਰਮ। ਹਾਣਤ–ਨੁਕਸਾਨ। ਜਾ ਕਉ–ਜਿਸ ਉਤੇ। ਨਦਰਿ–ਮੇਹਰ ਦੀ ਨਜਰ।੨।

ਪਉੜੀ ॥ ਆਪੇ ਸਭ ਘਟ ਅੰਦਰੇ, ਆਪੇ ਹੀ ਬਾਹਰਿ ॥ ਆਪੇ ਗੁਪਤੁ ਵਰਤਦਾ, ਆਪੇ ਹੀ ਜਾਹਰਿ ॥ ਜੁਗ ਛਤੀਹ ਗੁਬਾਰੁ ਕਰਿ, ਵਰਤਿਆ ਸੁੰਨਾਹਰਿ ॥ ਓਥੈ ਵੇਦ ਪੁਰਾਨ ਨ ਸਾਸਤਾ, ਆਪੇ ਹਰਿ ਨਰਹਰਿ ॥ ਬੈਠਾ ਤਾੜੀ ਲਾਇ, ਆਪਿ ਸਭ ਦੂ ਹੀ ਬਾਹਰਿ ॥ ਆਪਣੀ ਮਿਤਿ ਆਪਿ ਜਾਣਦਾ, ਆਪੇ ਹੀ ਗਉਹਰੁ ॥੧੮॥ ਪ੍ਰਭੂ ਆਪੇ ਸਾਰੇ (ਚਾਰੇ ਖਾਣੀਆਂ ਦੇ) ਜੀਵਾਂ ਦੇ ਸਰੀਰਾਂ ਅੰਦਰ ਹੈ ਤੇ ਆਪੇ ਬਾਹਰ (ਵਿਸ਼ਵ ਵਿਚ ਵਿਆਪਕ) ਹੈ। ਉਹ ਆਪੇ (ਨਿਰਗੁਣ ਹੋ ਕੇ) ਗੁਪਤ ਵਰਤਦਾ ਹੈ ਅਤੇ ਆਪੇ (ਸਰਗੁਣ ਰੂਪ ਵਿਚ) ਪ੍ਰਤੱਖ (ਦਿਸ ਰਿਹਾ) ਹੈ। (ਆਪੇ ਪ੍ਰਭੂ) ਛੱਤੀ ਜੁਗ ਘੁੱਪ ਹਨ੍ਹੇਰਾ ਕਰਕੇ ਅਫੁਰ ਰੂਪ ਹੋ ਕੇ ਵਰਤਦਾ ਰਿਹਾ ਹੈ (ਪੁਰਾਣਾ ਖਿਆਲ ਹੈ

ਕਿ ਪਰਲੋਂ ਤੋਂ ਬਾਦ ਨਵੀਂ ਰਚਨਾ ਤੋਂ ਪਹਿਲਾਂ ੩੬ ਜੁਗ ਸੁੰਨ ਦਸ਼ਾ ਰਹਿੰਦੀ ਹੈ)। ਉਥੇ (ਸੁੰਨ ਅਵਸਥਾ ਵਿਚ) ਵੇਦ, ਪੁਰਾਣ ਤੇ ਸ਼ਾਸ਼ਤ੍ਰ (ਆਦਿ ਗ੍ਰੰਥ) ਨਹੀਂ ਸਨ, (ਉਸ ਦਸ਼ਾ ਵਿਚ ਕੇਵਲ) ਆਪੇ ਜੀਵਾਂ ਦਾ ਮਾਲਕ ਹਰੀ ਹੁੰਦਾ ਹੈ; ਨਰਸਿੰਘ ਰੂਪ ਧਾਰਨ ਵਾਲਾ ਹਰੀ ਹੁੰਦਾ ਹੈ। (ਉਦੋਂ) ਆਪ ਸਭ ਤੋਂ ਬਾਹਰ (ਵੱਖਰਾ) ਹੋ ਕੇ ਸਮਾਧੀ ਲਾਕੇ ਬੈਠਾ ਹੁੰਦਾ ਹੈ। (ਉਹ) ਆਪਣਾ ਮਾਪ ਆਪ ਹੀ ਜਾਣਦਾ ਹੈ (ਕਿਤਨਾ ਵੱਡਾ ਹੈ) ਅਤੇ ਆਪੇ ਹੀ ਗਹਿਰਾ ਸਮੁੰਦਰ ਰੂਪ ਹੈ।੧੮।

ਪਦਾਰਥ = ਸਭ ਘਟ-ਸਾਰੇ ਜੀਵਾਂ ਦੇ ਸਰੀਰ। ਜਾਹਰਿ-ਪ੍ਰਤੱਖ। ਗੁਬਾਰੁ ਕਰਿ-ਘੁੱਪ ਹਨ੍ਹੇਰਾ (ਧੁੰਧੂਕਾਰ) ਕਰਕੇ। ਸੁੰਨਾਹਰਿ-ਅਫੁਰ ਅਵਸਥਾ ਵਿਚ। ਓਥੈ-ਉਸ ਅਵਸਥਾ ਵਿਚ। ਪੁਰਾਨ-ਹਿੰਦੂਆਂ ਦੇ ੧੮ ਪੁਰਾਣ (ਜਿਨ੍ਹਾਂ ਵਿਚ ਪ੍ਰਾਚੀਨ ਪ੍ਰਸੰਗ ਤੇ ਇਤਹਾਸ ਹੈ)। ਸਾਸਤਾ-ਹਿੰਦੂ ਧਰਮ ਦੇ ੬ ਸ਼ਾਸਤ੍ਰ। ਨਰਹਰਿ-ਮਨੁੱਖਾਂ (ਜੀਵਾਂ) ਦਾ ਮਾਲਕ; ਸਰਬ ਸ਼ਕਤੀਮਾਨ। ਤਾੜੀ-ਸਮਾਧੀ। ਸਭ ਦੂ-ਸਭ ਤੋਂ। ਬਾਹਰਿ-ਵੱਖਰਾ। ਮਿਤਿ-(ਅਪਣੇ ਆਪ ਦਾ) ਮਾਪ; ਹੱਦ ਬੰਨਾ। ਗਉਹਰੁ-ਗਹਿਰਾ (ਡੂੰਘਾ) ਸਮੁੰਦਰ; ਅਥਾਹ।੧੮।

ਸਲੋਕ ਮਃ ੩ ॥ ਹਉਮੈ ਵਿਚਿ ਜਗਤੁ ਮੁਆ, ਮਰਦੋ ਮਰਦਾ ਜਾਇ ॥ ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ, ਕਿ ਕਰੇਗੁ ਅਗੈ ਜਾਇ ॥ (ਹੇ ਭਾਈ!) ਜਗਤ ਹਉਮੈ ਵਿਚ ਮਰਿਆ ਪਿਆ ਹੈ ਅਤੇ ਮਰਦਾ ਹੀ ਮਰਦਾ ਜਾਂਦਾ ਹੈ (ਮੌਤ ਦਾ ਮਾਰਿਆ ਮਰਦਾ ਜਾ ਰਿਹਾ ਹੈ ਭਾਵ ਲਗਾਤਾਰ ਜੰਮਦਾ ਮਰਦਾ ਰਹਿੰਦਾ) ਹੈ। ਜਿੰਨਾ ਚਿਰ ਸਰੀਰ ਵਿਚ ਸਾਹ ਹੈ, ਉਤਨਾ ਚਿਰ (ਇਹ ਪ੍ਰਭੂ ਨੂੰ) ਚੇਤੇ ਨਹੀਂ ਕਰਦਾ, (ਮਰਨ ਤੋਂ ਬਾਦ) ਅੱਗੇ ਪ੍ਰਲੋਕ ਵਿਚ ਜਾ ਕੇ ਕੀ ਕਰੇਗਾ? (ਉਦੋਂ ਕੁਛ ਨਹੀਂ ਕੀਤਾ ਜਾ ਸਕੇਗਾ)

ਅੰਗ ੫੫੬ = ਗਿਆਨੀ ਹੋਇ ਸੁ ਚੇਤੰਨੁ ਹੋਇ, ਅਗਿਆਨੀ ਅੰਧੁ ਕਮਾਇ ॥ ਨਾਨਕ ਏਥੈ ਕਮਾਵੈ ਸੋ ਮਿਲੈ, ਅਗੈ ਪਾਇ ਜਾਇ ॥੧॥ (ਜੋ ਮਨੁੱਖ) ਗਿਆਨਵਾਨ ਹੁੰਦਾ ਹੈ, ਉਹ (ਇਸ ਗੱਲ ਤੋਂ) ਸੁਚੇਤ ਹੁੰਦਾ ਹੈ ਤੇ ਅਗਿਆਨੀ ਅਗਿਆਨਤਾ ਵਾਲਾ ਕੰਮ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਥੇ (ਸੰਸਾਰ ਵਿਚ ਮਨੁੱਖ ਜੋ ਕੰਮ) ਕਰਦਾ ਹੈ, ਉਹੋ (ਇਸ ਲੋਕ ਵਿਚ) ਮਿਲਦਾ ਹੈ ਅਤੇ ਅੱਗੇ ਪ੍ਰਲੋਕ ਵਿਚ ਜਾ ਕੇ ਵੀ (ਉਸ ਦਾ ਫਲ) ਪ੍ਰਾਪਤ ਹੁੰਦਾ ਹੈ।੧।

ਮਃ ੩ ॥ ਧੁਰਿ ਖਸਮੈ ਕਾ ਹੁਕਮੁ ਪਇਆ, ਵਿਣੁ ਸਤਿਗੁਰ ਚੇਤਿਆ ਨ ਜਾਇ ॥ ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ, ਸਦਾ ਰਹਿਆ ਲਿਵ ਲਾਇ ॥ ਦਮਿ ਦਮਿ ਸਦਾ ਸਮਾਲਦਾ, ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ, ਜੀਵਨ ਪਦਵੀ ਪਾਇ ॥ ਨਾਨਕ ਇਹੁ ਮਰਤਬਾ ਤਿਸ ਨੋ ਦੇਇ, ਜਿਸ ਨੋ ਕਿਰਪਾ ਕਰੇ ਰਜਾਇ ॥੨॥ ਮੁੱਢ (ਜਦ ਤੋਂ ਸੰਸਾਰ ਬਣਿਆ ਹੈ, ਉਦੋਂ) ਤੋਂ (ਪ੍ਰਭੂ ਦਾ) ਹੁਕਮ ਪਿਆ ਹੋਇਆ ਹੈ ਕਿ ਸਤਿਗੁਰੂ ਤੋਂ ਬਿਨਾ (ਪ੍ਰਭੂ ਨੂੰ) ਚੇਤੇ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਦੇ ਮਿਲਿਆਂ (ਜੋ ਮਨੁੱਖ ਜਾਣ ਲੈਂਦਾ ਹੈ ਕਿ ਪ੍ਰਭੂ ਹਰੇਕ ਜੀਵ ਦੇ ਹਿਰਦੇ) ਅੰਦਰ ਵਸ ਰਿਹਾ ਹੈ, (ਉਹ ਪ੍ਰਭੂ ਨਾਲ) ਸਦਾ ਲਿਵ ਲਾਈ ਰਖਦਾ ਹੈ। (ਉਹ ਪ੍ਰਭੂ ਨੂੰ) ਸੁਆਸ ਸੁਆਸ ਸਦਾ ਯਾਦ ਕਰਦਾ ਹੈ, (ਉਸ ਦਾ ਕੋਈ) ਸੁਆਸ ਬਿਰਥਾ ਨਹੀਂ ਜਾਂਦਾ। (ਐਸੇ ਮਨੁੱਖ ਦਾ) ਜਨਮ ਮਰਨ ਦਾ ਡਰ ਦੂਰ ਹੋ ਗਿਆ ਹੈ ਅਤੇ (ਜਿਸ ਕਰਕੇ ਉਹ) ਜੀਵਨ ਪਦਵੀ ਪਾ ਲੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਹ ਉਚੀ ਪਦਵੀ ਦਾ ਦਰਜਾ (ਪ੍ਰਭੂ) ਉਸ ਪੁਰਖ ਨੂੰ ਦੇਂਦਾ ਹੈ, ਜਿਸ ਉਤੇ ਰਜਾ ਦਾ ਮਾਲਕ ਪ੍ਰਭੂ ਕ੍ਰਿਪਾ ਕਰਦਾ ਹੈ।੨।

ਪਦਾਰਥ =ਜਿਚਰੁ-ਜਿੰਨਾ ਚਿਰ। ਦੰਮੁ-ਸਾਹ। ਤਿਚਰੁ-ਉਤਨਾ ਚਿਰ। ਨ ਚੇਤਈ-ਯਾਦ ਨਹੀਂ ਕਰਦਾ। ਕਿ-ਕੀ। ਕਰੇਗੁ-ਕਰੇਗਾ। ਅਗੈ-ਅੱਗੇ ਪ੍ਰਲੋਕ ਵਿਚ। ਸੁ-ਉਹ। ਚੇਤੰਨੁ-ਸੁਚੇਤ। ਅੰਧੁ ਕਮਾਇ-ਅਗਿਆਨਤਾ ਵਾਲੇ ਕੰਮ ਕਰਦਾ ਹੈ। ਏਥੈ-ਇਥੇ (ਸੰਸਾਰ ਵਿਚ)।੧। ਧੁਰਿ-ਧੁਰ (ਪ੍ਰਭੂ ਦੀ ਹਜੂਰੀ) ਤੋਂ। ਖਸਮੈ ਕਾ-ਪ੍ਰਭੂ ਦਾ। ਵਿਣੁ-ਬਿਨਾ। ਅੰਤਰਿ-ਹਿਰਦੇ ਅੰਦਰ। ਰਵਿ ਰਹਿਆ-ਵਸ ਰਿਹਾ ਹੈ। ਰਹਿਆ ਲਿਵ ਲਾਇ-ਸੁਰਤ ਜੋੜੀ ਰਖਦਾ ਹੈ। ਦਮਿ ਦਮਿ-ਸੁਆਸ ਸੁਆਸ। ਸਮਾਲਦਾ-ਯਾਦ ਕਰਦਾ ਹੈ। ਭਉ-ਡਰ। ਜੀਵਨ ਪਦਵੀ-ਮੁਕਤ ਪਦ। ਮਰਤਬਾ-ਉਚੀ ਪਦਵੀ ਦਾ ਦਰਜਾ। ਜਿਸ ਨੋ-ਜਿਸ ਉਤੇ। ਰਜਾਇ-ਰਜਾ ਦਾ ਮਾਲਕ ਪ੍ਰਭੂ।੨।

ਪਉੜੀ ॥ ਆਪੇ ਦਾਨਾਂ ਬੀਨਿਆ, ਆਪੇ ਪਰਧਾਨਾਂ ॥ ਆਪੇ ਰੂਪ ਦਿਖਾਲਦਾ, ਆਪੇ ਲਾਇ ਧਿਆਨਾਂ ॥ ਆਪੇ ਮੋਨੀ ਵਰਤਦਾ, ਆਪੇ ਕਥੈ ਗਿਆਨਾਂ ॥ ਕਉੜਾ ਕਿਸੈ ਨ ਲਗਈ, ਸਭਨਾ ਹੀ ਭਾਨਾ ॥ ਉਸਤਤਿ ਬਰਨਿ ਨ ਸਕੀਐ, ਸਦ ਸਦ ਕੁਰਬਾਨਾ ॥੧੯॥ ਪ੍ਰਭੂ ਆਪੇ (ਸਭ ਦੇ ਦਿਲਾਂ ਦੀਆਂ ਗੱਲਾਂ) ਜਾਨਣ ਵਾਲਾ ਹੈ, ਆਪੇ (ਸਭ ਕੁਝ) ਦੇਖਣ ਵਾਲਾ ਹੈ ਅਤੇ ਆਪੇ (ਸਭ ਦਾ) ਮੁਖੀ ਹੈ। ਆਪੇ (ਸਤਿਗੁਰੂ ਹੋ ਕੇ ਅਪਣਾ) ਰੂਪ ਦਿਖਾਉਂਦਾ ਹੈ ਅਤੇ ਆਪੇ (ਉਸ ਰੂਪ ਦਾ) ਧਿਆਨ ਲਾਉਂਦਾ ਹੈ। ਆਪੇ ਮੋਨੀ ਹੋ ਕੇ ਵਰਤਦਾ ਹੈ ਅਤੇ ਆਪੇ (ਸਤਿਗੁਰੂ ਰੂਪ ਹੋ ਕੇ) ਗਿਆਨ ਕਥਨ ਕਰਦਾ ਹੈ। (ਪ੍ਰਭੂ) ਕਿਸੇ ਨੂੰ ਕੌੜਾ ਨਹੀਂ ਲਗਦਾ ਸਾਰਿਆਂ ਨੂੰ ਚੰਗਾ ਲਗਦਾ ਹੈ। ਪ੍ਰਭੂ ਦੀ ਉਸਤਤੀ ਵਰਨਣ ਨਹੀਂ ਕੀਤੀ ਜਾ ਸਕਦੀ, (ਇਸ ਲਈ ਮੈਂ ਉਸ ਤੋਂ) ਸਦਾ ਸਦਾ ਕੁਰਬਾਨ ਜਾਂਦਾ ਹਾਂ।੧੯।

ਪਦਾਰਥ = ਦਾਨਾਂ-ਜਾਨਣ ਵਾਲਾ; ਸਿਆਣਾ। ਬੀਨਿਆ-ਦੇਖਣ ਵਾਲਾ। ਪਰਧਾਨਾਂ-ਮੁਖੀ। ਮੋਨੀ-ਚੁੱਪ ਧਾਰਨ ਵਾਲਾ। ਕਥੈ-ਕਥਨ

ਕਰਦਾ ਹੈ। ਕਿਸੈ–ਕਿਸੇ ਨੂੰ। ਸਭਨਾ–ਸਾਰਿਆਂ ਨੂੰ। ਭਾਨਾ–ਚੰਗਾ ਲਗਦਾ ਹੈ। ਬਰਨਿ–ਵਰਨਣ। ਸਦਾ ਸਦਾ–ਸਦਾ ਸਦਾ।੧੯।
ਸਲੋਕ ਮਃ ੧ ॥ ਕਲੀ ਅੰਦਰਿ ਨਾਨਕਾ, ਜਿੰਨਾਂ ਦਾ ਅਉਤਾਰੁ ॥ ਪੁਤੁ ਜਿਨੂਰਾ ਧੀਅ ਜਿਨੂਰੀ, ਜੋਰੂ ਜਿੰਨਾ ਦਾ ਸਿਕਦਾਰੁ ॥੧॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਕਲਜੁਗ ਦੇ ਅੰਦਰ (ਨਾਮ ਹੀਣ ਮਨੁੱਖ ਮਾਨੋ) ਭੂਤਾਂ ਦਾ ਅਵਤਾਰ ਹਨ। (ਅਜੇਹੇ ਮਨੁੱਖ ਦਾ) ਪੁੱਤ੍ਰ ਛੋਟਾ ਭੂਤ ਹੈ ਤੇ ਧੀ ਛੋਟੀ ਭੂਤਨੀ ਹੈ ਤੇ ਇਸਤ੍ਰੀ ਭੂਤਾਂ ਦਾ ਸਰਦਾਰ ਹੈ (ਇਸਤ੍ਰੀ ਦੇ ਹੁਕਮ ਵਿਚ ਰਹਿੰਦੇ ਹਨ)।੧।
ਮਃ ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥ ਹਿੰਦੂ ਲੋਕ ਮੂਲੋਂ ਹੀ (ਵਾਹਿਗੁਰੂ ਤੋਂ) ਭੁੱਲੇ ਹੋਏ ਹਨ ਤੇ ਕੁਰਾਹੇ ਜਾ ਰਹੇ ਹਨ। (ਕਿਉਂਕਿ) ਨਾਰਦ ਨੇ (ਜੋ ਠਾਕਰ ਪੂਜਣਾ) ਕਿਹਾ ਹੈ, ਉਹ ਹੀ ਪੂਜਾ ਕਰਦੇ ਹਨ। (ਉਹ ਪੱਥਰ ਦੇ ਠਾਕਰ) ਅੰਨ੍ਹੇ ਤੇ ਗੂੰਗੇ ਹਨ (ਨਾ ਦੇਖ ਸਕਦੇ ਹਨ ਤੇ ਨਾ ਸੁਣ ਸਕਦੇ ਹਨ, ਪੱਥਰਾਂ ਨੂੰ ਪੂਜਨ ਵਾਲੇ ਲੋਕਾਂ ਨੂੰ ਵੀ) ਘੁੱਪ ਹਨ੍ਹੇਰਾ ਬਣਿਆ ਰਹਿੰਦਾ ਹੈ। (ਇਹ) ਮੂਰਖ ਤੇ ਅਗਿਆਨੀ ਲੋਕ ਪੱਥਰ ਲੈ ਕੇ ਪੂਜਦੇ ਹਨ। ਉਹ ਪੱਥਰ ਜਦ ਆਪ ਪਾਣੀ ਵਿਚ ਡੁਬ ਜਾਂਦੇ ਹਨ, (ਉਨ੍ਹਾਂ ਦੇ ਆਸਰੇ ਰਹਿ ਕੇ) ਤੁਸੀਂ ਕਿਵੇਂ ਤਰਨ ਵਾਲੇ ਬਣ ਸਕਦੇ ਹੋ? (ਪੱਥਰ ਪੂਜ ਕੇ ਭਵਜਲ ਨੂੰ ਨਹੀਂ ਤਰਿਆ ਜਾ ਸਕਦਾ)।੨।
ਪਦਾਰਥ = ਕਲੀ ਅੰਦਰਿ–ਕਲਜੁਗ ਦੇ ਅੰਦਰ। ਜਿੰਨਾਂ ਦਾ–ਭੂਤਾਂ ਦਾ। ਅਉਤਾਰੁ–ਜਨਮ। ਜਿਨੂਰਾ–ਛੋਟਾ ਭੂਤ। ਜਿਨੂਰੀ–ਛੋਟੀ ਭੂਤਨੀ। ਜੋਰੂ–ਇਸਤ੍ਰੀ; ਵਹੁਟੀ। ਸਿਕਦਾਰੁ–ਸਰਦਾਰ; ਹਾਕਮ।੧। ਮੂਲੇ–ਬਿਲਕੁਲ ਹੀ; ਮੁੱਢ (ਬਚਪਨ) ਤੋ ਹੀ; ਮੂਲ ਰੂਪ ਪ੍ਰਭੂ ਤੋਂ। ਭੂਲੇ–ਭੁੱਲੇ ਹੋਏ। ਅਖੁਟੀ ਜਾਂਹੀ–ਕੁਰਾਹੇ ਜਾਂਦੇ ਹਨ; ਮੁੱਕਦੇ (ਮੁਸਲਮਾਨ ਬਣਦੇ) ਜਾਂਦੇ ਹਨ; ਬਿਅਰਥ। ਨਾਰਦਿ–ਨਾਰਦ ਮੁਨੀ ਨੇ (ਇਸ ਦੇ ਲਿਖੇ ਪੰਚ ਰਾਤ੍ਰ ਵਿਚ ਮੂਰਤੀ ਪੂਜਾ ਸਿਖਾਈ ਹੈ)। ਸਿ–ਉਹ। ਕਰਾਂਹੀ–ਕਰਦੇ ਹਨ। ਅੰਧੇ–ਅੰਨ੍ਹੇ। ਅੰਧ ਅਧਾਰੁ–ਘੁੱਪ ਹਨ੍ਹੇਰਾ। ਮੁਗਧ–ਮੂਰਖ। ਗਵਾਰ–ਉਜੱਡ (ਮਹਾਂ ਮੂਰਖ; ਬੁੱਧੀ ਹੀਣ)। ਜਾ–ਜਦ। ਕਹਾ–ਕਿਵੇਂ। ਤਰਨਹਾਰੁ–ਤਰਨ ਵਾਲੇ।੨।
ਪਉੜੀ ॥ ਸਭੁ ਕਿਹੁ ਤੇਰੈ ਵਸਿ ਹੈ, ਤੂ ਸਚਾ ਸਾਹੁ ॥ ਭਗਤ ਰਤੇ ਰੰਗਿ ਏਕ ਕੈ, ਪੂਰਾ ਵੇਸਾਹੁ ॥ ਅੰਮ੍ਰਿਤੁ ਭੋਜਨੁ ਨਾਮੁ ਹਰਿ, ਰਜਿ ਰਜਿ ਜਨ ਖਾਹੁ ॥ ਸਭਿ ਪਦਾਰਥ ਪਾਈਅਨਿ, ਸਿਮਰਣੁ ਸਚੁ ਲਾਹੁ ॥ ਸੰਤ ਪਿਆਰੇ ਪਾਰਬ੍ਰਹਮ, ਨਾਨਕ ਹਰਿ ਅਗਮ ਅਥਾਹੁ ॥੨੦॥ (ਹੇ ਪ੍ਰਭੂ!) ਸਭ ਕੁਝ ਤੇਰੇ ਵਸ ਵਿਚ ਹੈ, ਤੂੰ (ਸਭ ਉਪਰ) ਸੱਚਾ ਪਾਤਸ਼ਾਹ ਹੈਂ। ਭਗਤ ਜਨ ਇਕ ਪ੍ਰਭੂ ਦੇ (ਨਾਮ) ਰੰਗ ਵਿਚ ਰੰਗੇ ਹੋਏ ਹਨ ਅਤੇ (ਉਨ੍ਹਾਂ ਨੂੰ ਪ੍ਰਭੂ ਤੇ) ਪੂਰਾ ਭਰੋਸਾ ਹੁੰਦਾ ਹੈ। ਹਰੀ ਦੇ ਅੰਮ੍ਰਿਤ ਮਈ ਨਾਮ ਭੋਜਨ ਨੂੰ ਭਗਤ ਰੱਜ ਰੱਜ ਕੇ ਖਾਂਦੇ ਹਨ। (ਉਹ) ਸਿਮਰਨ ਰੂਪ ਸੱਚਾ ਲਾਭ ਖੱਟਦੇ ਹਨ, (ਜਿਸ ਕਰਕੇ ਉਹ) ਸਾਰੇ ਪਦਾਰਥ ਪ੍ਰਾਪਤ ਲੈਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤ ਪਾਰਬ੍ਰਹਮ ਦੇ ਪਿਆਰੇ ਹੁੰਦੇ ਹਨ, ਜੋ ਹਰੀ ਮਨ ਦੀ ਪਹੁੰਚ ਤੋਂ ਪਰੇ ਤੇ ਬਹੁਤ ਡੂੰਘਾ ਹੈ।੨੦।
ਪਦਾਰਥ = ਸਭੁ ਕਿਹੁ–ਸਭ ਕੁਛ। ਰੰਗਿ ਰਤੇ–(ਨਾਮ) ਰੰਗਿ ਵਿਚ ਰੰਗੇ ਹਨ। ਏਕ ਕੈ–ਇਕ ਪ੍ਰਭੂ ਦੇ। ਵੇਸਾਹੁ–ਭਰੋਸਾ। ਰਜਿ ਰਜਿ–ਰੱਜ ਰੱਜ ਕੇ। ਲਾਹੁ–ਲਾਭ। ਅਗਮ–ਮਨ ਦੀ ਪਹੁੰਚ ਤੋਂ ਪਰੇ। ਅਥਾਹੁ–ਬਹੁਤ ਡੂੰਘਾ (ਬੇਅੰਤ)।੨੦।
ਸਲੋਕ ਮਃ ੩ ॥ ਸਭੁ ਕਿਛੁ ਹੁਕਮੇ ਆਵਦਾ, ਸਭੁ ਕਿਛੁ ਹੁਕਮੇ ਜਾਇ ॥ ਜੇ ਕੋ ਮੂਰਖੁ ਆਪਹੁ ਜਾਣੈ, ਅੰਧਾ ਅੰਧੁ ਕਮਾਇ ॥ ਨਾਨਕ ਹੁਕਮੁ ਕੋ ਗੁਰਮੁਖਿ ਬੁਝੈ, ਜਿਸ ਨੋ ਕਿਰਪਾ ਕਰੇ ਰਜਾਇ ॥੧॥ (ਹੇ ਭਾਈ! ਸੰਸਾਰ ਵਿਚ) ਸਭ ਕੁਛ ਰੱਬ ਦੇ ਹੁਕਮ ਵਿਚ ਆਉਂਦਾ ਹੈ ਅਤੇ ਸਭ ਕੁਛ (ਉਸ ਦੇ) ਹੁਕਮ ਵਿਚ ਚਲੇ ਜਾਂਦਾ ਹੈ। ਜੇ ਕੋਈ ਮੂਰਖ ਮਨੁੱਖ ਜਾਣਦਾ ਹੈ (ਕਿ ਇਹ ਸਭ ਮੇਰੇ ਅਪਣੇ) ਆਪ ਤੋਂ ਹੋਇਆ ਹੈ, ਤਾਂ (ਉਹ) ਅਗਿਆਨੀ ਹੈ ਤੇ (ਇਹ ਕਹਿ ਕੇ) ਅਗਿਆਨਤਾ ਵਾਲੇ ਕੰਮ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਰੱਬ ਦਾ ਹੁਕਮ ਕੋਈ ਗੁਰਮੁਖ ਹੀ ਸਮਝਦਾ ਹੈ, ਜਿਸ ਉਤੇ ਰਜ਼ਾ ਦਾ ਮਾਲਕ ਕ੍ਰਿਪਾ ਕਰਦਾ ਹੈ।੧।
ਮਃ ੩ ॥ ਸੋ ਜੋਗੀ ਜੁਗਤਿ ਸੋ ਪਾਏ, ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥ ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ, ਭੇਖੀ ਜੋਗੁ ਨ ਹੋਇ ॥ ਨਾਨਕ ਐਸਾ ਵਿਰਲਾ ਕੋ ਜੋਗੀ, ਜਿਸੁ ਘਟਿ ਪਰਗਟੁ ਹੋਇ ॥੨॥ ਜਿਸ ਮਨੁੱਖ ਨੂੰ ਗੁਰੂ ਦੁਆਰਾ ਨਾਮ ਪ੍ਰਾਪਤ ਹੋਇਆ ਹੈ, ਉਹ ਅਸਲੀ ਜੋਗੀ ਹੈ ਅਤੇ ਉਹ (ਸਹੀ ਜੀਵਨ ਜਿਉਣ ਦਾ) ਤਰੀਕਾ ਪ੍ਰਾਪਤ ਕਰਦਾ ਹੈ। ਉਸ ਜੋਗੀ ਦੀ (ਦੇਹ ਰੂਪ) ਨਗਰੀ ਵਿਚ ਸਭ ਕੋਈ (ਸਾਰੇ ਦੈਵੀ ਗੁਣ) ਆ ਵਸਦੇ ਹਨ, (ਪਰ ਦਿਖਾਵੇ ਦੇ ਜੋਗੀਆਂ ਵਾਲੇ) ਭੇਖ ਨਾਲ ਜੋਗ ਪ੍ਰਾਪਤ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਅਜੇਹਾ ਕੋਈ ਵਿਰਲਾ ਜੋਗੀ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਪ੍ਰਗਟ ਹੁੰਦਾ ਹੈ।੨।
ਪਦਾਰਥ = ਹੁਕਮੇ–(ਰੱਬ ਦੇ) ਹੁਕਮ ਵਿਚ। ਆਵਦਾ–ਆਉਂਦਾ ਹੈ। ਕੋ–ਕੋਈ। ਆਪਹੁ–ਅਪਣੇ ਆਪ ਤੋਂ। ਅੰਧਾ–ਅਗਿਆਨੀ। ਅੰਧੁ ਕਮਾਇ–ਅਗਿਆਨਤਾ ਵਾਲੇ ਕੰਮ ਕਰਦਾ ਹੈ। ਰਜਾਇ–ਰਜ਼ਾ ਦਾ ਮਾਲਕ ਪ੍ਰਭੂ; ਹੁਕਮ ਨਾਲ।੧। ਸੋ–ਉਹ। ਜੁਗਤਿ–ਜੀਵਨ ਜਿਉਣ ਦਾ ਤਰੀਕਾ। ਨਗਰੀ–ਦੇਹ ਰੂਪ ਨਗਰ। ਸਭੁ ਕੋ–ਸਭ ਕੋਈ (ਦੈਵੀ ਗੁਣ)। ਘਟਿ–ਹਿਰਦੇ ਵਿਚ।੨।

ਪਉੜੀ ॥ ਆਪੇ ਜੰਤ ਉਪਾਇਅਨੁ ਆਪੇ ਆਧਾਰੁ ॥ ਆਪੇ ਸੂਖਮੁ ਭਾਲੀਐ ਆਪੇ ਪਾਸਾਰੁ ॥ ਆਪਿ ਇਕਾਤੀ ਹੋਇ ਰਹੈ, ਆਪੇ ਵਡ ਪਰਵਾਰੁ ॥ ਨਾਨਕੁ ਮੰਗੈ ਦਾਨੁ ਹਰਿ, ਸੰਤਾ ਰੇਨਾਰੁ ॥ ਹੋਰੁ ਦਾਤਾਰੁ ਨ ਸੁਝਈ, ਤੂ ਦੇਵਣਹਾਰੁ ॥੨੧॥੧॥ਸੁਧੁ॥ ਉਸ ਪ੍ਰਭੂ ਨੇ ਆਪੇ ਜੀਵ ਜੰਤ ਪੈਦਾ ਕੀਤੇ ਹਨ ਅਤੇ ਆਪੇ (ਉਨ੍ਹਾਂ ਨੂੰ ਅੰਨ ਪਾਣੀ ਦਾ) ਆਸਰਾ ਦੇਂਦਾ ਹੈ।ਆਪੇ ਸੂਖਮ ਰੂਪ ਵਿਚ ਖੋਜਿਆ ਜਾਂਦਾ ਹੈ ਅਤੇ ਆਪੇ ਵਿਰਾਟ ਰੂਪ ਪਸਾਰੇ ਵਾਲੇ ਦੇਖੀਦਾ ਹੈ।ਆਪ ਹੀ ਇਕਾਂਤ ਵਾਲਾ ਹੋ ਕੇ ਰਹਿੰਦਾ ਹੈ ਅਤੇ ਆਪੇ (ਗ੍ਰਿਹਸਤੀ ਰੂਪ ਹੋ ਕੇ) ਵੱਡੇ ਪ੍ਰਵਾਰ ਵਾਲਾ ਹੈ।ਹੇ ਹਰੀ! ਨਾਨਕ (ਤੈਥੋਂ) ਸੰਤਾਂ ਦੇ ਚਰਨਾਂ ਦੀ ਧੂੜ ਦਾਨ ਵੱਜੋਂ ਮੰਗਦਾ ਹੈ।(ਮੈਨੂੰ ਤੇਰੇ ਵਰਗਾ) ਦਾਤਾਰ ਹੋਰ ਕੋਈ ਨਹੀਂ ਦਿਸਦਾ, ਤੂੰ (ਸਭ ਦਾਤਾਂ) ਦੇਣ ਵਾਲਾ ਹੈਂ।੨੧।੧।ਸੁਧੁ।

ਪਦਾਰਥ = ਜੰਤ–ਜੀਵ।ਉਪਾਇਅਨੁ–ਪੈਦਾ ਕੀਤੇ ਉਸ ਨੇ।ਆਧਾਰੁ–ਆਸਰਾ।ਸੂਖਮੁ–ਅਦ੍ਰਿਸਟ ਰੂਪ।ਭਾਲੀਐ।ਖੋਜਿਆ ਜਾਂਦਾ ਹੈ; ਦੇਖੀਦਾ ਹੈ।ਪਾਸਾਰੁ–ਸ੍ਰਿਸਟੀ ਦੇ ਪਾਸਾਰੇ ਵਾਲਾ।ਇਕਾਤੀ–ਇਕਾਂਤ ਵਾਲਾ (ਇਕੱਲਾ)।ਪਰਵਾਰੁ–ਪ੍ਰਵਾਰ ਵਾਲਾ।ਰੇਨਾਰੁ–ਚਰਨ ਧੂੜ।ਨ ਸੁਝਈ–ਨਹੀਂ ਦਿਸਦਾ।ਦੇਵਣਹਾਰੁ–ਦੇਣ ਵਾਲਾ।੨੧।੧।ਸੁਧੁ–ਅਸਲ ਲਿਖਤ ਨਾਲ ਮੇਲ ਕੇ ਸੋਧੀ ਹੋਈ ਹੈ।

ਰਾਗੁ ਬਿਹਾਗੜਾ ਸਮਾਪਤ

ਅਰਦਾਸ = ਹੇ ਸਤਿਗੁਰੂ ਪਾਤਸ਼ਾਹ! ਅਰਥ ਲਿਖਦਿਆਂ ਹੋਈਆਂ ਭੁੱਲਾਂ ਦੀ ਮੁਆਫੀ ਬਖਸ਼ਣੀ ਜੀ, ਅੱਗੇ ਤੋਂ ਆਪ ਸ੍ਰੇਸਟ ਬੁੱਧੀ ਬਖਸ ਕੇ ਅਰਥ ਲਿਖਵਾਉਣੇ ਜੀ।